ਜੁਲਾਈ 2021

ਸਚ ਗਿਆਨ ਪ੍ਰਗਾਸੁ ਅਗਿਆਨ ਮਿਟੰਤੁ
GIAN
ਗੁਰਮਤਿ ਗਿਆਨ

# ਗੁਰਮਤਿ ਵਿਰਸਾ

# GURMAT VIRSA गुरमति विरसा

Year-2, Issue-12, July 2021, Ludhiana gurmatvirsa@gmail.com Multilingual Price 25/-



# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਅੱਪਰਾ ਵਿਖੇ ਚਾਰ ਪਰਿਵਾਰਾਂ ਵਲੋਂ ਸਹਿਜ ਪਾਠ ਦੇ ਭੋਗ ਪਾਉਣ ਉਪਰੰਤ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ।



ਕੇਂਦਰ ਚੱਕ ਕਲਾਂ ਦੇ ਬੱਚੇ ਗੁਰਬਾਣੀ ਕੀਰਤਨ ਕਰਦੇ ਹੋਏ ।



ਕੇਂਦਰ ਚੱਕ ਫੁੱਲੂ ਦੇ ਪਿੰਡ ਪਨਾਮ ਵਿਖੇ ਬੱਚਿਆਂ ਦਾ ਗੁਰਮਤਿ ਕੈਂਪ ਲਗਾਇਆ ਗਿਆ।



ਕੇਂਦਰ ਚੱਕ ਸਿੰਘਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਬਾਣੀ ਕੀਰਤਨ ਕਲਾਸ।



ਕੇਂਦਰ ਘਨੌਲੀ ਦੇ ਵੱਖ ਵੱਖ ਪਿੰਡ ਵਿਚ ਸਹਿਜ ਪਾਠ ਕਰ ਰਹੀਆਂ ਬੀਬੀਆਂ।



ਕੇਂਦਰ ਡੱਲ੍ਹ ਦੇ ਪਿੰਡ ਬੀਰਮ ਵਿਖੇ ਲੱਗ ਰਹੀ ਬੱਚਿਆਂ ਦੀ ਧਾਰਮਿਕ ਕਲਾਸ।



ਕੇਂਦਰ ਸਰਹਾਲੀ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ ਉਪਰੰਤ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।



ਕੇਂਦਰ ਖਨਾਲ ਖੁਰਦ ਵਿਖੇ ਬੱਚਿਆਂ ਦੇ ਲਏ ਧਾਰਮਿਕ ਪੇਪਰ ਉਪਰੰਤ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।



ਕੇਂਦਰ ਲਤਾਲਾ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਕਾਲਖ ਬੱਚਿਆਂ ਦੀ ਗੁਰਬਾਣੀ ਸੰਥਿਆ ਕਲਾਸ ਲਗਾਉਂਦੇ ਹੋਏ।



ਕੇਂਦਰ ਨਾਰਲੀ ਵਿਖੇ ਪ੍ਰਚਾਰਕ ਬੀਬੀ ਕੁਲਦੀਪ ਕੌਰ ਬੱਚਿਆਂ ਦੀ ਗੁਰਮਤਿ ਕਲਾਸ ਲਗਾਉਂਦੇ ਹੋਏ।



ਕੇਂਦਰ ਨਵਾਂਸ਼ਹਿਰ ਦੇ ਪਿੰਡ ਮਾਜਰੀ ਵਿਖੇ ਬੱਚਿਆਂ ਦੀ ਲੱਗ ਰਹੀ ਗੁਰਮਤਿ ਕਲਾਸ।



ਕੇਂਦਰ ਤਰਨਤਾਰਨ ਦੇ ਪਿੰਡ ਰੂੜੇਆਸਲ ਵਿਖੇ ਲੱਗ ਰਹੀ ਬੱਚਿਆਂ ਦੀ ਧਾਰਮਿਕ ਕਲਾਸ।

# ਗੁਰਮਤਿ ਵਿਰਸਾ

ਜੁਲਾਈ 2021 (ਮਾਸਿਕ ਮੈਗਜ਼ੀਨ)

**ਮੁੱਖ ਸੰਪਾਦਕ :** ਰਾਣਾ ਇੰਦਰਜੀਤ ਸਿੰਘ
**ਸੰਪਾਦਕ :** ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ :** ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ:** ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ:** ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org



**ਸੰਪਾਦਕੀ ਬੋਰਡ:** ਸੁਖਵਿੰਦਰ ਸਿੰਘ ਦਦੇਹਰ, ਹਰਮਿੰਦਰ ਸਿੰਘ ਜੰਮੂ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ:** ਐਡਵੋਕੇਟ ਜਸਪਾਲ ਸਿੰਘ ਚੁੱਘ


## ਹਾੜ੍ਹ-ਸਾਵਣ ਮਹੀਨੇ ਦੇ ਖਾਸ ਦਿਹਾੜੇ

- ਸ੍ਰੀ ਅਕਾਲ ਤਖਤ ਸਾਹਿਬ ਦਾ ਨੀਂਹ ਪੱਥਰ: 18 ਹਾੜ੍ਹ (2 ਜੁਲਾਈ)
- ਪ੍ਰਕਾਸ਼ ਦਿਹਾੜਾ ਪਾਤਸ਼ਾਹੀ ਛੇਵੀਂ : 21 ਹਾੜ੍ਹ (5 ਜੁਲਾਈ)
- ਸ਼ਹੀਦੀ ਭਾਈ ਮਨੀ ਸਿੰਘ ਜੀ : 25 ਹਾੜ੍ਹ (9 ਜੁਲਾਈ)
- ਸ਼ਹੀਦੀ ਭਾਈ ਤਾਰੂ ਸਿੰਘ ਜੀ : 1 ਸਾਵਣ (16 ਜੁਲਾਈ)
- ਮੀਰੀ ਪੀਰੀ ਦਿਵਸ ਪਾਤਸ਼ਾਹੀ ਛੇਵੀਂ : 6 ਸਾਵਣ (21 ਜੁਲਾਈ)
- ਪ੍ਰਕਾਸ਼ ਦਿਹਾੜਾ ਪਾਤਸ਼ਾਹੀ ਅੱਠਵੀਂ : 15 ਸਾਵਣ (30 ਜੁਲਾਈ)

**ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ: 79733-70542**
ਤੁਸੀਂ ਚੰਦਾ AXIS Bank ਵਿਚ ਸਿੱਧਾ (Online) ਵੀ ਜਮ੍ਹਾ ਕਰਵਾ ਸਕਦੇ ਹੋ
**Branch: Phullanwal, IFS Code - UTIB0000196**

**A/C Name : GURMAT VIRSA**
**A/C No.: 913010032526897**


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.
**Editor- Gurbachan Singh Panwa ***
- Responsible for collection of all Printed matter as per PRB Act
**Registration Number of the Newspaper PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਰੋਜ਼ਾਨਾ ਅੰਮ੍ਰਿਤ ਵੇਲਾ ਅਤੇ ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਪਾਠਕਾਂ ਦੇ ਸਵਾਲ ਜਵਾਬ | 7 |
| ਸ਼ਬਦ ਵਿਚਾਰ | 8 |
| ਜਿਸੁ ਡਿਠੇ ਸਭੁ ਦੁਖੁ ਜਾਇ | 9 |
| ਦਲਭੰਜਨ ਗੁਰੁ ਸੂਰਮਾ... | 11 |
| ਅਰਦਾਸ ਤੋਂ ਪਿਛੋਂ ਦੋਹਰਾ ਕਿੱਥੋਂ ਤਕ? | 14 |
| ਬੰਦਾ ਸਿੰਘ ਬਹਾਦਰ ਦਾ ਸੰਖੇਪ ਇਤਿਹਾਸ | 16 |
| ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿੰਨੇ ਮਹਾਂਪੁਰਸ਼ਾਂ ਦੀ ਬਾਣੀ ਹੈ? | 20 |
| ਲੁਧਿਆਣਾ ਵਿਖੇ ਪੰਥਕ ਅਸੈਂਬਲੀ ਦੌਰਾਨ ਪੰਥ ਦਰਦੀਆਂ... | 21 |
| ਨੰਨੇ ਵਾਰਸ | 22 |
| ਹਾਏ ਕੋਰੋਨਾ! ਉਫ਼ ਕੋਰੋਨਾ!! | 24 |
| ਕੀ ਕੋਵਿਡ ਮਹਾਂਮਾਰੀ ਸਾਡੀਆਂ ਅੱਖਾਂ ਖੋਲ੍ਹੇਗੀ? | 26 |
| ਕਿਉਂ ਕਰ ਰਿਹਾ ਹੈ ਸਵੈਘੋਸ਼ਿਤ ਯੋਗ ਗੁਰੂ ਐਲੋਪੈਥੀ ਦੀ... | 28 |
| ਲੜੀਵਾਰ ਕਿਤਾਬ: ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 29 |
| ਲੜੀਵਾਰ ਕਿਤਾਬ: ਜ਼ਿਲ੍ਹਾ ਰਾਵਲਪਿੰਡੀ ਦੇ ਫ਼ਸਾਦ | 30 |
| Bhai Mani Singh Ji Shaheed | 33 |
| ਭਾਈ ਮਨੀ ਸਿੰਘ ਜੀ ਸ਼ਹੀਦ | 35 |
| ਸਾਡੀ ਖੇਤੀ | 36 |
| ਸਿਹਤ ਸੰਭਾਲ | 38 |
| ਗੁਰਮਤਿ ਸੰਜੋਗ | 39 |
| ਮਈ ਮਹੀਨੇ ਦੀਆਂ ਸਰਗਰਮੀਆਂ | 40 |


## ਗੁਰਮਤਿ ਵਿਰਸਾ ਮੰਗਵਾਉਣ ਲਈ ਚੰਦਾ

| ਚੰਦਾ | ਦੇਸ਼ | ਵਿਦੇਸ਼ |
|---|---|---|
| ਸਾਲਾਨਾ | 250/- | 50 $ USA |
| ਲਾਈਫ | 3000/- | 300 $ USA |

**ਹੇਠ ਲਿਖੇ ਬੈਂਕ ਅਕਾਊਂਟਸ ਰਾਹੀਂ ਸੇਵਾ ਭੇਜੋ ਜੀ**
**Axis Bank Branch : Phullanwal (Ldh)**
**IFS Code : UTIB0000196**

| | |
|---|---|
| - Gurmat Gian | 913010032529069 |
| - Gurmat Gian Missionary College | 913010032837193 |
| - Gurmat Gian Charitable Trust | 913010032525014 |
| - Gurmat Parchar Kendra | 913010032551518 |
| - Gurmat Virsa | 913010032526897 |
| - GGT Edu Aid | 913010032526884 |

## ਜ਼ਰੂਰੀ ਸੂਚਨਾਵਾਂ


- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

# ਚੋਣਾਂ ਨੇੜੇ ਹੀ ਕਿਉਂ ਪੰਥਕ ਮੁੱਦੇ ਯਾਦ ਆਉਂਦੇ ਨੇ ?



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਜੂਨ 1984 ਉਹ ਘੱਲੂਘਾਰਾ ਹੈ ਜਿਸ ਨੂੰ ਨਾ ਭੁਲਾਇਆ ਜਾ ਸਕਦਾ ਹੈ ਤੇ ਨਾ ਹੀ ਬਖਸ਼ਿਆ ਜਾ ਸਕਦਾ ਹੈ। ਭਾਰਤੀ ਹਕੂਮਤ ਵਲੋਂ ਕੀਤਾ ਗਿਆ ਉਹ ਜ਼ਖ਼ਮ ਹੈ ਜਿਹੜਾ ਇਤਿਹਾਸ ਵਿਚ ਸਦਾ ਰਿਸਦਾ ਰਹੇਗਾ। ਇਹ ਘੱਲੂਘਾਰੇ ਭਾਰਤ ਦੀ ਕੇਂਦਰੀ ਸਰਕਾਰ ਵਲੋਂ ਸੋਚੀ ਸਮਝੀ ਵਿਉਂਤ ਬੰਦੀ ਨਾਲ ਕੀਤਾ ਗਿਆ। ਆਪਣੇ ਮੁਲਕ ਵਲੋਂ ਆਪਣੇ ਸੂਬੇ ਦੇ ਲੋਕਾਂ 'ਤੇ ਕੀਤਾ ਗਿਆ ਹਮਲਾ ਬਹੁਤ ਦੁਖਦਾਈ ਹੈ। ਇੰਝ ਮਹਿਸੂਸ ਹੁੰਦਾ ਹੈ ਕਿ ਇਹ ਹਮਲਾ ਸਿੱਖ ਕੌਮ ਨੂੰ ਸਬਕ ਸਿਖਾਉਣ ਤੇ ਅਣਖ਼ ਨੂੰ ਖਤਮ ਕਰਨ ਲਈ ਸੀ। ਕੇਂਦਰੀ ਸਰਕਾਰ ਵਲੋਂ ਇਹ ਪ੍ਰਚਾਰਿਆ ਗਿਆ ਕਿ ਸਿੱਖ ਮੁਲਕ ਨਾਲੋਂ ਵੱਖਰਾ ਹੋਣਾ ਚਾਹੁੰਦੇ ਹਨ, ਇਸ ਲਈ ਇਹ ਹਮਲਾ ਕਰਨਾ ਬੜਾ ਜ਼ਰੂਰੀ ਸੀ। ਭਾਰਤ ਨੂੰ ਆਜ਼ਾਦੀ ਦਿਵਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਸਿੱਖ ਕੌਮ ਨੇ ਕੀਤੀਆਂ। ਆਜ਼ਾਦੀ ਦੀ ਲੜਾਈ ਸਮੇਂ ਜਦੋਂ ਸਿੱਖ ਨੇਤਾਜਨ ਵੱਖਰੇ ਖਿੱਤੇ ਦੀ ਮੰਗ ਕਰਦੇ ਸਨ ਤਾਂ ਓਦੋਂ ਪੰਡਤ ਨਹਿਰੂ ਅਤੇ ਕਰਮਚੰਦ ਗਾਂਧੀ ਵਰਗੇ ਆਗੂ ਇਹ ਵਿਸ਼ਵਾਸ ਦਿਵਾਉਂਦੇ ਸਨ ਕਿ ਸਿੱਖਾਂ ਲਈ ਇਕ ਵੱਖਰਾ ਖਿੱਤਾ ਹੋਵੇਗਾ, ਜਿੱਥੇ ਇਹ ਅਜ਼ਾਦੀ ਦਾ ਨਿੱਘ ਮਾਣ ਸਕਣਗੇ।

ਵਾਅਦਾ ਖਿਲਾਫੀ ਕਰਦਿਆਂ ਕਾਂਗਰਸ ਪਾਰਟੀ 15 ਅਗਸਤ ਦੀ ਰਾਤ ਨੂੰ ਹੀ ਸਭ ਕੁਝ ਭੁੱਲ ਗਈ। ਭਾਰਤ ਦੀ ਆਜ਼ਾਦੀ ਲਈ ਆਖਰੀ ਕਿਸ਼ਤ ਵੀ ਸਿੱਖਾਂ ਨੇ ਆਪਣਾ ਖ਼ੂਨ ਬਹਾ ਕੇ ਉਤਾਰੀ। ਇਕ ਪਾਸੇ ਸਮੁੱਚੇ ਭਾਰਤ ਵਿਚ ਆਜ਼ਾਦੀ ਦੇ ਜਸ਼ਨ ਮਨਾਉਣ ਲਈ ਦੀਪਮਾਲਾ ਕੀਤੀ ਜਾ ਰਹੀ ਸੀ, ਸ਼ਾਹੀ ਠਾਠਬਾਠ ਦਾ ਪੂਰਾ ਨਾਚ ਹੋ ਰਿਹਾ ਸੀ, ਬਹੁ ਗਿਣਤੀ ਇਕ ਦੂਜੇ ਨੂੰ ਵਧਾਈਆਂ ਦੇ ਰਹੇ ਸਨ।

**ਦਿੱਲੀ ਦਿਲ ਮੁੱਢੋਂ ਯੁੱਗ ਗਰਦੀਆਂ ਦਾ,**
**ਸਾਨੂੰ ਸਦਾ ਤਾਰੀਖ਼ ਇਹ ਦਸਦੀ ਰਹੀ।**
**ਇਕ ਅੱਖ ਛੱਮ ਛੱਮ ਰਹੀ ਰੋਂਦੀ,**
**ਦੂਜੀ ਅੱਖ ਉਹਦੀ ਖਿੜ ਖਿੜ ਹੱਸਦੀ ਰਹੀ**
-ਕਰਤਾਰ ਸਿੰਘ ਬਲੱਗਣ

ਦੂਜੇ ਪਾਸੇ ਪੰਜਾਬੀ ਅਤੇ ਮੁਸਲਮਾਨ ਖ਼ੂਨ ਦੀ ਨਦੀ ਤਰ ਰਹੇ ਸਨ। ਮੁਲਕ ਦੀ ਅਜ਼ਾਦੀ ਵਿਚ ਮਾਂਵਾਂ ਭੈਣਾਂ ਨੂੰ ਸਭ ਤੋਂ ਵੱਧ ਬੇਪਤ ਹੋਣਾ ਪਿਆ। ਸਾਰਾ ਬ੍ਰਿਤਾਂਤ ਡਾ. ਕਿਰਪਾਲ ਸਿੰਘ ਦੀ ਲਿਖੀ ਪੁਸਤਕ 'ਪਾਕਿਸਤਾਨ ਵਿਚੋਂ ਨਿਕਲਣ ਦੀ ਗਾਥਾ' ਪੜ੍ਹਨੀ ਚਾਹੀਦੀ ਹੈ। ਅਜੇ ਉਹ ਮਾਵਾਂ ਤੇ ਬਾਪੂ ਜਿਉਂਦੇ ਨੇ ਜਿਨ੍ਹਾਂ ਨੇ ਸੰਤਾਪ ਆਪਣੇ ਪਿੰਡੇ 'ਤੇ ਹੰਢਾਇਆ ਤੇ ਅੱਖੀਂ ਵੇਖਿਆ। ਦੇਸ਼ ਦੇ ਆਗੂਆਂ ਨੇ ਫਿਰਕਾਪ੍ਰਸਤੀ ਦੀ ਅਜਿਹੀ ਅੱਗ ਬਾਲੀ ਜਿਸ ਨਾਲ ਪੰਜਾਬ ਝੁਲਸ ਕੇ ਰਹਿ ਗਿਆ।

**ਅੱਜ ਬੇਲੇ ਲਾਸ਼ਾਂ ਵਿੱਛੀਆਂ**
**ਤੇ ਲਹੂ ਦੀ ਭਰੀ ਚਨਾਬ**

ਲਿਖਣ ਵਾਲੀ ਬੀਬੀ ਅੰਮ੍ਰਿਤਾ ਪ੍ਰੀਤਮ ਨੂੰ ਅੰਮ੍ਰਿਤਸਰ ਦਾ ਜ਼ੁਲਮ ਦਿਸਿਆ ਹੀ ਨਹੀਂ। ਲਗਦਾ ਇਸ ਬੀਬੀ ਨੇ ਚਾਪਲੂਸੀ ਦੀ ਪੱਟੀ ਬੰਨ੍ਹ ਲਈ ਸੀ।

ਮੁਲਕ ਦੀ ਆਜ਼ਾਦੀ ਨੂੰ ਅਜੇ 37 ਕੁ ਸਾਲ ਹੀ ਹੋਏ ਸਨ ਜਦੋਂ ਪਾਣੀਆਂ ਦੀ ਕਾਣੀ ਵੰਡ ਸਬੰਧੀ ਪੰਜਾਬ ਨੇ ਮੋਰਚਾ ਲਾਇਆ। ਪਾਣੀ ਦੇ ਹੱਕੀ ਮੁੱਦੇ ਨੂੰ ਸਾਰੇ ਭਾਰਤ ਵਿਚ ਇਸ ਤਰ੍ਹਾਂ ਪੇਸ਼ ਕੀਤਾ ਗਿਆ ਜਿਸ ਤਰ੍ਹਾਂ ਪੰਜਾਬ ਦੇ ਲੋਕ ਦੇਸ਼ ਨਾਲੋਂ ਵੱਖ ਹੋਣਾ ਚਾਹੁੰਦੇ ਨੇ। ਮਸਲਾ ਪੰਜਾਬ ਦੀਆਂ ਹੱਕੀ ਮੰਗਾਂ ਦਾ ਸੀ ਜੋ ਸਿੱਖ ਮਸਲਾ ਬਣਾ ਦਿੱਤਾ। ਰਹਿੰਦੀ ਕਸਰ ਪੰਜਾਬ ਦੀਆਂ ਮਹਾਸ਼ਾ ਅਖਬਾਰਾਂ ਨੇ ਪੂਰੀ ਕਰ ਦਿੱਤੀ। ਪੰਜਾਬ ਦੀ ਨੁਮਾਇੰਦਗੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਤੇ ਕੌਮੀ ਪਾਰਟੀ ਕਾਂਗਰਸ ਕਰ ਰਹੀ ਸੀ। ਇਸ ਦੇ ਨਾਲ ਕਾਮਰੇਡ ਸੱਜੇ ਤੇ ਖਬੇ ਪੱਖੀ ਵੀ ਚਲ ਰਹੇ ਸਨ। ਪੰਜਾਬ ਦੀ ਬਦ ਕਿਸਮਤੀ ਹੀ ਰਹੀ ਹੈ ਕਿ ਕਾਂਗਰਸੀਆਂ ਅਤੇ ਸੱਜੇ-ਖੱਬੇ ਕਾਮਰੇਡਾਂ ਨੇ ਕਦੇ ਵੀ ਪੰਜਾਬ ਦੀਆਂ ਸੁਹਿਰਦ ਮੰਗਾਂ ਸਬੰਧੀ ਆਪਣੀ ਅਵਾਜ਼ ਨੂੰ ਬੁਲੰਦ ਨਹੀਂ ਕੀਤਾ। ਅੰਦਰ ਖਾਤੇ ਜਾਂ ਸ਼ਰੇਆਮ ਹਕੂਮਤ ਦੀ ਨਿਗਾਹ ਵਿਚ ਚੰਗੇ ਬਣਨ ਲਈ ਸਿੱਖ ਭਾਈਚਾਰੇ ਨੂੰ ਕੋਸਣ ਲਗ ਪੈਂਦੇ ਸਨ। ਜੇ ਇਹ ਸਾਰੇ ਪੰਜਾਬ ਦੀਆਂ ਹੱਕੀ ਮੰਗਾਂ ਸਬੰਧੀ ਥੋੜਾ ਵੀ ਕੇਂਦਰ 'ਤੇ ਦਬਾਅ ਪਾਉਂਦੇ ਤਾਂ ਜੂਨ 1984 ਵਰਗੇ ਘੱਲੂਘਾਰੇ ਨਹੀਂ ਵਾਪਰ ਸਕਦੇ ਸਨ। ਇਹਨਾਂ ਲੋਕਾਂ ਨੇ ਖਾਧਾ ਪੰਜਾਬ ਦਾ ਪਰ ਭੁਗਤੇ ਪੰਜਾਬ ਦੇ ਵਿਰੋਧ ਵਿਚ। ਇਸ ਦੇ ਵਿਰੁੱਧ ਦੱਖਣੀ ਸੂਬਿਆਂ ਦੀਆਂ ਖੇਤਰੀ ਪਾਰਟੀਆਂ ਜਦੋਂ ਉਹਨਾਂ ਦੇ ਆਪਣੇ ਸੂਬੇ ਦੇ ਹਿਤ ਦੀ ਗੱਲ ਆਉਂਦੀ ਹੈ ਤਾਂ ਉਹ ਸਾਰੇ ਆਪਣੀ ਆਪਣੀ ਪਾਰਟੀ ਤੋਂ ਉਪਰ ਉਠ ਕੇ ਇਕੱਠੇ ਅਵਾਜ਼ ਬਲੰਦ ਕਰਦੇ ਹਨ।

ਕਾਂਗਰਸ ਪਾਰਟੀ ਨੇ ਪੂਰਾ ਭਰੋਸਾ ਦਿਵਾਇਆ ਸੀ ਕਿ ਅੰਗਰੇਜ਼ਾਂ ਵਲੋਂ ਅਜ਼ਾਦੀ ਮਿਲਣ 'ਤੇ ਸਿੱਖਾਂ ਲਈ ਉਚੇਚੇ ਤੌਰ 'ਤੇ ਸੂਬਾ ਵਸਾਇਆ ਜਾਏਗਾ। ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਕਾਂਗਰਸ ਪਾਰਟੀ ਆਪਣੇ ਕੀਤੇ ਵਾਅਦੇ ਤੋਂ ਮੁਕਰ ਗਈ। ਮਾਸਟਰ ਤਾਰਾ ਸਿੰਘ ਨੂੰ ਨਹਿਰੂ ਨੇ ਬੜੀ ਬੇਦਰਦੀ ਨਾਲ ਕਿਹਾ ਕਿ "ਮਾਸਟਰ ਜੀ ਅਬ ਵਕਤ ਬਦਲ ਗਿਆ ਹੈ ਆਪ ਕੋ ਇਸੀ ਹਾਲ ਮੇਂ ਰਹਿਣਾ ਪੜੇਗਾ। ਅਜ਼ਾਦੀ ਦੇ ਕੁਝ ਸਾਲਾਂ ਬਾਅਦ ਹੀ ਪੰਜਾਬੀ ਬੋਲੀ ਨੂੰ ਜਿਉਂਦਿਆਂ ਰੱਖਣ ਲਈ ਪੰਜਾਬੀ ਸੂਬੇ ਦਾ ਮੋਰਚਾ ਲਾਉਣਾ ਪਿਆ। ਕੇਂਦਰ ਦੀ ਬਦਨੀਤੀ ਅਨੁਸਾਰ ਪੰਜਾਬੀ ਸੂਬਾ ਤਾਂ ਬਣਾ ਦਿੱਤਾ ਪਰ ਬਣਾਇਆ ਲੰਗੜਾ ਹੀ। ਅਕਾਲੀਆਂ ਨੂੰ ਕਈ ਮੋਰਚੇ ਲਾਉਣੇ ਪਏ। ਹਰ ਮੋਰਚੇ ਵਿਚ ਅਕਾਲੀ ਚਵਾਨੀ ਪ੍ਰਾਪਤ ਕਰਦੇ ਰਹੇ ਜਦ ਕਿ ਬਾਰ੍ਹਾਂ ਆਨੇ ਗਵਾ ਕੇ ਆਉਂਦੇ ਰਹੇ। ਸਦਕੇ ਜਾਈਏ ਸ਼੍ਰੋਮਣੀ ਅਕਾਲੀ ਦਲ ਦੇ ਜਿਹੜੇ ਹਰ ਮੁੱਦੇ 'ਤੇ ਗੱਲਬਾਤ ਕਰਨ ਵਿਚ ਅਸਫਲ ਰਹੇ। ਇਤਿਹਾਸ ਕਿਦਾਂ ਲਿਖੇਗਾ ਕਿ ਇਨ੍ਹਾਂ ਨੇ ਆਪਣੇ ਸੂਬੇ ਜਾਂ ਪੰਥਕ ਹਿੱਤਾਂ ਲਈ ਆਹ ਕੰਮ ਕੀਤਾ ਹੈ। ਇਤਿਹਾਸ ਲਿਖੇਗਾ ਇਨ੍ਹਾਂ ਦੇ ਰਾਜ ਵਿਚ ਜੋ ਕੁਝ ਵੀ ਹੋਇਆ ਹੈ ਉਹ ਬਹੁਤਾ ਕੁਝ ਗ਼ੈਰ ਕੁਦਰਤੀ ਹੀ ਹੋਇਆ। ਅੰਨ੍ਹਾਂ ਵੰਡੇ ਸ਼ੀਰਨੀਆਂ ਮੁੜ-ਮੁੜ ਆਪਣਿਆਂ ਨੂੰ।

1925 ਤੋਂ ਲੈ ਕੇ 1947 ਤਕ ਸ਼੍ਰੋਮਣੀ ਕਮੇਟੀ ਦੀਆਂ ਸਤ ਵਾਰ ਚੋਣਾਂ ਹੋਈਆਂ ਹਨ ਜਦ ਕਿ 1947 ਤੋਂ ਲੈ ਕੇ 2021 ਤਕ ਕੇਵਲ ਪੰਜ ਵਾਰ ਚੋਣਾਂ ਹੋਈਆਂ ਹਨ। ਚੋਣਾਂ ਦਾ ਨਾ ਹੋਣਾ ਹੀ ਕੌਮ ਲਈ ਸਭ ਤੋਂ ਵੱਡੀ ਤਰਾਸਦੀ ਹੈ। ਜਿੱਥੇ ਇਕ ਪਾਰਟੀ ਦਾ ਰਾਜ ਰਹਿੰਦਾ ਹੈ ਉੱਥੇ ਪਰਿਵਾਰਵਾਦ ਭਾਰੀ ਹੋ ਜਾਂਦਾ ਹੈ। ਸ਼੍ਰੋਮਣੀ ਅਕਾਲੀ ਦਲ ਜਦੋਂ ਵੀ ਸਰਕਾਰ ਬਣਾਉਂਦਾ ਰਿਹਾ ਹੈ ਤਾਂ ਸਭ ਤੋਂ ਪਹਿਲਾਂ ਆਪਣੇ ਪਰਿਵਾਰ ਤੇ ਰਿਸ਼ਤੇਦਾਰਾਂ ਨੂੰ ਹੀ ਅੱਗੇ ਕਰਦਾ ਰਿਹਾ ਹੈ।

ਜੱਗੋਂ ਤੇਹਰਵੀਂ ਕਰਦਿਆਂ ਇੰਦਰਾ ਗਾਂਧੀ ਦੀ ਕੇਂਦਰੀ ਸਰਕਾਰ ਨੇ ਅਗਲੀਆਂ ਚੋਣਾਂ ਜਿੱਤਣ ਲਈ ਸਾਰੇ ਪੰਜਾਬ ਨੂੰ ਇਕ ਪਾਸੇ ਖੜਾ ਕਰਕੇ ਇਹ ਕਿਹਾ ਕਿ ਸਿੱਖ ਭਾਰਤ ਨਾਲੋਂ ਵੱਖਰਾ ਹੋਣਾ ਚਾਹੁੰਦੇ ਹਨ, ਦੇਸ਼ ਦੇ ਟੁਕੜੇ ਕਰਨਾ ਚਾਹੁੰਦੇ ਹਨ। 98% ਭਾਰਤ ਵਾਸੀਆਂ ਨੇ ਦੇਸ਼ ਦੀ ਪ੍ਰਧਾਨ ਮੰਤਰੀ ਦੀ ਗੱਲ 'ਤੇ ਯਕੀਨ ਕੀਤਾ। ਵੋਟਾਂ ਇੰਦਰਾ ਗਾਂਧੀ ਦੇ ਹੱਕ ਵਿਚ ਪਾਈਆਂ। ਦੇਸ਼ ਦੇ ਬਾਕੀ ਮੁੱਦੇ ਭੁੱਲ ਗਏ ਕੇਵਲ ਇਕ ਰਹਿ ਗਿਆ ਕਿ ਪੰਜਾਬ ਦੀਆਂ ਹੱਕੀ ਮੰਗਾਂ ਮੰਗਣ ਵਾਲੇ ਦੇਸ਼-ਧਰੋਹੀ ਹਨ। ਆਤੰਕਵਾਦੀ, ਕੱਟੜਵਾਦੀ, ਖਤਰਨਾਕ ਆਦਿ ਵਰਗੇ ਸ਼ਬਦਾਂ ਦਾ ਪੂਰਾ ਇਸਤੇਮਾਲ ਕੀਤਾ ਗਿਆ। ਭਾਰਤੀ ਮੀਡੀਏ ਨੇ ਕੇਂਦਰ ਵਿਚਲੀ ਸਰਕਾਰ ਦਾ ਪੂਰਾ ਸਾਥ ਦਿੱਤਾ। ਸਰਕਾਰਾਂ ਹਮੇਸ਼ਾ ਮਸਲੇ ਖੜ੍ਹੇ ਰੱਖਦੀਆਂ ਹਨ ਤਾਂ ਕਿ ਵੱਧ ਵੱਸੋਂ ਵਾਲੇ ਲੋਕਾਂ ਕੋਲੋਂ ਵੋਟਾਂ ਬਟੋਰੀਆਂ ਜਾਣ। ਸਰਕਾਰਾਂ ਮਸਲੇ ਖੜੇ ਕਰਦੀਆਂ ਹਨ ਤਾਂ

ਕਿ ਲੋਕ ਅਸਲ ਮੁੱਦਿਆਂ ਵਲ ਧਿਆਨ ਨਾ ਦੇਣ।

ਇਹ ਠੀਕ ਹੈ ਪੰਜਾਬ ਵਿਚ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਹਮੇਸ਼ਾ ਪੰਜਾਬੀਆਂ ਨੇ ਸਾਥ ਦਿੱਤਾ। ਲਾਲਚ ਦੀਆਂ ਬੁਰਕੀਆਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਕਈ ਹਿੱਸਿਆਂ ਵਿਚ ਵੰਡਿਆ। ਇਕ ਦੂਜੇ ਨਾਲੋਂ ਅੱਗੇ ਨਿਕਲਣ ਦੀ ਹੋੜ ਵਿਚ ਕੇਂਦਰ ਨਾਲ ਕਈ ਸਮਝੌਤੇ ਕੀਤੇ। ਕੇਂਦਰ ਸਰਕਾਰ ਹਰ ਵਾਰ ਸਮਝੌਤਿਆਂ ਤੋਂ ਮੁਕਰਦੀ ਰਹੀ। ਨਤੀਜਨ ਅਕਾਲੀ ਦਲ ਵਾਲੇ ਆਪੋ ਵਿਚਦੀ ਹੀ ਲੜਨ ਲੱਗ ਪੈਂਦੇ। ਇਹੋ ਕੁਝ ਕੇਂਦਰ ਨੂੰ ਚਾਹੀਦਾ ਸੀ ਕਿ ਵੱਧ ਤੋਂ ਵੱਧ ਇਹਨਾਂ ਦੇ ਧੜੇ ਹੋਣ। ਕੇਂਦਰ ਨੇ ਅਜੇਹੇ ਹਾਲਾਤ ਪੈਦਾ ਕੀਤੇ ਕਿ ਮੁਲਕ ਦੀ ਅਜ਼ਾਦੀ ਦੇ 37 ਕੁ ਸਾਲ ਬਾਅਦ ਹੀ ਕਾਂਗਰਸ ਦੀ ਕੇਂਦਰੀ ਸਰਕਾਰ ਨੇ ਸਿੱਖ ਅਵਾਮ ਨਾਲ ਅਜੇਹਾ ਸਲੂਕ ਕੀਤਾ ਜਿਹੜਾ ਦੁਸ਼ਮਣਾਂ ਨਾਲ ਵੀ ਨਹੀ ਕੀਤਾ ਜਾਂਦਾ। ਕਪੂਰੀ ਤੋਂ ਪਾਣੀ ਦਾ ਮੋਰਚਾ ਸ਼ੁਰੂ ਹੋਇਆ ਸੀ ਜਿਹੜਾ ਦਰਬਾਰ ਸਾਹਿਬ ਦੀ ਹਦੂਦ ਵਿਚ ਚਲਾ ਗਿਆ। ਮੋਰਚੇ ਦੀ ਸਾਰੀ ਰੂਪ ਰੇਖਾ ਤਬਦੀਲ ਹੋਈ, ਸੂਬਿਆਂ ਨੂੰ ਵੱਧ ਅਧਿਕਾਰਾਂ ਦੀ ਗੱਲ ਚੱਲੀ। ਪਾਣੀ ਦੀ ਕਾਣੀ ਵੰਡ ਨੂੰ ਪੰਜਾਬ ਦੇ ਲੋਕਾਂ ਸਾਹਮਣੇ ਰੱਖਿਆ। ਸੂਬਿਆਂ ਨੂੰ ਵੱਧ ਅਧਿਕਾਰਾਂ ਦੇਣ ਵਾਲੀ ਗੱਲ ਕੇਂਦਰ ਨੂੰ ਕਦੇ ਵੀ ਪ੍ਰਵਾਨ ਨਹੀਂ ਸੀ। ਮਾਹੌਲ ਅਜਿਹਾ ਸਿਰਜਿਆ ਗਿਆ ਕਿ ਰਾਜਾਂ ਨੂੰ ਵੱਧ ਅਧਿਕਾਰ ਦੇਣ ਨਾਲ ਦੇਸ਼ ਲਈ ਅੰਦਰੂਨੀ ਖਤਰਾ ਹੋ ਸਕਦਾ ਹੈ। ਸਰਕਾਰੀ ਤੰਤਰ ਅਤੇ ਮੀਡੀਏ ਨੇ ਇਸ ਤਰ੍ਹਾਂ ਦਾ ਸ਼ਬਦ-ਜਾਲ ਬੁਣਿਆ ਜਿਸ ਨਾਲ ਸਿੱਖ ਕੌਮ ਦਾ ਅਕਸ ਆਤੰਕਵਾਦੀ, ਕੱਟੜਵਾਦੀ ਤੇ ਵੱਖਵਾਦੀ ਲੱਗੇ।

37 ਸਾਲਾਂ ਦੇ ਲਾਰੇ ਲੱਪਿਆਂ ਵਾਲੀ ਰਾਜਨੀਤੀ 'ਤੇ ਸਿੱਖ ਅਵਾਮ ਹੁਣ ਯਕੀਨ ਕਰਨ ਲਈ ਤਿਆਰ ਨਹੀਂ ਸੀ। ਰਵਾਇਤੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੋਹਰੀ ਨੀਤੀ 'ਤੇ ਚੱਲ ਪਿਆ। ਦੋਗਲੀ ਨੀਤੀ 'ਤੇ ਚੱਲਣ ਵਾਲਾ ਦੋ ਬੇੜੀਆਂ 'ਤੇ ਸਵਾਰ ਹੁੰਦਾ ਹੈ। ਅਜਿਹਾ ਮੁਸਾਫਰ ਕਦੇ ਵੀ ਕਿਸੇ ਤਣ-ਪੱਤਣ ਨਹੀਂ ਲਗਦਾ।

ਦਰਬਾਰ ਸਾਹਿਬ ’ਤੇ ਟੈਂਕਾਂ ਨਾਲ ਹਮਲਾ ਕੀਤਾ ਗਿਆ। ਜੇਠ ਦੀ ਸਿਖਰ ਦੁਪਹਿਰ ਵਿਚ ਆਈ ਸੰਗਤ ਨੂੰ ਗੋਲੀਆਂ ਨਾਲ ਭੁੰਨਿਆ ਗਿਆ। ਪੰਜਾਬ ਦੇ ਹੋਰ ਚਾਲੀ ਕੁ ਗੁਰਦੁਆਰਿਆਂ ’ਤੇ ਫੌਜੀ ਹਮਲਾ ਕੀਤਾ ਗਿਆ। ਵਾਰ-ਵਾਰ ਲਿਖਿਆ ਜਾਂਦਾ ਹੈ ਕਿ

**ਸੀਂਚਾ ਥਾ ਜਿਸ ਕੋ ਹਮ ਨੇ**
**ਆਪਨਾ ਲਹੂ ਦੇ ਕੇ,**
**ਉਸ ਪੇੜ ਕੇ ਸਾਏ ਸੇ**
**ਅਬ ਆਗ ਬਰਸ ਰਹੀ ਹੈ।**

ਗੋਲਿਆਂ ਦੀ ਗੜਗੜਾਹਟ ਵਿਚ ਦਰਬਾਰ ਸਾਹਿਬ ’ਤੇ ਪੂਰੀ ਵਿਉਂਤ ਬੰਦੀ ਨਾਲ ਹਮਲਾ ਕੀਤਾ। ਇਹ ਹਮਲਾ, ਸਿੱਖਾਂ ਦੀ ਗੈਰਤ, ਅਣਖ਼ ਤੇ ਸਵੈਮਾਨ ਤੇ ਸੀ। ਬੱਚਿਆਂ ਜਵਾਨਾਂ, ਬਜ਼ੁਰਗਾਂ, ਮਾਵਾਂ ਭੈਣਾਂ ਨੂੰ ਕੋਹ ਕੋਹ ਕੇ ਮਾਰਿਆ ਗਿਆ। ਦਰਿੰਦਗੀ ਦਾ ਨੰਗਾ ਨਾਚ ਹੋਇਆ। ਸਿਖਰ ਦੀ ਗਰਮੀ ਵਿਚ ਭੁੱਖੇ ਪਿਆਸੇ ਰੱਖਿਆ ਗਿਆ। ਕਮੀਨਗੀ ਕਰਨ ਵਾਲਿਆਂ ਬੇਸ਼ਰਮੀ ਦੇ ਲੱਡੂ ਵੰਡੇ। ਖੁਸ਼ੀਆਂ ਮਨਾਉਂਦਿਆਂ ਦਰਬਾਰ ਸਾਹਿਬ ਦੇ ਹਮਲੇ ਦੀਆਂ ਵਧਾਈਆਂ ਦਿੱਤੀਆਂ ਗਈਆਂ। ਇਸ ਪਾਰਟੀ ਦੇ ਪ੍ਰਮੁੱਖ ਆਗੂਆਂ ਨੇ ਕਹਿਆ ਕਿ ਇਹ ਹਮਲਾ ਬਹੁਤ ਪਹਿਲਾਂ ਹੋਣਾ ਚਾਹੀਦਾ ਸੀ। ਸੱਚਾਈ ਜ਼ਾਹਰ ਕਰਦਿਆਂ ਕਹਿਆ ਕਿ ਇਹ ਹਮਲਾ ਕਰਨ ਲਈ ਅਸਾਂ ਹੀ ਜ਼ੋਰ ਪਾਇਆ ਸੀ। ਪੰਜਾਬ ਦੇ ਕਾਮਰੇਡ ਆਪਣਾ ਵੱਖਰਾ ਰਾਗ ਅਲਾਪ ਰਹੇ ਸਨ, ਸਰਹੱਦੀ ਸੂਬਿਆਂ ਦੀਆਂ ਹਕੀਕੀ ਮੰਗਾਂ ਨੂੰ ਵੀ ਇਹਨਾਂ ਨੇ ਵੱਖਵਾਦੀ ਹੀ ਕਹਿਆ। ਕੁਝ ਕੁ ਸੰਸਥਾਵਾਂ ਨਿਰਪੱਖਤਾ ਨਾਲ ਇਸ ਹਮਲੇ ਦਾ ਵਿਰੋਧ ਤਾਂ ਕਰਦੀਆਂ ਸਨ ਪਰ ਆਤੰਕਵਾਦ ਅਤੇ ਵੱਖਵਾਦ ਦੀ ਚਾਸ਼ਨੀ ਵਿਚ ਡੁਬੋ ਕੇ।

ਆਪਣੀ ਅਣਖ ਉੱਤੇ ਹਮਲਾ ਤੇ ਕੌਮੀ ਸਵੈਮਾਣਤਾ ਦਾ ਨੁਚੜਦਾ ਖ਼ੂਨ ਦੇਖ ਕੇ ਧਰਮੀ ਫੋਜੀਆਂ ਨੇ ਬੈਰਕਾਂ ਛੱਡ ਦਿੱਤੀਆਂ। ਪੱਕੀ ਨੌਕਰੀ ਨੂੰ ਲੱਤ ਮਾਰ ਦਿੱਤੀ। ਡੌਲੇ ਫਰਕੇ, ਅਣਖ ਨੇ ਅੰਗੜਾਈ ਲਈ ਅਤੇ ਦਰਬਾਰ ਸਾਹਿਬ ਦੀ ਰਾਖੀ ਲਈ ਪੰਜਾਬ ਨੂੰ ਵਾਹੋਦਾਹੀ ਭੱਜ ਪਏ। ਬਹੁਤਿਆਂ ਨੂੰ ਭਾਰਤੀ ਫੌਜ ਨੇ ਗੋਲੀਆਂ ਨਾਲ ਭੁੰਨਿਆ ਸੁੱਟਿਆ। ਜਿਸ ਗ੍ਰੰਥ ਦੀ ਕਸਮ ਖਾ ਕੇ ਕਹਿਆ ਸੀ ਕਿ ਅਸੀਂ ਦੇਸ਼ ਲਈ ਕੁਰਬਾਨ ਹੋ ਜਾਂਵਾਂਗੇ ਅੱਜ ਓਸੇ ਗ੍ਰੰਥ ਦੇ ਸਵੈਮਾਣ ਨੂੰ ਬਚਾਉਣ ਲਈ ਤੁਰੇ ਸਨ।

1984 ਉਪਰੰਤ ਉਸ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੀ ਜਿਹੜੀ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਸਮਝੌਤਾ ਕਰਕੇ ਆਏ ਸਨ। ਸਮਝੌਤੇ ਦੀ ਸਿਆਹੀ ਅਜੇ ਗਿੱਲੀ ਸੀ ਪਰ ਸਮਝੌਤਾ ਕੇਂਦਰ ਨੇ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਅਕਾਲੀਏ ਦਿਨ ਦੀਵੀਂ ਬੁਝਿਆ ਦੀਵਾ ਚੁੱਕੀ ਫਿਰਦੇ ਸਨ। ਹੁਣ ਇਹਨਾਂ ਕੋਲ ਕੰਧ ਵਿਚ ਸਿਰ ਮਾਰਨ ਤੋਂ ਬਿਨਾ ਕੋਈ ਚਾਰਾ ਨਹੀਂ ਸੀ। ਅਕਾਲੀਆਂ ਦੀ ਇਕ ਵਾਰ ਫਿਰ ਪਾਟੋਧਾੜ ਹੋਈ। ਕਿਹਾ ਜਾਂਦਾ ਹੈ ਕਿ ਜਿਸ ਕੋਲ ਸ਼੍ਰੋਮਣੀ ਕਮੇਟੀ ਦਾ ਕਬਜ਼ਾ ਹੋਵੇ ਉਹ ਹੀ ਅਸਲ ਅਕਾਲੀ ਦਲ ਮੰਨਿਆ ਜਾਂਦਾ ਹੈ।

ਸ਼੍ਰੋਮਣੀ ਅਕਾਲੀ ਦਲ ਟੁਕੜਿਆਂ ਦਾ ਰੂਪ ਧਾਰਨ ਕਰ ਗਿਆ। ਇਹਨਾਂ ਵਿਚੋਂ ਇਕ ਟੁੱਕੜਾ ਬਾਦਲ ਅਕਾਲੀ ਦਲ ਕੁਝ ਜ਼ਿਆਦਾ ਹੀ ਵੱਡਾ ਸੀ। ਬਾਦਲ ਨੇ ਸਾਰੀ ਵਾਗ ਡੋਰ ਆਪਣੇ ਹੱਥ ਕਰ ਲਈ। ਟੋਹੜਾ ਸਾਹਿਬ ਦੇਖਦੇ ਹੀ ਰਹਿ ਗਏ। ਇਕ ਵਾਰ ਅਜਿਹਾ ਸਮਾਂ ਵੀ ਆਇਆ ਜਦੋਂ ਇਕ ਦੂਜੇ ਦੇ ਮੂੰਹ ਵਿਚ ਝੂਠੇ ਲੱਡੂ ਪਾ ਕੇ ਸਮਝੌਤਾ ਵੀ ਕੀਤਾ। ਅਸਲ ਵਿਚ ਅਕਾਲੀ ਦਲਾਂ ਦਾ ਸਮਝੌਤਾ ਨਹੀਂ ਸੀ ਸਗੋਂ ਸਿਧਾਂਤ ਤੋਂ ਤਿਲਕਣਾ ਸੀ। ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਬਹੁਤ ਹੀ ਜ਼ੋਰ-ਸ਼ੋਰ ਨਾਲ ਪੰਥਕ ਮੁੱਦੇ ਉਠਾਏ ਤੇ ਕਿਹਾ ਕਿ ਸਾਨੂੰ ਸਰਕਾਰ ਬਣਾਉਣ ਦਾ ਮੌਕਾ ਦਿਓ। ਫਿਰ ਦੇਖਿਓ ਕਿਵੇਂ ਪੰਜਾਬ ਤਰੱਕੀ ਦੇ ਰਾਹ ਪਏਗਾ। ਸਾਡੀ ਸਰਕਾਰ ਬਣਨ ਤੇ ਪਾਣੀਆਂ ਅਤੇ ਪੰਥਕ ਮੁੱਦੇ ਰਾਤੋ ਰਾਤ ਹੱਲ ਹੋ ਜਾਣਗੇ। ਬਾਜਪਾਈ ਨੂੰ ਹਮਾਇਤ ਦੇਣ ਵੇਲੇ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਸਿੱਧੇ ਸ਼ਬਦਾਂ ਵਿਚ ਕਹਿਆ ਕਿ ਅਸੀਂ ਬਿਨਾ ਸ਼ਰਤ ਕੇਂਦਰੀ ਸਰਕਾਰ ਨੂੰ ਹਮਾਇਤ ਦਿੰਦੇ ਹਾਂ। ਕੌਮੀ ਅਣਖ਼ ਦਾ ਨਿਘਾਰ ਹੀ ਕਿਹਾ ਜਾ ਸਕਦਾ ਹੈ। ਬਿਨਾ ਸ਼ਰਤ ਨਿੱਜੀ ਗਰਜ਼ਾਂ ਵਿਚ ਲੁਕੀ ਹੋਈ ਸੀ।

ਬੜੀ ਹੁਭ ਨਾਲ ਕਿਹਾ ਕਿ ਸਾਡੀ ਸਰਕਾਰ ਆ ਲੈਣ ਦਿਓ ਸਭ ਤੋਂ ਪਹਿਲਾਂ ਉਹਨਾਂ ਪੁਲਸ ਵਾਲਿਆਂ ਦੀ ਸ਼ਾਮਤ ਆਏਗੀ ਜਿਨ੍ਹਾਂ ਨੇ ਜਬਰ, ਜ਼ੁਲਮ ਦੀ ਹਨੇਰੀ ਲਿਆਂਦੀ ਸੀ। ਉਹਨਾਂ ਸਭ ਅਫ਼ਸਰਾਂ ਦੀਆਂ ਜਾਇਦਾਦਾਂ ਜ਼ਬਤ ਹੋਣਗੀਆਂ ਜਿੰਨ੍ਹਾਂ ਨੇ ਨਜਾਇਜ਼ ਬਣਾਈਆਂ ਹਨ। ਅਸੀਂ ਸ਼ਹੀਦ ਹੋ ਚੁੱਕੇ ਪਰਿਵਾਰਾਂ ਦੀ ਸਾਰ ਲਵਾਂਗੇ। ਉਹਨਾਂ ਲਈ ਰੋਜ਼ਗਾਰ ਦੇ ਸਾਧਨ ਪੈਦਾ ਕਰਾਂਗੇ। ਸ਼ਹੀਦ ਪਰਿਵਾਰਾਂ ਦੇ ਬੱਚਿਆਂ ਦੀ ਸੰਭਾਲ ਕਰਾਂਗੇ। ਧਰਮੀ ਫੋਜੀਆਂ ਦੇ ਮੁੜ ਵਸੇਬੇ ਲਈ ਕਾਨੂੰਨ ਬਣਾਏ ਜਾਣਗੇ ਜਦੋਂ ਪੰਥਕ ਸਰਕਾਰ ਬਣੇਗੀ। ਸਭ ਤੋਂ ਵੱਡੀ ਗੱਲ ਕਿ ਚਿਰਾਂ ਦੇ ਜੇਲ੍ਹਾਂ ਵਿਚ ਬੈਠੇ ਨੌਜਵਾਨਾਂ ਨੂੰ ਰਿਹਾ ਕੀਤਾ ਜਾਏਗਾ। ਸਿੱਖ ਰੈਫਰੈਂਸ ਲਾਇਬ੍ਰੇਰੀ ਵਾਲਾ ਖ਼ਜ਼ਾਨਾ ਸਰਕਾਰ ਕੋਲੋਂ ਵਾਪਸ ਲਿਆ ਜਾਏਗਾ। ਪੰਥਕ ਸਰਕਾਰ ਵਿਚ ਕਿਸੇ ਨਾਲ ਧੱਕਾ ਨਹੀਂ ਕੀਤਾ ਜਾਏਗਾ।

ਅਕਾਲੀ ਦਲ ਨੇ ਪੰਥਕ ਮੁੱਦੇ ਪੇਸ਼ ਕੀਤੇ, ਪੰਜਾਬ ਦੀਆਂ ਮੰਗਾਂ ਦੀ ਗੱਲ ਕੀਤੀ। ਲੋਕਾਂ ਭਰੋਸਾ ਕੀਤਾ। ਕਈ ਵਾਰ ਪੰਜਾਬ ਦਾ ਮੁੱਖ ਮੰਤਰੀ ਬਣਾ ਦਿੱਤਾ। ਪੰਡਤ ਨਹਿਰੂ ਦੇ ਕਹੇ ਬੋਲਾਂ ਨੂੰ ਆਪਣਿਆਂ ਨੇ ਦੁਹਰਾਇਆ ਕਿ ਸਮਾਂ ਬੀਤ ਗਿਆ ਹੈ। ਪੰਥਕ ਤੇ ਸੂਬੇ ਦੀਆਂ ਮੰਗਾਂ ਵਜ਼ੀਰੀ ਦੀ ਭੇਟ ਚੜ੍ਹਦੀਆਂ ਸਭ ਨੇ ਦੇਖੀ। ਨਵਾਂ ਸਬਕ ਦਿੱਤਾ ਗਿਆ ਕਿ ਹੁਣ ਭੁੱਲਣ ਵਿਚ ਹੀ ਭਲਾ ਹੈ। ਉਂਝ ਜਦੋਂ ਪੰਜਾਬ ਦੀ ਚੋਣ ਆਉਂਦੀ ਰਹੀ ਤਾਂ ਕੇਵਲ ਇਕੋ ਮੁੱਦਾ ਹੀ ਰਹਿ ਜਾਂਦਾ ਸੀ ਕਾਂਗਰਸ ਨੇ ਸਿੱਖਾਂ ਨਾਲ ਬਹੁਤ ਵਧੀਕੀਆਂ ਕੀਤੀਆਂ ਹਨ। ਡੱਡੂ ਬਗਲੇ ਦੇ ਯਰਾਨੇ ਨੇ ਤਲਾਬ ਦੀਆਂ ਸਾਰੀਆਂ ਮੱਛੀਆਂ ਖੁਆ ਦਿੱਤੀਆਂ। ਸ਼੍ਰੋਮਣੀ ਅਕਾਲੀ ਦਲ ਬਾਦਲ ਸਰਕਾਰ ਬਣਾਉਂਦਾ ਰਿਹਾ, ਪੰਜਾਬ ਹਲਾਲ ਹੁੰਦਾ ਰਿਹਾ। ਸੌਦਾ ਸਾਧ ਦੇ ਇਤਰਾਜ਼ਯੋਗ ਬਾਣਾ ਪਾਉਣ ਦੇ ਇਲਜ਼ਾਮ ਲੱਗੇ, ਸ਼੍ਰੋਮਣੀ ਕਮੇਟੀ ਦਾ 92 ਲੱਖ ਰੁਪਈਆ ਇਸ਼ਤਿਹਾਰਾਂ ਵਿਚ ਲੱਗਿਆ ਕਿ ਅਸਾਂ ਬਹੁਤ ਵੱਡਾ ਮਾਅਰਕਾ ਮਾਰਿਆ ਹੈ। ਲੋਕਾਂ ਨੇ ਇਨ੍ਹਾਂ ਨੂੰ ਘਰਾਂ ਵਿਚ ਹੀ ਬੰਦ ਕਰ ਦਿੱਤਾ।

ਰੋਂਦੇ ਬੱਚੇ ਨੂੰ ਚੁੱਪ ਕਰਾਉਣ ਲਈ ਲਾਲੀਪੋਪ ਦਿੱਤਾ ਜਾਂਦਾ ਹੈ ਏਸੇ ਤਰ੍ਹਾਂ ਪੰਜਾਬ ਦੀ ਕੋਈ ਵਿਉਂਤ

ਬੰਦੀ ਬਣਾਉਣ ਦੀ ਥਾਂ 'ਤੇ ਬਜ਼ੁਰਗਾਂ ਨੂੰ ਤੀਰਥਾਂ ਤੇ ਲਿਜਾਣ ਲਈ ਮੁਫਤ ਰੇਲ ਗੱਡੀਆਂ ਦੇ ਝੂਟੇ ਦਿੱਤੇ ਗਏ। ਸੰਗਤਾਂ ਨਿਹਾਲ ਹੋਈਆਂ ਪੰਜ ਸਾਲ ਲਈ ਫਿਰ ਚੁਣ ਲਿਆ ਗਿਆ। ਪ੍ਰਕਾਸ਼ ਸਿੰਘ ਬਾਦਲ ਨੇ ਫਰਮਾਇਆ ਕਿ ਮੈਂ ਹੁਣ ਬੁੱਢਾ ਹੋ ਗਿਆ ਹਾਂ ਤੁਹਾਡੇ ਵਿਚ ਕੋਈ ਕਾਬਲ ਅਕਾਲੀ ਨਹੀਂ ਰਿਹਾ ਇਸ ਲਈ ਮੇਰਾ ਬੇਟਾ ਉਪ ਮੁੱਖ ਮੰਤਰੀ ਬਣੇਗਾ। ਭਾਵ ਰਾਜੇ ਦਾ ਪੁੱਤ ਹੀ ਰਾਜਾ ਬਣੇਗਾ। ਹੀਂ-ਹੀਂ ਕਰਕੇ ਸਾਰਿਆਂ ਨੇ ਪ੍ਰਵਾਨਗੀ ਲਈ ਸਿਰ ਹਿਲਾਇਆ। ਸਰਕਾਰੀ ਅਨੰਦ ਹੇਠ ਆਪਣੇ-ਆਪ ਨੂੰ ਅਣਖੀ ਅਖਵਾਉਂਦੇ ਦੰਦਾਂ ਹੇਠ ਜ਼ੁਬਾਨ ਦੇ ਕੇ ਬੈਠ ਗਏ, ਕਿ ਕਿਤੇ ਸਾਡੇ ਟੱਬਰ ਦੀਆਂ ਟਿਕਟਾਂ ਹੀ ਨਾ ਕੱਟੀਆਂ ਜਾਣ।

ਹੁਣ ਜਦੋਂ ਵੀ ਅਕਾਲੀਆਂ ਦੀ ਸਰਕਾਰ ਆਉਂਦੀ ਤਾਂ ਹਰ ਵਾਰੀ ਜੂਨ 1984 ਨੂੰ ਭੁੱਲਣ ਲਈ ਕਹਿੰਦੇ। ਜੇ ਕੋਈ ਯਾਦ ਕਰਨ ਦਾ ਯਤਨ ਕਰਦਾ ਤਾਂ ਟਾਸਕ ਫੋਰਸ ਨਾਲ ਚੁੱਪ ਕਰਾ ਦਿੰਦੇ, ਕਿੰਨੇ ਸ਼ਹੀਦੀ ਹਫਤੇ (ਜੂਨ ਚੌਰਾਸੀ) ਲੰਘੇ ਹਰ ਵਾਰ ਪੰਥਕ ਸਰਕਾਰ ਨੇ ਕੇਂਦਰੀ ਸਰਕਾਰ ਨੂੰ ਕੁਝ ਚੰਗਾ ਦਿਖਾਉਣ ਲਈ ਸ਼ਹੀਦੀ ਸਮਾਗਮਾਂ 'ਤੇ ਰੋਕਾਂ ਲਗਾਈਆਂ। ਪੰਥਕ ਸਰਕਾਰ ਹੋਣ ਦੇ ਨਾਤੇ ਇਹ ਹੀ ਕੋਸ਼ਿਸ਼ ਰਹੀ ਕਿ ਗਰਮਦਲੀਆਂ ਨੂੰ ਅਕਾਲ ਤਖਤ 'ਤੇ ਨਾ ਆਉਣ ਦਿੱਤਾ ਜਾਵੇ। ਹਾਲਾਤ ਏਦਾਂ ਦੇ ਬਣ ਗਏ ਕਿ ਪੰਥਕ ਸਰਕਾਰ ਸਪੱਸ਼ਟੀਕਰਣ ਹੀ ਦਿੰਦੀ ਰਹੇ ਕਿ ਅਸੀਂ ਬਹੁਤ ਵੱਡੇ ਦੇਸ਼ ਭਗਤ ਹਾਂ।

ਇਸ ਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜੂਨ 1984 ਨੂੰ ਯਾਦ ਕਰ ਰਹੀਆਂ ਪੰਥਕ ਧਿਰਾਂ ਦਾ ਵਿਰੋਧ ਨਹੀ ਕੀਤਾ ਕਿਉਂ?

ਜੂਨ 1984 ਦੇ ਅਹਿਮ ਮੁੱਦੇ 'ਤੇ ਪ੍ਰਸਿੱਧ ਪੱਤਰਕਾਰ ਸ੍ਰ. ਗੁਰਿੰਦਰ ਸਿੰਘ ਮਹਿੰਦੀਰੱਤਾ ਦੀ ਟਿੱਪਣੀ ਬਹੁਤ ਭਾਵਪੂਰਤ ਹੈ, ਜੋ 7 ਜੂਨ 2021 ਨੂੰ ਸਪੋਕਸਮੈਨ ਵਿਚ ਛਪੀ:-

**ਅਕਾਲੀ ਦਲ ਬਾਦਲ ਹੁਣ ਸ਼੍ਰੋਮਣੀ ਕਮੇਟੀ ਰਾਹੀਂ ਸਿੱਖਾਂ ਦੀਆਂ ਵੋਟਾਂ ਹਾਸਲ ਕਰਨ ਲਈ ਯਤਨਸ਼ੀਲ**

ਇਸ ਵਾਰ 6 ਜੂਨ ਨੂੰ ਗਰਮ ਖਿਆਲੀਆਂ ਨਾਲ ਸ਼੍ਰੋਮਣੀ ਕਮੇਟੀ ਦੇ ਟਕਰਾਅ ਦੀ ਕੋਈ ਖਬਰ ਪ੍ਰਕਾਸ਼ਿਤ ਨਾ ਹੋਣਾ, ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਵੱਲੋਂ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਿੱਖ ਕੌਮ ਦਾ ਸਰਮਾਇਆ ਦਰਸਾਉਣਾ, ਖਾਲਿਸਤਾਨ ਦੇ ਨਾਅਰਿਆਂ ਨੂੰ ਜਾਇਜ਼ ਠਹਿਰਾਉਣਾ, ਅਕਾਲ ਤਖਤ ਦੇ ਜਥੇਦਾਰ ਵੱਲੋਂ ਘੱਲੂਘਾਰੇ ਨੂੰ ਸਾਕਾ ਨੀਲਾ ਤਾਰਾ ਜਾਂ ਬਲਿਊ ਸਟਾਰ ਅਪ੍ਰੇਸ਼ਨ ਨਾ ਲਿਖਣ ਬਾਰੇ ਮੀਡੀਏ ਨੂੰ ਅਪੀਲ ਕਰਨੀ। ਜਿਸ ਤੋਂ ਸਹਿਜੇ ਹੀ ਅੰਦਾਜਾ ਲੱਗਦਾ ਹੈ ਕਿ ਅਕਾਲੀ ਦਲ ਬਾਦਲ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਰਾਹੀਂ ਪਰੰਪਰਾਗਤ ਸਿੱਖ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਵਿੱਚ ਲੱਗ ਗਿਆ ਹੈ। ਪਹਿਲਾਂ ਆਰ.ਐਸ.ਐਸ. ਅਤੇ ਭਾਜਪਾ ਦੇ ਦਬਾਅ ਕਾਰਨ ਅਕਾਲੀ ਦਲ ਬਾਦਲ ਨੇ ਪੰਥਕ ਰਹਿਤ ਮਰਿਆਦਾ, ਸਿੱਖ ਸਿਧਾਂਤਾਂ ਜਾਂ ਵਿਚਾਰਧਾਰਾ ਦੀ ਬਹੁਤੀ ਪ੍ਰਵਾਹ ਕਰਨੀ ਛੱਡ ਦਿੱਤੀ ਸੀ, ਕਿਉਂਕਿ ਬਾਦਲ ਦਲ ਨੇ ਜੂਨ 84 ਅਤੇ ਨਵੰਬਰ 84 ਦੇ ਸਿੱਖ ਵਿਰੋਧੀ ਘੱਲੂਘਾਰਿਆਂ ਉੱਪਰ ਸਿਆਸੀ ਰੋਟੀਆਂ ਤਾਂ ਬਹੁਤ ਸੇਕੀਆਂ ਅਤੇ ਉਕਤ ਘਟਨਾਵਾਂ ਦੀ ਆੜ ਵਿੱਚ ਕਾਂਗਰਸ ਨੂੰ ਨੀਵਾਂ ਦਿਖਾ ਕੇ ਭਾਜਪਾ ਨੂੰ ਫਾਇਦਾ ਪਹੁੰਚਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਦੋਨੋਂ ਘਟਨਾਵਾਂ ਤੋਂ ਪੀੜਤ ਸਿੱਖ ਪਰਿਵਾਰਾਂ ਦੀ ਕਦੇ ਸਾਰ ਲੈਣ ਦੀ ਜ਼ਰੂਰਤ ਤੱਕ ਨਾ ਸਮਝੀ। ਪੰਜਾਬ 'ਚ ਅਕਾਲੀ ਦਲ ਦੀ ਸਰਕਾਰ ਹੋਣ ਦੇ ਬਾਵਜੂਦ 1986 'ਚ ਵਾਪਰੇ ਨਕੋਦਰ ਕਾਂਡ ਤੇ 2015 ਦੀਆਂ ਬੇਅਦਬੀ ਦੀਆਂ ਘਟਨਾਵਾਂ ਤੋਂ ਪੀੜਤ ਪਰਿਵਾਰਾਂ ਨੂੰ ਅੱਜ ਤੱਕ ਵੀ ਇਨਸਾਫ ਨਹੀਂ ਮਿਲਿਆ।

ਜੂਨ 84 ਦੇ ਘੱਲੂਘਾਰੇ ਦੀ ਯਾਦ ਮਨਾਉਣ ਮੌਕੇ ਇਸ ਵਾਰ 6 ਜੂਨ ਨੂੰ ਸ਼੍ਰੋਮਣੀ ਕਮੇਟੀ ਦਾ ਰਵੱਈਆ ਗਰਮਖਿਆਲੀਆਂ ਪ੍ਰਤੀ ਕਾਫੀ ਨਰਮੀ ਵਾਲਾ ਰਿਹਾ ਅਤੇ ਇਸ ਵਾਰ ਪਹਿਲਾਂ ਦੀ ਤਰਾਂ ਟਕਰਾਅ ਵੀ ਦੇਖਣ ਨੂੰ ਨਾ ਮਿਲਿਆ। ਹਰ ਸਾਲ ਦੀ ਤਰਾਂ ਇਸ ਵਾਰ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਵੀ ਪ੍ਰਕਰਮਾ ਵਿੱਚ ਜਾਂ ਅਕਾਲ ਤਖਤ ਦੇ ਆਸ ਪਾਸ ਨਜਰ ਨਾ ਆਈ, ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਕੌਮ ਦੇ ਨਾਂਅ ਸੰਦੇਸ਼ ਵਿੱਚ ਹਮਦਰਦੀ ਜਤਾਉਂਦਿਆਂ ਕਿਹਾ ਕਿ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਸਿੱਖਾਂ ਦੇ ਦਰਦ ਦੇ ਕਾਰਨ ਨਿਕਲਦੇ ਹਨ, 37 ਸਾਲਾਂ ਬਾਅਦ ਅਕਾਲ ਤਖਤ ਦੇ ਜਥੇਦਾਰ ਵਲੋਂ ਜੂਨ 84 ਦੇ ਪੀੜਤ ਪਰਿਵਾਰਾਂ ਅਤੇ ਚਸ਼ਮਦੀਦ ਗਵਾਹਾਂ ਨੂੰ ਉਸ ਸਮੇਂ ਦੇ ਘਟਨਾਕ੍ਰਮ ਦੇ ਵੀਡੀਉ ਕਲਿੱਪ ਬਣਾ ਕੇ ਅਕਾਲ ਤਖਤ 'ਤੇ ਭੇਜਣ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਜੂਨ 84 ਦੇ ਘੱਲੂਘਾਰੇ ਵਿੱਚ ਗੋਲੀ ਲੱਗਣ ਨਾਲ ਜ਼ਖ਼ਮੀ ਹੋਏ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੇ ਦਰਸ਼ਨ ਕਰਵਾ ਕੇ ਸਿੱਖ ਸੰਗਤਾਂ ਵਿੱਚ 1984 ਦੇ ਦਰਦ ਦੇ ਜ਼ਖ਼ਮਾਂ ਨੂੰ ਦੁਬਾਰਾ ਹਰਾ ਕਰਨ ਦੀ ਕੋਸ਼ਿਸ਼ ਆਦਿਕ ਉਦਾਹਰਨਾਂ ਦਰਸਾਉਂਦੀਆਂ ਹਨ ਕਿ ਅਕਾਲੀ ਦਲ ਬਾਦਲ ਵਲੋਂ ਬਰਗਾੜੀ ਬੇਅਦਬੀ ਕਾਂਡ ਅਤੇ ਉਸ ਤੋਂ ਬਾਅਦ ਵਾਪਰੀਆਂ ਸੰਗਤਾਂ ਉੱਪਰ ਢਾਹੇ ਗਏ ਪੁਲਸੀਆਂ ਦੇ ਅੱਤਿਆਚਾਰ ਵਾਲੀਆਂ ਘਟਨਾਵਾਂ ਤੋਂ ਧਿਆਨ ਹਟਾ ਕੇ ਤਖਤਾਂ ਦੇ ਜਥੇਦਾਰਾਂ ਅਤੇ ਸ਼੍ਰੋਮਣੀ ਕਮੇਟੀ ਰਾਹੀਂ ਸਿੱਖਾਂ ਦਾ ਧਿਆਨ ਇਸ ਘੱਲੂਘਾਰੇ ਵਾਲੇ ਪਾਸੇ ਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਕਿ ਜੂਨ 84 ਦੇ ਘੱਲੂਘਾਰੇ ਦਾ ਕਾਲਾ ਦਾਗ ਕਾਂਗਰਸ ਪਾਰਟੀ ਅਰਥਾਤ ਉਸ ਸਮੇਂ ਦੀ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਮੱਥੇ 'ਤੇ ਹੈ ਅਤੇ ਵਰਤਮਾਨ ਸਮੇਂ ਵਿੱਚ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਹੈ।

ਜ਼ਿਕਰਯੋਗ ਹੈ ਕਿ ਭਾਜਪਾ ਨਾਲ ਗਠਜੋੜ ਹੋਣ ਕਰਕੇ ਅਤੇ ਸੱਤਾ ਦੇ ਨਸ਼ੇ ਵਿੱਚ ਚੂਰ ਬਾਦਲ ਦਲ ਹੁਣ ਤੱਕ ਪੰਥਕ ਵਿਚਾਰਧਾਰਾ, ਰਹਿਤ ਮਰਿਆਦਾ, ਸਿੱਖ ਸਿਧਾਂਤਾਂ ਅਤੇ ਗਰਮਖਿਆਲੀਆਂ ਤੋਂ ਕਾਫੀ ਦੂਰ ਰਿਹਾ। ਜਿਸ ਕਰਕੇ ਤਖਤਾਂ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਨੇ ਵੀ ਗਰਮਖਿਆਲੀਆਂ ਤੋਂ ਦੂਰੀ ਬਣਾਈ ਰੱਖੀ। ਕਿਉਂਕਿ ਸ਼੍ਰੋਮਣੀ ਕਮੇਟੀ ਅਤੇ ਤਖਤਾਂ ਦੇ ਜਥੇਦਾਰ ਆਪਣੇ ਸਿਆਸੀ ਆਗੂਆਂ ਵੱਲੋਂ ਮਿਲੇ ਇਸ਼ਾਰੇ ਤੋਂ ਭੌਰਾ-ਭਰ ਵੀ ਬਾਹਰ ਜਾਣ ਦੀ ਜੁਰਅਤ ਨਹੀਂ ਕਰ ਸਕਦੇ। ਪਹਿਲਾਂ ਆਰ.ਐੱਸ.ਐੱਸ ਅਤੇ ਭਾਜਪਾ ਦੇ ਸਾਰੇ ਆਗੂਆਂ ਦਾ ਬਾਦਲ ਪਰਿਵਾਰ 'ਤੇ ਹਰ ਸਮੇਂ ਦਬਾਅ ਬਣਿਆ ਰਹਿੰਦਾ ਸੀ ਕਿ ਉਹ ਗਰਮਖਿਆਲੀਆਂ ਤੋਂ ਦੂਰ ਰਹਿਣ ਅਤੇ ਉਨ੍ਹਾਂ ਨਾਲ ਕੋਈ ਵਾਸਤਾ ਨਾ ਰੱਖਣ। ਪਰ ਹੁਣ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦਾ ਗਠਜੋੜ ਟੁੱਟ ਚੁੱਕਾ ਹੈ। ਅਕਾਲੀ ਦਲ ਬਾਦਲ ਪਿਛਲੇ ਲੰਮੇ ਸਮੇਂ ਤੋਂ ਸਿੱਖ ਪੰਥ ਦੀ ਨਰਾਜਗੀ ਦਾ ਸ਼ਿਕਾਰ ਹੈ। ਤਤਕਾਲੀਨ ਬਾਦਲ ਸਰਕਾਰ ਦੌਰਾਨ 1 ਜੂਨ 2015 ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਪਾਵਨ ਸਰੂਪ ਚੋਰੀ ਹੋਣ, 24-25 ਸਤੰਬਰ ਦੀ ਦਰਮਿਆਨੀ ਰਾਤ ਨੂੰ ਬਰਗਾੜੀ ਅਤੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦਵਾਰਿਆਂ ਦੀਆਂ ਕੰਧਾਂ 'ਤੇ ਭੜਕਾਊ ਪੋਸਟਰ ਲੱਗਣ, 12 ਅਕਤੂਬਰ ਨੂੰ ਬਰਗਾੜੀ ਵਿਖੇ ਬੇਅਦਬੀ ਕਾਂਡ ਨੂੰ ਅੰਜਾਮ ਦੇਣ, 14 ਅਕਤੂਬਰ ਨੂੰ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਖੇ ਸ਼ਾਂਤਮਈ ਧਰਨੇ 'ਤੇ ਬੈਠੀਆਂ ਸੰਗਤਾਂ 'ਤੇ ਪੁਲਸੀਆਂ ਅੱਤਿਆਚਾਰ ਢਾਹੁਣ ਦੇ ਬਾਦਲ ਸਰਕਾਰ ਉੱਪਰ ਦੋਸ਼ ਲੱਗੇ ਹਨ। ਇਸ ਤੋਂ ਇਲਾਵਾ ਉਕਤ ਘਟਨਾਵਾਂ ਲਈ ਜਿੰਮੇਵਾਰ ਸਮਝੇ ਜਾਂਦੇ ਡੇਰਾ ਸਿਰਸਾ ਦੇ ਮੁਖੀ ਨੂੰ ਤਖਤਾਂ ਦੇ ਜਥੇਦਾਰਾਂ ਤੋਂ ਜ਼ਬਰੀ ਬਿਨ ਮੰਗੀ ਮਾਫੀ ਦਿਵਾਉਣ ਅਤੇ ਬੇਅਦਬੀ ਕਾਂਡ ਦੇ ਦੋਸ਼ੀਆਂ ਦੀ ਸਰਪ੍ਰਸਤੀ ਦੇ ਦੋਸ਼ ਵੀ ਬਾਦਲਾਂ ਉੱਪਰ ਲੱਗ ਚੁੱਕੇ ਹਨ। ਉਪਰੋਕਤ ਘਟਨਾਵਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੱਖ ਸੰਸਥਾਵਾਂ, ਪੰਥਕ ਜਥੇਬੰਦੀਆਂ ਅਤੇ ਪੰਥਦਰਦੀਆਂ ਦੀ ਨਾਰਾਜ਼ਗੀ ਨੂੰ ਦੂਰ ਕਰਕੇ ਬਾਦਲ ਦਲ ਕਿਸੇ ਵੀ ਤਰ੍ਹਾਂ ਸਿੱਖਾਂ ਦੀਆਂ ਵੋਟਾਂ ਵਾਪਸ ਲਿਆਉਣ ਲਈ ਯਤਨਸ਼ੀਲ ਹੈ।

**ਛੱਡ ਕੇ ਹੋਰਾਂ ਦੀਆਂ**
**ਜੂਠਾਂ ਤੇ ਚਗਲਾਂ ਖਾਣੀਆਂ,**
**ਗਿਦੜੋਂ ਸ਼ੇਰਾਂ ਵਾਂਗੂ ਢਿੱਡ ਭਰਨਾ ਸਿੱਖ ਲਓ।**
**ਅਮਰ ਜੀਵਨ ਮਿਲਦਾ**
**ਮੌਤ ਦੀ ਘਾਟੀ ਵਿਚੋਂ ਲੰਘ ਕੇ,**
**ਮੌਤ ਦੇ ਵਣਜਾਰਿਓ !**
**ਪਹਿਲਾਂ ਮੌਤ ਮਰਨਾ ਸਿੱਖ ਲਓ।**

-ਬਲੱਗਣ

# ਪਾਠਕਾਂ ਦੇ ਸਵਾਲਾਂ ਦੇ ਜਵਾਬ

-ਗੁਰਮਤਿ ਵਿਰਸਾ ਬਿਊਰੋ

**1. ਸਵਾਲ: ਕੀ ਅਰਦਾਸੀਏ ਸਿੱਖ ਨੂੰ 'ਅਰਦਾਸ ਕਰਾਈ ਦੀ ਭੇਟਾ' ਦਿੱਤੀ ਜਾ ਸਕਦੀ ਹੈ?**

**ਜਵਾਬ:** ਸਿੱਖ ਰਹਿਤ ਮਰਿਯਾਦਾ ਦੇ ਪੰਨਾ ਨੰਬਰ 18 'ਤੇ ਕੜਾਹ ਪ੍ਰਸਾਦਿ ਦੇ ਸਿਰਲੇਖ ਹੇਠ ਭਾਗ (ਸ) ਵਿਚ ਪੰਨਾ ਨੰਬਰ 19 'ਤੇ ਇਸ ਤਰ੍ਹਾਂ ਅੰਕਿਤ ਹੈ-

"ਕੜਾਹ ਪ੍ਰਸ਼ਾਦਿ ਭੇਟਾ ਕਰਨ ਵੇਲੇ ਘੱਟ ਤੋਂ ਘੱਟ ਇਕ ਟਕਾ ਨਗਦ ਅਰਦਾਸ ਭੀ ਹੋਵੇ।"

**2. ਸਵਾਲ: ਕਈ ਸਿੱਖ ਆਪਣੇ ਬੱਚਿਆਂ ਦੇ ਨੱਕ ਕੰਨ ਵਿੰਨ੍ਹ ਦਿੰਦੇ ਹਨ। ਕੀ ਇਸ ਤਰ੍ਹਾਂ ਕਰਨਾ ਠੀਕ ਹੈ?**

**ਜਵਾਬ:** ਬੱਚਿਆਂ ਦੇ ਨੱਕ, ਕੰਨ ਵਿੰਨ੍ਹਣੇ ਵਿਵਰਜਿਤ ਹਨ। ਸਿੱਖ ਰਹਿਤ ਮਰਯਾਦਾ' ਤੇ ਰਹਿਤਨਾਮਿਆਂ ਵਿਚ ਨੱਕ, ਕੰਨ ਛੇਦਣ ਦੀ ਮਨਾਹੀ ਕੀਤੀ ਗਈ ਹੇ। ਭਾਈ ਦਯਾ ਸਿੰਘ ਜੀ ਆਪਣੇ ਰਚੇ ਹੋਏ ਰਹਿਤਨਾਮੇ ਵਿਚ ਸਤਿਗੁਰਾਂ ਦਾ ਹੁਕਮ ਇਸ ਤਰ੍ਹਾਂ ਪ੍ਰਗਟ ਕਰਦੇ ਹਨ।

ਬੇਧੇ ਕਾਨ ਨ ਨਾਕ ਕੋ, ਸਤਿਗੁਰੁ ਕੀ ਮਰਯਾਦਾ।

**3. ਸਵਾਲ: ਐਸੇ ਕਿਹੜੇ ਰਹਿਤਨਾਮੇ ਹਨ ਜਿਨ੍ਹਾਂ ਵਿਚ ਖ਼ਾਲਸੇ ਨੂੰ ਸ਼ਸਤਰਧਾਰੀ ਹੋਣਾ ਦ੍ਰਿੜ੍ਹ ਕਰਾਇਆ ਗਿਆ ਹੈ?**

**ਜਵਾਬ:** ਗੁਰੂ ਸਾਹਿਬ ਨੇ ਸ੍ਵੈ-ਰਖਯਾ ਅਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਸ਼ਸਤਰ ਧਾਰਣ ਕਰਨਾ ਹਰ ਸਿੱਖ ਲਈ ਵਿਧਾਨ ਨੀਯਤ ਕੀਤਾ ਹੈ। "ਰਹਤਨਾਮਾ ਪ੍ਰਸ਼ਨ ਉਤਰ ਭਾਈ ਨੰਦ ਲਾਲ ਸਿੰਘ ਜੀ ਕਾ" ਵਿਚ ਦਰਜ ਹੇ:

**ਸ਼ਸਤ੍ਰਹੀਨ ਇਹ ਕਬਹੁ ਨਾ ਹੋਈ। ਰਹਤਵੰਤ ਖ਼ਾਲਿਸ ਹੈ ਸੋਈ ।।**

'ਰਹਿਤਨਾਮਾ ਭਾਈ ਦਯਾ ਸਿੰਘ ਜੀ ਦਾ' ਵਿਚ ਦਰਜ ਹੈ:

**ਘੋੜੇ ਔਰ ਸ਼ਸਤ੍ਰ ਦੀ ਸਾਰ ਰਖੇ।**

ਗੁਰ ਬਿਲਾਸ ਪਾਤਸ਼ਾਹੀ 10, ਅਧਿਆਇ 23 ਵਿਚ ਸ੍ਰੀ ਦਸਮੇਸ਼ ਜੀ ਦਾ ਸੰਗਤ ਨੂੰ ਕੀਤਾ ਉਪਦੇਸ਼ ਇਸ ਤਰ੍ਹਾਂ ਦਰਜ ਹੈ:

**ਪੁਨੰ ਸੰਗ ਸਾਰੇ ਪ੍ਰਭੂ ਜੀ ਸੁਨਾਈ। ਬਿਨਾ ਤੇਗ ਤੀਰੰ ਰਹੋ ਨਾ ਭਾਈ।।**

**ਬਿਨਾ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ।**
**ਗਹੇ ਕਾਨ ਤਾਕੋ ਕਿਤੇ ਲੈ ਸਿਧਾਨੋ।।**
**ਇਹੈ ਮੋਰ ਆਗਯਾ ਸੁਨੋ ਹੇ ਪਿਆਰੇ।**
**ਬਿਨਾ ਕੇਸ ਤੇਗੰ ਦਿਵੋ ਨ ਦਿਦਾਰੇ।**
**ਇਹੈ ਮੋਰ ਬੈਨਾ ਮੰਨੇਗਾ ਸੁ ਜੋਈ।**
**ਤਿਸੈ ਇੱਛ ਪੂਰੀ ਸਭੈ ਜਾਨ ਹੋਈ।**

'ਰਹਤਨਾਮਾ ਭਾਈ ਦੇਸਾ ਸਿੰਘ' ਵਿਚ ਦਰਜ ਹੈ:

**ਕੱਛ ਕ੍ਰਿਪਾਣ ਨ ਕਬਹੂੰ ਤਯਾਗੈ।ਸਨਮੁਖ ਲਰੈ, ਨ ਰਣ ਤੇ ਭਾਗੈ।**

'ਗੁਰੁ ਪ੍ਰਤਾਪ ਸੂਰਯ ਰੁਤ 3, ਅਧਿਆਇ 23' ਵਿਚ 'ਕਲਗੀਧਰ ਪਾਤਸ਼ਾਹ ਦਾ ਖ਼ਾਲਸੇ ਨੂੰ ਉਪਦੇਸ਼' ਦਰਜ ਹੈ:

**ਸ਼ਸਤ੍ਰਨ ਕੇ ਅਧੀਨ ਹੈ ਰਾਜ। ਜੋ ਨ ਧਰਹਿ, ਤਿਸ ਬਿਗਰਹਿ ਕਾਜ।**

**ਯਾਂਤੇ ਸਰਬ ਖ਼ਾਲਸਾ ਸੁਨੀਅਹਿ। ਆਯੁਧ ਧਰਬੇ ਉੱਤਮ ਗਨੀਅਹਿ।**

**ਝਬ ਹਮਰੇ ਦਰਸ਼ਨ ਕੋ ਆਵਹੁ। ਬਨ ਸੁਚੇਤ ਤਨ ਸ਼ਸਤ੍ਰ ਸਜਾਵਹ।**

**ਕਮਰਕਸਾ ਕਰ ਦੇਹੁ ਦਿਖਾਈ। ਹਮਰੀ ਖ਼ੁਸ਼ੀ ਹੋਈ ਅਧਿਕਾਈ।**

**4. ਸਵਾਲ: ਮੈਂ ਰਮਦਾਸੀਆ ਜਾਤੀ ਨਾਲ ਸਬੰਧ ਰਖਣ ਵਾਲਾ ਗੁਰਸਿੱਖ ਅੰਮ੍ਰਿਤਧਾਰੀ ਤੇ ਗੁਰੂ ਗ੍ਰੰਥ ਸਾਹਿਬ ਦਾ ਆਖੰਡ ਪਾਠੀ ਹਾਂ। ਮੇਰੇ ਕੋਲੋਂ ਕਈ 'ਜੱਟ ਤੇ ਜਿਮੀਦਾਰ' ਪ੍ਰਸ਼ਾਦ ਨਹੀਂ ਲੈਂਦੇ, ਅਜਿਹਾ ਕਿਉਂ?**

**ਜਵਾਬ:** ਪਹਿਲੀ ਬੇਨਤੀ ਅਸੀਂ ਆਪ ਜੀ ਨੂੰ ਕਰਨੀ ਹੈ ਕਿ ਤੁਸੀਂ ਜਦੋਂ ਅੰਮ੍ਰਿਤ ਹੀ ਛਕ ਲਿਆ ਤਾਂ ਫਿਰ ਪੁਰਾਣੀ ਜਾਤ ਪਾਤ ਤਾਂ ਖਤਮ ਹੋ ਗਈ। ਸਿੱਖ ਧਰਮ ਜਾਤ ਪਾਤ ਨੂੰ ਮੰਨਦਾ ਹੀ ਨਹੀਂ ਹੈ ਤੇ ਇਸੇ ਵਹਿਮ ਭਰੀ ਬੀਮਾਰੀ ਨੂੰ ਖਤਮ ਕਰਨ ਲਈ ਸੰਗਤ, ਪੰਗਤ, ਸਰੋਵਰ ਇਸ਼ਨਾਨ ਤੇ ਅੰਮ੍ਰਿਤ ਛਕਾਉਣ ਦੀ ਮਰਯਾਦਾ ਸਿੱਖ ਧਰਮ ਵਿਚ ਬਣਾਈ ਗਈ ਹੈ। ਸੋ ਆਪ ਜੀ ਆਪਣੇ ਆਪ ਨੂੰ ਰਮਦਾਸੀਆ ਸਿੱਖ ਕਹਿ ਕੇ ਦੂਸਰੇ ਅੰਮ੍ਰਿਤਧਾਰੀ ਸ਼ਿੰਘਾਂ ਨਾਲੋਂ ਵਖਰੇਵਾਂ ਪੈਦਾ ਨਾ ਕਰੋ।

ਦੂਸਰੀ ਬੇਨਤੀ ਅਸੀਂ ਜੱਟਾਂ ਤੇ ਜਿਮੀਦਾਰਾਂ, ਆਪਣੇ ਗੁਰਸਿੱਖਾਂ ਭਰਾਵਾਂ, ਨੂੰ ਕਰਨੀ ਚਾਹੁੰਦੇ ਹਾਂ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਦੇ ਹਾਂ ਤਾਂ ਗੁਰੂ ਬਾਣੀ ਦੇ ਫੁਰਮਾਣ ਅਨੁਸਾਰ ਜਾਤ-ਪਾਤ ਦੇ ਵਿਤਕਰੇ ਪੂਰਨ ਰੂਪ ਵਿਚ ਤਿਆਗ ਦੇਈਏ। ਗੁਰੂ ਸਾਹਿਬ ਕਹਿੰਦੇ ਹਨ:

**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥**
**ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥**
**(ਭੈਰਉ ਮਹਲਾ ੩, ਪੰਨਾ-੧੧੨੭)**

ਅਜਿਹੇ ਭਰਾਵਾਂ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਗੁਰੂ ਸਾਹਿਬ ਨੇ ਜਿਨ੍ਹਾਂ ਪੰਜਾਂ ਪਿਆਰਿਆਂ ਨੂੰ ਸਭ ਤੋਂ ਵਧ ਮਾਣ ਦਿੱਤਾ ਸੀ, ਉਹਨਾਂ ਵਿਚੋਂ ਚਾਰ, ਕਹੀਆਂ ਜਾਦੀਆਂ ਨੀਵੀਆਂ ਜਾਤਾਂ ਵਿਚੋਂ ਹੀ ਸਨ, ਪਰ ਗੁਰੂ ਸਾਹਿਬ ਨੇ ਜਾਤ ਪਾਤ ਨੂੰ ਕੋਈ ਥਾਂ ਨਹੀਂ ਦਿੱਤੀ। ਇਸ ਲਈ ਅਜਿਹੇ ਵਿਤਕਰੇ ਕਰਨੇ ਛੱਡ ਦਿਉ, ਇਸੇ ਵਿਚ ਹੀ ਸਿੱਖ ਕੌਮ ਦਾ ਭਲਾ ਹੈ।

**5. ਸਵਾਲ: ਜਦੋਂ ਨੌਜਵਾਨ ਗੁਰਦੁਆਰੇ ਜਾਣ ਲੱਗਦਾ ਹੈ, ਤਾਂ ਵੱਡੇ ਇਹ ਸਮਝਦੇ ਹਨ ਕਿ ਉਹ ਗ਼ਲਤ ਕੰਮ ਕਰਨ ਆਉਂਦਾ ਹੈ, ਇਸ ਸ਼ੱਕ ਦੀ ਨਿਗਰਾਨੀ ਕਰਕੇ ਉਹ ਬਾਹਰ ਹੀ ਰਹਿਣਾ ਚੰਗਾ ਸਮਝਦਾ ਹੈ, ਇਸ ਦਾ ਕੀ ਹੱਲ ਹੈ?**

**ਜਵਾਬ:** ਨੌਜਵਾਨ ਕੌਮ ਦਾ ਸਰਮਾਇਆ ਹਨ, ਕੌਮ ਦਾ ਭਵਿੱਖ ਹਨ, ਕੌਮ ਦੇ ਭਵਿੱਖ ਦੇ ਵਾਰਿਸ ਹਨ। ਨੌਜਵਾਨਾਂ ਵਿਚ ਕੰਮ ਕਰਨ ਦਾ ਜਜ਼ਬਾ ਹੁੰਦਾ ਹੈ, ਉਹ ਠੰਡਾ ਨਹੀਂ ਹੋਣ ਦੇਣਾ ਚਾਹੀਦਾ। ਨਿਰਉਤਸ਼ਾਹਿਤ ਹੋਇਆ ਨੌਜਵਾਨ ਕਈ ਵਾਰ ਧਰਮ ਦਾ ਰਾਹ ਤਿਆਗ ਵੀ ਦਿੰਦਾ ਹੈ। ਇਹ ਗੱਲਾਂ ਵੱਡਿਆਂ ਦੇ ਮਨਾਂ ਵਿਚ ਪਾਉਣੀਆਂ ਚਾਹੀਦੀਆਂ ਹਨ। ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਇਸ ਲਈ ਤਿਆਰ ਕਰਨਾ ਚਾਹੀਦਾ ਹੈ ਕਿ ਉਹ ਨੌਜਵਾਨਾਂ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਣ ਦੀ ਬਜਾਏ ਉਨ੍ਹਾਂ ਨੂੰ ਥਾਪੜੇ ਦੇਣ। ਜੇਕਰ ਕੋਈ ਸ਼ੱਕ ਉਨ੍ਹਾਂ ਦੇ ਮਨਾਂ ਵਿਚ ਹੋਵੇ, ਤਾਂ ਪੂਰੀ ਤਰ੍ਹਾਂ ਸੁਚੇਤ ਰਹਿਣ।

**6. ਸਵਾਲ: ਠਾਠ ਵਾਲੇ ਗੁਰਦੁਆਰੇ ਬਾਹਰ ਸ਼ੇਰ ਦੀ ਫ਼ੋਟੋ ਬਣੀ ਹੁੰਦੀ ਹੈ, ਪਰ ਆਮ ਗੁਰਦੁਆਰਿਆ ਵਿਚ ਨਹੀਂ, ਕਿਉਂ?**

**ਜਵਾਬ:** ਸਿੱਖ ਫੋਟੋ ਜਾਂ ਪੱਥਰ ਦਾ ਪੁਜਾਰੀ ਨਹੀਂ, ਅਕਾਲ ਦਾ ਪੁਜਾਰੀ ਹੈ। ਸਿੱਖ ਦਾ ਗੁਰੂ 'ਮੂਰਤੀ' ਨਹੀਂ, 'ਸ਼ਬਦ' ਗੁਰੂ ਹੈ, ਗੁਰੂ ਗ੍ਰੰਥ ਸਾਹਿਬ 'ਗੁਰੂ' ਹੈ।ਸਿੱਖ ਨੂੰ ਹੁਕਮ ਹੈ, ਪੂਜਾ ਅਕਾਲ ਕੀ, ਪਰਚਾ ਸ਼ਬਦ ਦਾ, ਦੀਦਾਰ ਖ਼ਾਲਸੇ ਦਾ। ਸ਼ੇਰ ਦੀ ਫ਼ੋਟੋ ਜਾਂ ਕੋਈ ਹੋਰ ਚਿੱਤਰਕਾਰੀ ਕਰਨੀ, ਕੋਈ ਗਲਤ ਗੱਲ ਨਹੀਂ ਹੈ, ਇਮਾਰਤ ਸਾਜ਼ੀ ਵਿਚ ਕਲਾਵਾਂ ਆ ਸਕਦੀਆਂ ਹਨ, ਪਰ ਸਿੱਖ ਸਿਧਾਤਾਂ ਅਨੁਸਾਰ ਗੁਰੂ-ਸ਼ਬਦ ਦੀ ਸ੍ਰੇਸ਼ਟਤਾ ਹੈ।

**7. ਸਵਾਲ: ਗੁਰੂ ਗ੍ਰੰਥ ਸਾਹਿਬ ਜੀ ਉਪਰ ਚਾਨਣੀ ਬੰਨ੍ਹਣ ਦਾ ਕੀ ਮਹੱਤਵ ਹੈ?**

**ਜਵਾਬ:** ਗੁਰੂ ਗ੍ਰੰਥ ਸਾਹਿਬ ਸਾਡੇ ਗੁਰੂ ਹਨ, ਸਮੁੱਚੀ ਦੁਨੀਆਂ ਦੇ ਗੁਰੂ ਹਨ, ਸ਼ਹਿਨਸ਼ਾਹ ਹਨ, ਪਾਤਸ਼ਾਹ ਹਨ। ਜਿਵੇਂ ਰਾਜੇ ਦਾ ਦਰਬਾਰ ਲੱਗਣ ਸਮੇਂ ਸਤਿਕਾਰ ਵਜੋਂ ਉਪਰ ਚਾਨਣੀ ਬੰਨ੍ਹਦੇ ਹਨ। ਇਹ ਸੱਚੇ ਪਾਤਸ਼ਾਹ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਜੋਂ ਲਗਾਈ ਜਾਂਦੀ ਹੈ।-0-



# ਸ਼ਬਦ ਵਿਚਾਰ

## ਗੁਰੂ ਦੀ ਸੇਵਾ ਤਥਾ ਸਿੱਖਿਆ




ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725


ਨਾਨਕਈ ਫਲਸਫ਼ਾ ਵਿਹਲੜ ਮਨੁੱਖ ਨੂੰ ਪੂਰੀ ਤਰ੍ਹਾਂ ਨਿਕਾਰਦਾ ਹੈ। ਕਿਰਤ ਕਰਨੀ ਜਾਂ ਕਿਰਤ ਦੇ ਸਾਧਨ ਪੈਦਾ ਕਰਨ ਨਾਲ ਸਮਾਜ ਤਰੱਕੀ ਦੀ ਲੀਹ 'ਤੇ ਚਲਦਾ ਹੈ। ਦੂਸਰਾ ਵਿਚਾਰ ਵੰਡ ਕੇ ਛੱਕਣ ਦਾ ਆਉਂਦਾ ਹੈ ਜਿਹੜਾ ਸਮਾਜਿਕ ਬਰਾਬਰੀ ਪੈਦਾ ਕਰਦਾ ਹੈ। ਇਹ ਦੋ ਕੰਮ ਕਰਨ ਵਾਲਾ ਹੀ ਅਸਲ ਵਿਚ ਨਾਮ ਜੱਪ ਰਿਹਾ ਹੈ। ਇਹਨਾਂ ਵਿਚਾਰਾਂ ਨੂੰ ਅਮਲੀ ਜਾਮਾ ਦੇਣਾ ਹੀ ਗੁਰੂ ਦੀ ਸੇਵਾ ਹੈ। ਗੁਰੂ ਦੀ ਸੇਵਾ ਦਾ ਮਹੱਤਵ ਕੇਵਲ ਅਸੀਂ ਗੁਰਦੁਆਰੇ ਤੱਕ ਸੀਮਤ ਕਰਕੇ ਰੱਖ ਦਿੱਤਾ ਹੈ। ਬਿਨਾਂ ਲੋੜ ਤੋਂ ਰੁਮਾਲੇ ਚੜ੍ਹਾਈ ਜਾਣਾ, ਜਿੱਥੇ ਇਕ ਨੇ ਪੋਚਾ ਲਾਇਆ ਓੱਥੇ ਹੀ ਬਾਰ ਬਾਰ ਪੋਚਾ ਲਗਾਈ ਜਾਣਾ ਜਾਂ ਬਿਨਾਂ ਲੋੜ ਤੋਂ ਲੰਗਰਾਂ ਵਿੱਚ ਵੱਖ ਵੱਖ ਪ੍ਰਕਾਰ ਦੀਆਂ ਵੰਨਗੀਆਂ ਤਿਆਰ ਕਰੀ ਜਾਣ ਨੂੰ ਅਸੀਂ ਗੁਰੂ ਦੀ ਸੇਵਾ ਸਮਝ ਲਿਆ ਹੈ। ਸੇਵਾ ਗੁਰਦੁਆਰੇ ਵਿਚੋਂ ਸਿੱਖੀ ਜਾਂਦੀ ਹੈ ਤੇ ਇਸ ਦਾ ਖੇਤਰ ਦੁਨੀਆਂ ਵਿਚ ਨਿਰਧਾਰਤ ਕੀਤਾ ਗਿਆ ਹੈ। ਇਸ ਸਲੋਕ ਵਿਚ ਗੁਰੂ ਦੀ ਸੇਵਾ ਤੋਂ ਭਾਵ ਹੈ ਗੁਰੂ ਦਾ ਗਿਆਨ ਹਾਸਲ ਕਰਨਾ, ਉਸ ਅਨੁਸਾਰੀ ਹੋ ਕੇ ਤੁਰਨ ਤੋਂ ਹੈ—

**ਅਧਰੰ ਧਰੰ ਧਾਰਣਹ ਨਿਰਧਨੰ**
**ਧਨ ਨਾਮ ਨਰਹਰਹ ॥**
**ਅਨਾਥ ਨਾਥ ਗੋਬਿੰਦਹ**
**ਬਲਹੀਣ ਬਲ ਕੇਸਵਹ ॥**
**ਸਰਬ ਭੂਤ ਦਯਾਲ ਅਚੁਤ**
**ਦੀਨ ਬਾਂਧਵ ਦਾਮੋਦਰਹ ॥**
**ਸਰਬਗ੍ ਪੂਰਨ ਪੁਰਖ ਭਗਵਾਨਹ**
**ਭਗਤਿ ਵਛਲ ਕਰੁਣਾ ਮਯਹ ॥**
**ਘਟਿ ਘਟਿ ਬਸੰਤ ਬਾਸੁਦੇਵਹ**
**ਪਾਰਬ੍ਰਹਮ ਪਰਮੇਸੁਰਹ ॥**
**ਜਾਚੰਤਿ ਨਾਨਕ ਕ੍ਰਿਪਾਲ ਪ੍ਰਸਾਦੰ ਨਹ**
**ਬਿਸਰੰਤਿ ਨਹ ਬਿਸਰੰਤਿ ਨਾਰਾਇਣਹ ॥**

**(1355)**

**ਅੱਖਰੀਂ ਅਰਥ**--ਪਰਮਾਤਮਾ ਦਾ ਨਾਮ ਨਿਆਸਰਿਆਂ ਨੂੰ ਆਸਰਾ ਦੇਣ ਵਾਲਾ ਹੈ ਅਤੇ ਧਨ-ਹੀਣਾਂ ਦਾ ਧਨ ਹੈ। ਗੋਬਿੰਦ ਅਨਾਥਾਂ ਦਾ ਨਾਥ ਹੈ ਤੇ ਕੇਸ਼ਵ-ਪ੍ਰਭੂ ਨਿਤਾਣਿਆਂ ਦਾ ਤਾਣ ਹੈ। ਅਬਿਨਾਸ਼ੀ ਪ੍ਰਭੂ ਸਭ ਜੀਵਾਂ ਉਤੇ ਦਇਆ ਕਰਨ ਵਾਲਾ ਹੈ ਅਤੇ ਕੰਗਾਲਾਂ ਦਾ ਬੰਧੂ ਹੈ। ਸਰਬ-ਵਿਆਪਕ ਭਗਵਾਨ ਸਭ ਜੀਆਂ ਦੇ ਦਿਲ ਦੀ ਜਾਣਨ ਵਾਲਾ ਹੈ, ਭਗਤੀ ਨੂੰ ਪਿਆਰ ਕਰਦਾ ਹੈ ਅਤੇ ਤਰਸ ਦਾ ਘਰ ਹੈ। ਪਰਮਾਤਮਾ ਪਾਰਬ੍ਰਹਮ ਪਰਮੇਸਰ ਹਰੇਕ ਦੇ ਹਿਰਦੇ ਵਿਚ ਵੱਸਦਾ ਹੈ। ਨਾਨਕ ਉਸ ਕਿਰਪਾਲ ਨਾਰਾਇਣ ਤੋਂ ਕਿਰਪਾ ਦਾ ਇਹ ਦਾਨ ਮੰਗਦਾ ਹੈ ਕਿ ਉਹ ਮੈਨੂੰ ਕਦੇ ਨਾਹ ਵਿੱਸਰੇ, ਕਦੇ ਨਾਹ ਵਿੱਸਰੇ।

**ਵਿਚਾਰ ਚਰਚਾ**

1. ਰੱਬ ਜੀ ਦਾ ਨਾਮ ਨਿਆਸਰਿਆਂ ਨੂੰ ਆਸਰਾ ਦੇਂਦਾ ਹੈ। ਵਿਕਸਤ ਮੁਲਕਾਂ ਦੀਆਂ ਸਰਕਾਰਾਂ ਆਪਣੇ ਦੇਸ਼ ਵਾਸੀਆਂ ਨੂੰ ਹਰ ਪ੍ਰਕਾਰ ਦੀ ਮਦਦ ਦੇਂਦੀਆਂ ਹਨ ਤਾਂ ਕਿ ਮਨੁੱਖ ਵਿਕਾਸ ਕਰ ਸਕੇ। ਨਾਮ ਦਾ ਭਾਵ ਹੈ ਜਿਹੜਾ ਵੀ ਮਨੁੱਖ ਸਦ ਗੁਣਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਦਾ ਹੈ ਤਰੱਕੀ ਦੇ ਰਾਹ ਵੀ ਉਹ ਹੀ ਤੁਰਦਾ ਹੈ। ਆਸਰਾ ਤੋਂ ਭਾਵ ਉਤਸ਼ਾਹ, ਜਾਂ ਚਾਓ ਪੈਦਾ ਹੋਣ ਤੋਂ ਹੈ।

2. ਧਨ ਹੀਣਾਂ ਨੂੰ ਧਨ ਦੇਂਦਾ ਹੈ—ਚੰਗੀਆਂ ਸਰਕਾਰਾਂ ਆਪਣੇ ਮੁਲਕ ਵਿਚ ਕਿਰਤ ਦੇ ਸਾਧਨ ਪੈਦਾ ਕਰਦੀਆਂ ਹਨ ਜਿਸ ਨਾਲ ਹਰੇਕ ਨੂੰ ਰੋਜ਼ੀ ਕਮਾਉਣ ਦਾ ਮੌਕਾ ਮਹੱਈਆ ਕਰਾਉਂਦੀਆਂ ਹਨ। ਧਨ ਕਮਾਉਣਾ ਤਾਂ ਆਪ ਹੀ ਪੈਣਾ ਹੈ ਜਿਸ ਲਈ ਉਦਮ ਵੀ ਆਪ ਹੀ ਕਰਨਾ ਪੈਣਾ ਹੈ।

3. ਇੱਥੇ ਨਾਮ ਤੋਂ ਭਾਵ ਉੱਦਮੀ ਹੋਣ ਤੋਂ ਹੈ। ਜਿਹੜਾ ਬੱਚਾ ਉੱਦਮੀ ਹੋਏਗਾ ਮਨ ਮਾਰ ਕੇ ਪੜ੍ਹਾਈ ਕਰੇਗਾ ਤਰੱਕੀ ਦੇ ਰਾਹ ਵੀ ਉਸ ਦੇ ਹੀ ਖੁਲ੍ਹਦੇ ਹਨ।

4. ਕਈ ਬੱਚੇ ਇਹ ਵੀ ਸੋਚ ਲੈਂਦੇ ਹਨ ਕਿ ਅਸੀਂ ਨਕਲ ਮਾਰ ਕੇ ਪਾਸ ਹੋ ਜਾਂਵਾਂਗੇ ਪਰ ਆਉਣ ਵਾਲੇ ਸਮੇਂ ਵਿੱਚ ਕਾਮਯਾਬ ਉਹ ਹੀ ਹੁੰਦਾ ਹੈ ਜਿਸ ਨੇ ਸੱਚੀ ਲਗਨ ਨਾਲ ਮਿਹਨਤ ਕੀਤੀ ਹੈ।

5. ਬਲ ਹੀਣਾਂ ਨੂੰ ਬਲ ਮਿਲਦਾ ਹੈ—ਗੁਰੂ ਦੀ ਵਿਚਾਧਾਰਾ ਹੀ ਐਸੀ ਹੈ ਜਿਹੜੀ ਆਤਮਿਕ ਕਮਜ਼ੋਰੀ ਨੂੰ ਦੂਰ ਹੀ ਨਹੀਂ ਕਰਦੀ ਸਗੋਂ ਇਸ ਵਿਚੋਂ ਸੱਚ ਲਈ ਅੜਦਿਆਂ ਹੋਇਆ ਸ਼ਹੀਦ ਵੀ ਹੋ ਜਾਂਦਾ ਹੈ। ਅਜਿਹੀ ਸੋਚ ਹਰ ਜ਼ੁਲਮ ਨੂੰ ਠੱਲ ਪਾਉਂਦੀ ਤੇ ਬੇਇਨਸਾਫ਼ੀ ਵਿਰੁੱਧ ਲੜਦੀ ਹੈ। ਇਥੇ ਰੱਬ ਦੇ ਨਾਮ ਤੋਂ ਭਾਵ ਅਣਖ਼ੀ ਅਤੇ ਗੈਰਤਮੰਦ ਸੋਚ ਦਾ ਜਨਮ ਹੋਣ ਤੋਂ ਹੈ।

6. ਸਰਬ ਵਿਆਪਕ ਰੱਬ ਜੀ ਸਾਡਿਆਂ ਦਿੱਲਾਂ ਦੀਆਂ ਜਾਣਦਾ ਹੈ—ਇਸ ਦਾ ਭਾਵ ਹੈ ਕਿ ਗੁਰੂ ਦਾ ਗਿਆਨ ਹਾਸਲ ਕਰਨ ਵਾਲਾ ਚੰਗੇ ਮਾੜੇ ਦੀ ਪਰਖ ਕਰਨ ਦੇ ਸਮਰੱਥ ਹੋ ਜਾਂਦਾ ਹੈ। ਗੁਰੂ ਸਾਹਿਬ ਦੀ ਸੇਵਾ ਭਾਵ ਸਿਖਿਆ ਵਿਚੋਂ ਆਪਸੀ ਪਿਆਰ ਭਾਵਨਾ ਦੀ ਸਮਝ ਆਉਂਦਿਆਂ ਈਰਖਾ ਦਵੈਸ਼ ਵਰਗੀਆਂ ਭਿਆਨਕ ਬਿਮਾਰੀਆਂ ਦਾ ਖਾਤਮਾ ਹੁੰਦਾ ਹੈ।

7. ਰੱਬ ਜੀ ਹਰੇਕ ਹਿਰਦੇ ਵਿਚ ਵਸਣ ਤੋਂ ਭਾਵ ਹੈ ਕਿ ਹਰੇਕ ਦਿਮਾਗ ਵਿਚ ਰੱਬ ਜੀ ਵਲੋਂ ਬਹੁਤ ਕੁਝ ਪਾਇਆ ਗਿਆ ਹੈ ਜਿਹੜੀ ਇਸ ਨੂੰ ਸੰਗਤ ਮਿਲ ਗਈ ਉਹ ਹੀ ਇਸ ਵਿਚੋਂ ਪ੍ਰਗਟ ਹੋ ਜਾਣਾ ਹੈ। ਡਾਕਟਰ, ਖਿਡਾਰੀ, ਵਕੀਲ ਆਦਿ ਸਭ ਗੁਣ ਮਨੁੱਖੀ ਦਿਮਾਗ ਵਿਚ ਹੀ ਹਨ ਤੇ ਨਾਲ ਹੀ ਸਤ-ਸੰਤਖ, ਧੀਰਜ, ਧਰਮ, ਪਿਆਰ ਵਰਗੇ ਦੈਵੀ ਗੁਣ ਵੀ ਇਸ ਦੇ ਦਿਮਾਗ ਵਿਚ ਹੀ ਹਨ ਪਰ ਇਹਨਾਂ ਦੀ ਸਮਝ ਗੁਰ ਗਿਆਨ ਵਿਚੋਂ ਹੀ ਆਉਂਦੀ ਹੈ।

8. ਕਿਰਪਾ ਦਾ ਦਾਨ ਮੰਗਿਆ ਹੈ। ਇਸ ਦਾ ਅਰਥ ਇਹ ਨਹੀਂ ਕਿ ਅਸੀਂ ਨਿਹੱਥੇ ਹੋ ਕੇ ਬੈਠ ਜਾਈਏ ਤੇ ਕਹੀ ਜਾਈਏ ਆਪੇ ਰੱਬ ਜੀ ਦੇਣਗੇ। ਇਸ ਤਰ੍ਹਾਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਮਿਹਨਤ ਮਨੁੱਖ ਨੂੰ ਹੀ ਕਰਨੀ ਪੈਣੀ ਹੈ।

9. ਗੁਰੂ ਦੀ ਸੇਵਾ ਦੇ ਭਾਵ ਨੂੰ ਸਮਝਣ ਵਾਲਾ ਸਿੱਖਿਆ ਨੂੰ ਗ੍ਰਹਿਣ ਕਰਦਾ ਹੈ ਜਿੱਥੇ ਦੁਨਿਆਵੀਂ ਵਿਦਿਆ ਹਾਸਲ ਕਰਦਾ ਹੈ ਓੱਥੇ ਉਹ ਸਦਾਚਾਰਕ ਵਿਦਿਆ ਵੀ ਸਮਝਦਾ ਹੈ। ਅਜਿਹਾ ਮਨੁੱਖ ਹੀ ਆਤਮਿਕ ਤੌਰ 'ਤੇ ਦੈਵੀ ਗੁਣਾਂ ਦਾ ਆਗੂ ਹੁੰਦਾ ਹੈ—

**ਤੈਡੈ ਸਿਮਰਣਿ ਹਭੁ ਕਿਛੁ ਲਧਮੁ**
**ਬਿਖਮੁ ਨ ਡਿਠਮੁ ਕੋਈ ॥**
**ਜਿਸੁ ਪਤਿ ਰਖੈ ਸਚਾ ਸਾਹਿਬੁ**
**ਨਾਨਕ ਮੇਟਿ ਨ ਸਕੈ ਕੋਈ ॥**

**(520)**

-0-

30 ਜੁਲਾਈ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਸ੍ਰੀ ਹਰਿਕ੍ਰਿਸਨਿ ਧਿਆਈਐ ਜਿਸੁ ਡਿਠੇ ਸਭੁ ਦੁਖੁ ਜਾਇ

-ਰਮੇਸ਼ ਬੱਗਾ ਚੋਹਲਾ
# 09463132719

ਸਿੱਖ ਧਰਮ ਮਾਨਵੀ ਕਦਰਾਂ-ਕੀਮਤਾਂ ਦੀ ਪਹਿਰੇਦਾਰੀ ਕਰਨ ਦੇ ਨਾਲ-ਨਾਲ ਆਪਸੀ ਪਿਆਰ, ਭਾਈਚਾਰੇ ਅਤੇ ਬਰਾਬਰੀ ਦੀ ਹਮਾਇਤ ਕਰਦਾ ਆ ਰਿਹਾ ਹੈ। ਦਸਾਂ ਗੁਰੂ ਸਾਹਿਬਾਨਾਂ ਅਤੇ ਗੁਰੂ ਘਰ ਦੇ ਨਿਕਟਵਰਤੀਆਂ ਦਾ ਜੀਵਨ ਸਿੱਖੀ ਦੇ ਤਿੰਨ ਸੁਨਿਹਰੀ ਸਿਧਾਂਤਾ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜੱਪਣ ਨੂੰ ਪਰਨਾਇਆ ਰਿਹਾ ਹੈ। ਇਨ੍ਹਾਂ ਸਿਧਾਂਤਾ ਦੀ ਤਰਜ਼ਮਾਨੀ ਕਰਨ ਵਾਲੀ ਜੀਵਨ-ਜਾਂਚ ਹੀ ਬਾਬੇਕਿਆਂ ਵੱਲੋਂ ਵਡਿਆਈ ਅਤੇ ਸਲਾਹੀ ਜਾਂਦੀ ਰਹੀ ਹੈ। ਸਿੱਖ ਵਿਚਾਰਧਾਰਾ ਇਨ੍ਹਾਂ ਸਿਧਾਂਤਾ ਤੋਂ ਸੱਖਣੇ ਵਿਹਾਰ ਨੂੰ ਨਾ ਸਿਰਫ ਰੱਦ ਹੀ ਕਰਦੀ ਹੈ, ਸਗੋਂ ਸਜ਼ਾ ਦਾ ਭਾਗੀ ਵੀ ਸਮਝਦੀ ਹੈ। ਜਿਵੇਂ ਗੁਰੂ ਸਾਹਿਬ ਦਾ ਫੁਰਮਾਨ ਹੈ :

**ਸੋ ਸਿਖੁ ਸਖਾ ਬੰਧਪੁ ਹੈ ਭਾਈ, ਜਿ ਗੁਰ ਕੇ ਭਾਣੇ ਵਿਚਿ ਆਵੈ॥**
**ਆਪਣੈ ਭਾਣੇ ਜੋ ਚਲੈ ਭਾਈ, ਵਿਛੁੜਿ ਚੋਟਾ ਖਾਵੈ॥**

**ਭਾਵ:** ਜਿਹੜਾ ਵਿਅਕਤੀ ਮਨ ਦੀ ਮਤ ਤਿਆਗ ਕੇ ਗੁਰੂ ਦੀ ਮਤ ਦਾ ਧਾਰਨੀ ਬਣ ਜਾਂਦਾ ਹੈ ਉਸ ਦੇ ਲੋਕ ਤੇ ਪ੍ਰਲੋਕ ਦੋਵੇਂ ਲੇਖੇ ਵਿੱਚ ਲੱਗ ਜਾਂਦੇ ਹਨ। ਪਰ ਜਿਹੜਾ ਵਿਅਕਤੀ ਗੁਰੂ ਦੀ ਗੱਲ ਨੂੰ ਅਣਸੁਣੀ ਕਰਕੇ ਕੇਵਲ ਆਪਣੀ ਸਮਝ ਹੀ ਵਰਤੋਂ ਵਿਚ ਲਿਆਉਂਦਾ ਹੈ ਉਸ ਨੂੰ (ਪ੍ਰਮਾਤਮਾ ਤੋਂ) ਵਿਛੋੜੇ ਦੀਆਂ ਸੱਟਾਂ ਹੀ ਖਾਣੀਆਂ ਪੈਂਦੀਆਂ ਹਨ। ਇਨ੍ਹਾਂ ਸੱਟਾਂ ਤੋਂ ਬਚਣ ਲਈ ਗੁਰੂ ਸਾਹਿਬ ਮਨੁੱਖ ਨੂੰ ਜਿਥੇ ਸਦਾਚਾਰੀ ਜੀਵਨ ਜਿਉਣ ਲਈ ਪ੍ਰੇਰਦੇ ਹਨ ਉਥੇ ਪ੍ਰੇਮ ਦੀ ਹਾਮੀ ਵੀ ਭਰਦੇ ਹਨ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਰਾਗ ਗਾਉੜੀ, ਸੁਖਮਨੀ, ਪੰਨਾ 266 ਉਪਰ ਤਸਦੀਕ ਕਰਦੇ ਹਨ

**ਸਰਬ ਧਰਮ ਮਹਿ ਸ੍ਰੇਸਟ ਧਰਮੁ॥**
**ਹਰਿ ਕੋ ਨਾਮ ਜਪਿ ਨਿਰਮਲ ਕਰਮੁ॥**

ਜਿਹੜੇ ਮਨੁੱਖਾਂ ਦੀ ਜੀਵਨ-ਸ਼ੈਲੀ ਇਨ੍ਹਾਂ ਪਾਵਨ ਪੰਕਤੀਆਂ ਦੀ ਅਨੁਸਾਰੀ ਹੋ ਜਾਂਦੀ ਹੈ ਉਹ ਨਾ ਸਿਰਫ ਆਮ ਤੋਂ ਖਾਸ ਹੋ ਜਾਂਦੇ ਹਨ ਸਗੋਂ ਲੋਕਾਈ ਵੱਲੋਂ ਰੱਜ ਕੇ ਸਤਿਕਾਰੇ ਅਤੇ ਪਿਆਰੇ ਵੀ ਜਾਂਦੇ ਹਨ। ਇਨ੍ਹਾਂ ਰਾਹਾਂ ਦੇ ਪਾਂਧੀਆਂ ਦਾ ਜੀਵਨ ਪੰਧ ਬੇਸ਼ੱਕ ਛੁਟੇਰਾ ਹੁੰਦਾ ਹੈ। ਪਰ ਸੇਵਾ, ਸਿਮਰਨ ਤੇ ਸ਼ਰਧਾ ਉਨ੍ਹਾਂ ਨੂੰ ਮੂਹਰਲੀਆਂ ਸਫਾਂ ਵਿੱਚ ਲੈ ਆਉਂਦੀ ਹੈ। ਆਪਣੇ ਗੁਣਾਂ ਸਦਕਾ, ਉਹ ਗੁਰੂ ਨਾਨਕ ਦੇ ਘਰ ਦੀਆਂ ਵਡਿਆਈਆਂ ਅਤੇ ਪਾਤਸ਼ਾਹੀਆਂ ਦੇ ਪਾਤਰ ਬਣਦੇ ਆ ਰਹੇ ਹਨ। ਇਨ੍ਹਾਂ ਪਾਤਰਾਂ ਵਿੱਚੋਂ ਹੀ ਇਕ ਨਾਮ ਹੈ ਗੁਰੂ ਨਾਨਕ ਪਾਤਸ਼ਾਹ ਦੀ ਅੱਠਵੀਂ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ।

ਦੁਨਿਆਵੀਂ ਤੌਰ 'ਤੇ (ਗੁਰੂ) ਹਰਿਕ੍ਰਿਸ਼ਨ ਜੀ ਭਾਵੇਂ ਬਚਪਨ ਦੀਆਂ ਬਰੂਹਾਂ 'ਤੇ (ਸਵਾ ਕੁ ਪੰਜ ਸਾਲ) ਹੀ ਵਿਚਰ ਰਹੇ ਸਨ ਪਰ ਕੁੱਝ ਵਿਸ਼ੇਸ਼ ਗੁਣਾਂ ਅਤੇ ਸਿੱਖੀ ਦੀ ਸਮਝ ਸਦਕਾ ਗੁਰੂ ਪਿਤਾ ਸ੍ਰੀ ਹਰਿ ਰਾਇ ਸਾਹਿਬ ਨੇ ਉਨ੍ਹਾਂ ਨੂੰ ਗੁਰੂ ਘਰ ਦੀ ਵਡੇਰੀ ਅਤੇ ਉਚੇਰੀ ਜ਼ਿੰਮੇਵਾਰੀ ਸੰਭਾਲ ਦਿਤੀ। ਆਪ ਜੀ ਵੱਲੋਂ ਜਿਥੇ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਗਿਆ ਉਥੇ ਆਪਣੇ ਗੁਰੂ-ਕਾਲ (ਢਾਈ ਕੁ ਸਾਲ) ਵਿੱਚ ਕੁੱਝ ਅਜਿਹੀਆਂ ਪਿਰਤਾਂ ਵੀ ਪਾਈਆਂ ਜਿਨ੍ਹਾਂ ਸਦਕਾ ਰੋਜ਼ਾਨਾ ਸਰਬਤ ਦੇ ਭਲੇ ਲਈ ਕੀਤੀ ਜਾਣ ਵਾਲੀ ਅਰਦਾਸ ਵਿਚ ਉਨ੍ਹਾਂ ਦੇ ਨਾਮ ਦਾ ਜ਼ਿਕਰ 'ਜਿਸ ਡਿਠੈ ਸਭਿ ਦੁਖਿ ਜਾਇ' ਕੀਤਾ ਜਾਂਦਾ ਹੈ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ 7 ਜੁਲਾਈ 1656 ਈ: (ਬ੍ਰਿਕਮੀ ਸੰਮਤ 8 ਸਾਵਣ 1713) ਨੂੰ ਪਿਤਾ ਗੁਰੂ ਹਰਿ ਰਾਇ ਜੀ ਅਤੇ ਮਾਤਾ ਕਿਸ਼ਨ ਕੌਰ ਜੀ ਦੇ ਗ੍ਰਿਹਿ ਸ੍ਰੀ ਕੀਰਤਪੁਰ ਸਾਹਿਬ ਵਿਖੇ ਹੋਇਆ। ਪਰ ਭੱਟ ਵਹੀਆਂ ਦੇ ਹਵਾਲੇ ਨਾਲ ਗੁਰੂ ਜੀ ਦਾ ਪੈਦਾਇਸ਼ੀ ਦਿਹਾੜਾ ਸੰਨ 1652 ਦਾ ਦੱਸਿਆ ਗਿਆ ਹੈ।

ਜਿਥੇ ਗੁਰੂ ਹਰਿਕ੍ਰਿਸ਼ਨ ਜੀ ਦੇ ਮੁੱਖੜੇ ਦੀ ਦਿੱਖ ਮਨਾਂ ਨੂੰ ਮੋਹਣਵਾਲੀ ਸੀ, ਉਥੇ ਉਨ੍ਹਾਂ ਦਾ ਹਿਰਦਾ ਵੀ ਅਤਿ ਕੋਮਲ ਸੀ। ਆਪ ਜੀ ਦੇ ਬਚਪਨ ਦਾ ਵਧੇਰੇ ਸਮਾਂ ਗੁਰੂ ਹਰਿ ਰਾਇ ਜੀ ਦੀ ਛਤਰ-ਛਾਇਆ ਹੇਠ ਬਤੀਤ ਹੋਣ ਕਰਕੇ ਆਪ ਜੀ ਦੇ ਸੁਭਾਅ ਅਤੇ ਨਿਭਾਅ ਉਪਰ ਗੁਰੂ ਪਿਤਾ ਦਾ ਕਾਫੀ ਡੂੰਘਾ ਪ੍ਰਭਾਵ ਸੀ। ਇਸ ਪ੍ਰਭਾਵ ਸਦਕਾ ਹੀ (ਗੁਰੂ) ਹਰਿਕ੍ਰਿਸ਼ਨ ਜੀ ਆਈਆਂ ਸੰਗਤਾਂ ਨੂੰ ਲੰਗਰ-ਪਾਣੀ ਛਕਾਉਣ ਦੀ ਸੇਵਾ ਵਿੱਚ ਜੁਟੇ ਰਹਿੰਦੇ ਸਨ।

ਰਾਜਸੀ ਲਾਹਾ ਲੈਣ ਦੀ ਤਾਕ ਵਿਖ ਧੀਰਮੱਲ ਨੇ ਗੁਰੂ ਘਰ ਦੇ ਖਿਲਾਫ ਉਸ ਵਕਤ ਦੇ ਹਾਕਮ ਔਰੰਗਜ਼ੇਬ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਔਰੰਗਜ਼ੇਬ ਵੀ ਧੀਰਮੱਲ ਦੀਆਂ ਕਈ ਸ਼ਿਕਾਇਤਾਂ ਨੂੰ ਇੱਕ ਕੰਨ ਰਾਹੀਂ ਸੁਣ ਕੇ ਦੂਜੇ ਕੰਨ ਰਾਹੀਂ ਬਾਹਰ ਕੱਢ ਦਿੰਦਾ ਸੀ ਪਰ ਜਦੋਂ ਉਸ ਨੂੰ ਇਸ ਗੱਲ ਦਾ ਇਲਮ ਹੋਇਆ ਕਿ ਸੱਤਵੇ ਪਾਤਸ਼ਾਹ ਸ੍ਰੀ ਹਰਿਰਾਇ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ ਤਾਂ ਉਸ ਨੇ ਗੁਰੂ ਜੀ ਨੂੰ ਦਿੱਲੀ ਆਉਣ ਲਈ ਸੰਮਨ ਭੇਜ ਦਿੱਤੇ। ਸੰਗਤਾਂ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਗੁਰੂ ਸਾਹਿਬ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰੀ ਹੋ ਗਏ। ਰਾਜਪੂਤ ਰਾਜਿਆਂ ਦੀ ਸਲਾਹ ਨਾਲ ਬਾਦਸ਼ਾਹ ਨੇ ਗੁਰੂ ਜੀ ਨੂੰ ਦੁਬਾਰਾ ਚਿੱਠੀ ਭੇਜ ਦਿੱਤੀ। ਚਿੱਠੀ ਦੀ ਭਾਸ਼ਾ ਕੁੱਝ ਨਿਮਰ ਅਤੇ ਆਦਰਮਈ ਹੋਣ ਕਰਕੇ ਸਤਵੇਂ ਪਾਤਸ਼ਾਹ ਨੇ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਨੂੰ ਦਿੱਲੀ ਭੇਜਣ ਦਾ ਨਿਰਣਾ ਲੈ ਲਿਆ। ਕਿਉਂਕਿ ਗੁਰਮਤਿ ਦੇ ਜਾਣਕਾਰ ਹੋਣ ਦੇ ਨਾਲ-ਨਾਲ ਬਾਬਾ ਰਾਮ ਰਾਇ ਹਾਜ਼ਰ-ਜਵਾਬ ਵੀ ਸਨ।

ਜਦੋਂ ਬਾਬਾ ਰਾਮ ਰਾਇ ਨੇ ਦਿੱਲੀ ਜਾ ਕੇ ਔਰੰਗਜ਼ੇਬ ਨਾਲ ਸੰਵਾਦ ਰਚਾਇਆ ਤਾਂ ਉਸ ਦੀ ਦਿਮਾਗਦਾਰੀ ਦਾ ਬਾਦਸ਼ਾਹ ਤੇ ਚੰਗਾ ਪ੍ਰਭਾਵ ਪਿਆ। ਪਰ ਜਦੋਂ ਬਾਦਸ਼ਾਹ ਦੀਆਂ ਖੁਸ਼ੀਆਂ ਹਾਸਲ ਕਰਨ ਖਾਤਿਰ ਰਾਮ ਰਾਇ ਨੇ ਬਾਬੇ ਦੀ ਬਾਣੀ (ਮਿੱਟੀ ਮੁਸਲਮਾਨ ਦੀ ......) ਨੂੰ ਤਬਦੀਲ ਕਰ ਦਿੱਤਾ ਤਾਂ ਉਹ ਗੁਰੂ ਨਾਨਕ ਦੇ ਘਰ ਚੋਂ ਦੁਰਕਾਰਿਆ ਗਿਆ। ਉਸ ਦੇ ਇਸ ਨਾ-ਬਖਸ਼ਣਯੋਗ ਗੁਨਾਹ ਬਦਲੇ ਗੁਰੂ ਪਿਤਾ ਨੇ ਉਸ ਦੇ ਮੱਥੇ ਲੱਗਣ ਤੋਂ ਹੀ ਨਾਂਹ ਕਰ ਦਿੱਤੀ।

ਰਾਮ ਰਾਇ ਦੀ ਇਸ ਨਾਲਾਇਕੀ ਕਾਰਣ ਗੁਰੂ ਹਰਿ ਰਾਇ ਸਾਹਿਬ ਨੇ 1661 ਈ. (ਸੰਮਤ 1918) ਨੂੰ ਆਪਣੇ ਛੋਟੇ ਸਾਹਿਬਜ਼ਾਦੇ (ਗੁਰੂ) ਹਰਿਕ੍ਰਿਸ਼ਨ ਜੀ ਨੂੰ ਸਿੱਖ ਕੌਮ ਦੀ ਰਹਿਨੁਮਾਈ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਇਸ ਸਮੇਂ ਉਨ੍ਹਾਂ ਦੀ ਵਰੇਸ ਸਵਾ ਕੁ ਪੰਜ ਸਾਲ ਦੀ ਬਣਦੀ ਸੀ। ਦੁਨਿਆਵੀ ਤੌਰ ਤੇ ਇਹ ਸਮਾਂ ਹਾਣੀਆਂ ਨਾਲ ਖੇਡਣ-ਮੱਲਣ ਦਾ ਸਮਝਿਆ ਜਾਂਦਾ ਹੈ। ਇਸ ਕਰਕੇ ਇਹ ਵਕਤ ਸਿੱਖਾਂ ਦੀ ਸਿਦਕਦਿਲੀ ਅਤੇ ਸ਼ਰਧਾ ਨੂੰ ਪਰਖਣ ਦਾ ਵੀ ਸੀ। ਕਿਉਂਕਿ ਗੁਰੂ ਘਰ ਦੇ ਦੋਖੀ (ਧੀਰਮੱਲੀਏ ਅਤੇ ਰਾਮ ਰਾਈਏ) ਗੁਰੂ ਘਰ ਨੂੰ ਢਾਹ ਲਗਾਉਣ ਲਈ ਸੰਗਤਾਂ ਵਿਚ ਭਰਮ-ਭੁਲੇਖੇ ਪੈਦਾ ਕਰਨ ਦੇ ਕੋਝੇ ਜਤਨ ਕਰ ਰਹੇ ਸਨ। ਪਰ ਇਨ੍ਹਾਂ ਭਰਮ-ਭੁਲੇਖਿਆਂ ਦੇ ਬਾਵਜੂਦ ਵੀ ਗੁਰੂ ਹਰਿਕ੍ਰਿਸ਼ਨ ਜੀ ਨੇ ਉਮਰ ਛੁਟੇਰੀ ਪਰ ਅਕਲ ਵਡੇਰੀ ਦਾ ਸਬੂਤ ਦਿੰਦਿਆਂ ਗੁਰਿਆਈ ਦੀ ਜ਼ਿੰਮੇਵਾਰੀ (1661 ਤੋਂ 1664) ਸਾਬਤ ਕਦਮਾਂ ਨਾਲ ਨਿਭਾਈ।

ਗੁਰੂ ਹਰਿਕ੍ਰਿਸ਼ਨ ਜੀ ਸੇਵਾ ਅਤੇ ਸਿਮਰਨ ਦਾ ਸੁਮੇਲ ਹੋਣ ਦੇ ਨਾਲ-ਨਾਲ ਪਰਉਪਕਾਰੀ ਸੁਭਾਅ ਦੇ ਮਾਲਕ ਵੀ ਸਨ। ਜਿਹੜਾ ਵੀ ਵਿਅਕਤੀ ਉਨ੍ਹਾਂ ਦੇ ਦਰਸ਼ਨ ਕਰ ਲੈਂਦਾ ਸੀ ਉਸ ਦਾ ਜੀਵਨ ਹੀ ਬਦਲ ਜਾਂਦਾ ਸੀ। ਪੇਸ਼ਾਵਰ ਦੀਆਂ

ਸੰਗਤਾਂ ਵਿਚ ਇਕ ਜਸਵੰਤ ਰਾਇ ਨਾਮਕ ਚੋਰ ਸੰਗਤਾਂ ਦੀਆਂ ਜੇਬਾਂ ਕੱਟਣ ਦੀ ਨੀਅਤ ਨਾਲ ਘੁਸ ਗਿਆ। ਜਦੋਂ ਗੁਰੂ ਹਰਿਕ੍ਰਿਸ਼ਨ ਦੇ ਸਨਮੁੱਖ ਹੋਇਆ ਤਾਂ ਗੁਰੂ ਸਾਹਿਬ ਦੇ ਮੁਖਾਰਬਿੰਦ ਚੋਂ ਸੁਭਾਵਿਕ ਹੀ ਨਿਕਲ ਗਿਆ :-

**ਚੋਰ ਦੀ ਹਾਮਾ ਭਰੇ ਨ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ॥**

ਇਸ ਮਹਾਂਵਾਕ ਨੂੰ ਸੁਣਦਿਆਂ ਹੀ ਜਸਵੰਤ ਰਾਇ ਦੇ ਨੇਤਰਾਂ ਵਿਚੋਂ ਪਾਣੀ ਆ ਗਿਆ ਅਤੇ ਉਸ ਨੇ ਚੋਰੀ ਤੋਂ ਤੋਬਾ ਕਰ ਲਈ। ਇਸ ਤਰ੍ਹਾਂ ਇਕ ਗੇਂਦਾ ਮਲ ਨਾਂ ਦੇ ਜੁਆਰੀਏ ਨੇ ਦਰਬਾਰ ਵਿਚ ਆ ਕੇ ਗੁਰੂ ਸਾਹਿਬ ਦੇ ਚਰਨ ਫੜ ਲਏ ਅਤੇ ਛੱਡੇ ਹੀ ਨਾ। ਗੁਰਦੇਵ ਨੇ ਕਿਹਾ, "ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥ " ਗੇਂਦਾ ਮਲ ਦਾ ਅੰਦਰਲਾ ਮਨ ਹਿਲ ਗਿਆ ਅਤੇ ਉਸ ਨੇ ਹੱਥ ਜੋੜ ਕੇ ਗੁਰੂ ਜੀ ਕੋਲੋਂ ਮੁਆਫੀ ਮੰਗ ਲਈ ਅਤੇ ਅੱਗੇ ਤੋਂ ਬੁਰੀਆਂ ਆਦਤਾਂ ਨੂੰ ਤਿਆਗਣ ਦਾ ਵਾਅਦਾ ਕੀਤਾ।

ਰਾਮ ਰਾਇ ਦੀਆਂ ਸ਼ਿਕਾਇਤਾਂ ਦੇ ਅਸਰ ਕਾਰਨ ਅਤੇ ਕੁਝ ਆਪਣੇ ਮਨ ਦੇ ਤੌਖਲੇ ਨੂੰ ਮਿਟਾਉਣ ਖਾਤਿਰ ਉਸ ਵਕਤ ਦੇ ਹਾਕਮ ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਬੁਲਾ ਲਿਆ। ਇਸ ਕੰਮ ਲਈ ਉਸ ਨੇ ਇਕ ਖਾਸ ਅਫਸਰ ਮਿਰਜ਼ਾ ਜੈ ਸਿੰਘ ਦੀ ਡਿਊਟੀ ਲਗਾਈ ਜੋ ਗੁਰੂ ਘਰ ਪ੍ਰਤੀ ਕੁੱਝ ਸਤਿਕਾਰਤ ਭਾਵਨਾ ਰੱਖਦਾ ਸੀ।

ਗੁਰੂ ਹਰਿਕ੍ਰਿਸ਼ਨ ਜੀ ਨੇ ਉਸ ਵਕਤ ਦੇ ਕੁੱਝ ਮੁਖੀ ਸਿੱਖਾਂ ਭਾਈ ਦਰਗਾਹ ਮੱਲ, ਭਾਈ ਦਿਆਲਾ ਜੀ, ਭਾਈ ਮਨੀ ਸਿੰਘ ਜੀ ਅਤੇ ਕੁੱਝ ਹੋਰ ਸਲਾਹਕਾਰਾਂ ਨਾਲ ਸਲਾਹ ਕੀਤੀ ਤਾਂ ਉਨ੍ਹਾਂ ਨੇ ਦਿੱਲੀ ਜਾਣ ਦੀ ਹਾਮੀ ਭਰ ਦਿੱਤੀ। ਇਸ ਹਾਮੀ ਵਜੋਂ ਗੁਰੂ ਸਾਹਿਬ ਦਿੱਲੀ ਜਾਣ ਲਈ ਰਜ਼ਾਮੰਦ ਤਾਂ ਹੋ ਗਏ ਪਰ ਉਨ੍ਹਾਂ ਨੇ ਦੁਸ਼ਟ ਔਰੰਗਜ਼ੇਬ ਦੇ ਮੱਥੇ ਨਾ ਲੱਗਣ ਦਾ ਫੈਸਲਾ ਵੀ ਸੁਣਾ ਦਿੱਤਾ। ਸੰਗਤਾਂ ਨੇ ਗੁਰੂ ਸਾਹਿਬ ਦੇ ਫੈਸਲੇ ਤੇ ਆਪਣੀ ਮੋਹਰ ਲਗਾ ਦਿੱਤੀ।

ਗੁਰੂ ਸਾਹਿਬ ਨੇ ਕੀਰਤਪੁਰ ਸਾਹਿਬ ਦੀ ਸੇਵਾ-ਸੰਭਾਲ ਦਾ ਕੰਮ ਭਾਈ ਭਗਤਾ ਜੀ ਅਤੇ ਸ਼ਰਧਾਵਾਨ ਸਿੱਖਾਂ ਨੂੰ ਸੌਂਪ ਕੇ ਆਪ ਭਾਈ ਗੁਰਬਖਸ਼ ਸਿੰਘ, ਭਾਈ ਮਨੀ ਸਿੰਘ, ਪੰਜਾਬਾ ਮਸੰਦ, ਭਾਈ ਦਿਆਲਾ ਜੀ, ਮੁਨਸ਼ੀ ਸੰਗਤੀਆਂ, ਦੀਵਾਨ ਸਤੀ ਰਾਮ ਅਤੇ ਹੋਰ ਸੰਗਤਾਂ ਸਮੇਤ ਦਿੱਲੀ ਵੱਲ ਨੂੰ ਚੱਲ ਪਏ। ਰਸਤੇ ਵਿਚ ਗੁਰੂ ਹਰਿਕ੍ਰਿਸ਼ਨ ਜੀ ਜਿਥੇ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ-ਦੀਦਾਰੇ ਦੇ ਕੇ ਨਿਹਾਲ ਕਰਦੇ ਜਾ ਰਹੇ ਸਨ, ਉਥੇ ਗੁਰੂ ਨਾਨਕ ਦੇ ਘਰ ਦਾ (ਸਾਂਝੀਵਾਲਤਾ) ਸੰਦੇਸ਼ ਵੀ ਦੇਈ ਜਾ ਰਹੇ ਸਨ।

ਦਿੱਲੀ ਦਾ ਸਫਰ ਤਹਿ ਕਰਦਿਆਂ ਜਦੋਂ ਗੁਰੂ ਹਰਿਕ੍ਰਿਸ਼ਨ ਜੀ ਪੰਜੋਖਰੇ ਪਹੁੰਚੇ ਤਾਂ ਇਥੋਂ ਦਾ ਇਕ ਹੰਕਾਰੀ ਪੰਡਤ ਸੰਗਤਾਂ ਨੂੰ ਕਹਿਣ ਲੱਗਾ ਕਿ ''ਤੁਹਾਡੇ ਗੁਰੂ ਜੀ ਆਪਣੇ ਆਪ ਨੂੰ ਹਰਿਕ੍ਰਿਸ਼ਨ ਕਹਾਉਂਦੇ ਹਨ। ਦੁਆਪਰ ਦੇ ਅਵਤਾਰ ਸ਼੍ਰੀ ਕ੍ਰਿਸ਼ਨ ਜੀ ਨੇ ਤਾਂ ਆਪਣੇ ਸਮੇਂ ਵਿਚ ਗੀਤਾ ਲਿਖੀ ਸੀ ਜੇਕਰ ਤੁਹਾਡੇ ਗੁਰੂ ਸੱਚਮੁਚ ਹੀ ਪਹੁੰਚੇ ਹੋਏ ਹਨ ਤਾਂ ਇਕ ਗੀਤਾ ਦੇ ਅਰਥ ਕਰਕੇ ਦਿਖਾ ਦੇਣ।'' ਇਹ ਗੱਲ ਜਦੋਂ ਗੁਰੂ ਸਾਹਿਬ ਕੋਲ ਆਈ ਤਾਂ ਉਨ੍ਹਾਂ ਨੇ ਪੰਡਿਤ ਨੂੰ ਕਿਹਾ ਕਿ "ਭਾਈ! ਮੇਰੇ ਅਰਥ ਕਰਨ ਨਾਲ ਹੋ ਸਕਦਾ ਹੈ ਕਿ ਤੇਰੀ ਤਸੱਲੀ ਨਾ ਹੋਵੇ ਤੂੰ ਜੇਕਰ ਗੁਰੂ ਨਾਨਕ ਦੇ ਘਰ ਦੀਆਂ ਬਰਕਤਾਂ ਦਾ ਨਜ਼ਾਰਾ ਤੱਕਣਾ ਹੈ ਤਾਂ ਸਾਡੇ ਕਿਸੇ ਸਿੱਖ ਨੂੰ ਆਵਾਜ਼ ਮਾਰ ਲਏ, ਉਹ ਵਿਅਕਤੀ ਹੀ ਤੇਰੇ ਸ਼ੰਕਿਆਂ ਨੂੰ ਨਵਿਰਤ ਕਰ ਦੇਵੇਗਾ। "

ਪੰਡਿਤ ਇਕ ਛੱਜੂ ਨਾਮਕ ਝੀਊਰ ਨੂੰ ਗੁਰੂ ਸਾਹਿਬ ਕੋਲ ਲੈ ਆਇਆ, ਜੋ ਗੁਰੂ ਘਰ ਵਿਚ ਲੰਗਰ ਦੀ ਸੇਵਾ ਕਰ ਰਿਹਾ ਸੀ। ਬਾਬੇ ਨਾਨਕ ਦੀ ਰਹਿਮਤ ਸਦਕਾ ਛੱਜੂ ਇਕ ਸੁਲਝੇ ਹੋਏ ਵਿਦਵਾਨ ਵਾਂਗ ਗੀਤਾ ਦੇ ਸਲੋਕਾਂ ਦੇ ਅਰਥ ਕਰਨ ਲੱਗ ਪਿਆ। ਇਸ ਵਰਤਾਰੇ ਨਾਲ ਜਿਥੇ ਪੰਡਿਤ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਉਥੇ ਸ੍ਰੀ ਹਰਿਕ੍ਰਿਸ਼ਨ ਸਾਹਿਬ ਦੇ ਮਾਣ-ਸਤਿਕਾਰ ਵਿੱਚ ਵੀ ਚੋਖਾ ਵਾਧਾ ਹੋ ਗਿਆ।

ਜਦੋਂ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਪਹੁੰਚੇ ਤਾਂ ਰਾਜਾ ਜੈ ਸਿੰਘ ਸਮੇਤ ਦਿੱਲੀ ਦੀਆਂ ਸੰਗਤਾਂ ਨੇ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ। ਉਸ ਨੇ ਗੁਰੂ ਸਾਹਿਬ ਦਾ ਪੜਾਅ ਵੀ ਆਪਣੇ ਮਹੱਲ ਵਿਚ ਹੀ ਕਰਵਾ ਦਿੱਤਾ। ਰਾਜਾ ਜੈ ਸਿੰਘ ਭਾਵੇਂ ਗੁਰੂ ਘਰ ਦਾ ਪ੍ਰੀਤਵਾਨ ਸੀ ਪਰ ਉਸ ਦੀ ਰਾਣੀ ਨੇ ਗੁਰੂ ਨਾਨਕ ਜੋਤ ਨੂੰ ਪਰਖਣ ਦੀ ਠਾਣ ਲਈ। ਉਸ (ਰਾਣੀ) ਨੇ ਅਮੀਰ ਘਰਾਣਿਆਂ ਦੀਆਂ ਕੁੱਝ ਤ੍ਰੀਮਤਾਂ ਨੂੰ ਇਕੱਠਿਆਂ ਕਰ ਲਿਆ ਅਤੇ ਕਹਿਣ ਲੱਗੀ ਕਿ, ''ਜੇਕਰ ਗੁਰੂ ਅੰਤਰਜ਼ਾਮੀ ਹੋਵੇਗਾ ਤਾਂ ਉਹ ਸਿਰਫ ਮੇਰੀ ਹੀ ਗੋਦ ਵਿੱਚ ਬੈਠੇਗਾ।'' ਗੁਰੂ ਸਾਹਿਬ ਬਾਕੀ ਦੀਆਂ ਸਾਰੀਆਂ ਔਰਤਾਂ ਕੋਲੋਂ ਲੰਘ ਕੇ ਰਾਣੀ ਦੀ ਗੋਦ ਵਿੱਚ ਜਾ ਬੈਠੇ। ਰਾਣੀ ਨੇ ਗੁਰੂ ਜੀ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ ਅਤੇ ਉਸ ਦੀਆਂ ਅੱਖਾਂ ਵਿਚੋਂ ਸ਼ਰਧਾ ਦੇ ਹੰਝੂ ਵਹਿਣ ਲੱਗ ਪਏ।

ਆਪਣੇ ਪਿਤਾ ਗੁਰੂ ਹਰਿ ਰਾਇ ਜੀ ਵਾਂਗ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਵੀ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰ ਕਰ ਦਿੱਤਾ। ਆਪ ਜੀ ਦਾ ਵਿਚਾਰ ਸੀ ਕਿ ਔਰੰਗਜ਼ੇਬ ਇਕ ਜ਼ਾਲਮ ਕਿਸਮ ਦਾ ਬਾਦਸ਼ਾਹ ਹੈ ਅਤੇ ਗੁਰੂ ਨਾਨਕ ਦਾ ਘਰ ਕੇਵਲ ਤੇ ਕੇਵਲ ਧਰਮੀ ਬੰਦਿਆਂ ਦੀ ਹੀ ਤਰਫਦਾਰੀ ਕਰਦਾ ਹੈ। ਇਸ ਲਈ ਸਾਡਾ ਅਤੇ ਬਾਦਸ਼ਾਹ ਦਾ ਮਿਲਾਪ ਉਚਿਤ ਨਹੀਂ ਹੈ। ਇਥੋਂ ਤੱਕ ਕਿ ਬਾਦਸ਼ਾਹ ਨੇ ਗੁਰੂ ਸਾਹਿਬ ਦਾ ਮਨ ਬਦਲਾਉਣ ਹਿੱਤ ਕਈ ਬੇਸ਼ਕੀਮਤੀ ਤੋਹਫੇ ਵੀ ਭੇਜੇ ਪਰ ਸਾਧ ਬਚਨ ਅਟੱਲ ਹੀ ਰਹੇ। ਗੁਰੂ ਜੀ ਨੇ ਫਾਰਸੀ ਲਿਪੀ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਮਾਝ ਕੀ ਵਾਰ ਦਾ ਇਹ ਸਲੋਕ ਵੀ ਔਰੰਗਜ਼ੇਬ ਨੂੰ ਭੇਜਿਆ :-

**ਕਿਆ ਖਾਧੈ ਕਿਆ ਪੈਧੈ ਹੋਇ ਜਾ ਮਨਿ ਨਾਹੀ ਸਚਾ ਸੋਇ॥**
**ਕਿਆ ਮੇਵਾ ਕਿਆ ਘਿਉ ਗੁੜ ਮਿਠਾ ਕਿਆ ਮੈਦਾ ਕਿਆ ਮਾਸੁ॥**
**ਕਿਆ ਕਪੜੁ, ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ॥**

ਗੁਰੂ ਹਰਿਕ੍ਰਿਸ਼ਨ ਜੀ ਜਦੋਂ ਦਿੱਲੀ ਪਹੁੰਚੇ ਤਦ ਉਸ ਸਮੇਂ ਉਥੇ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ ਅਤੇ ਮਹਾਂਮਾਰੀ ਦੀ ਸ਼ਕਲ ਧਾਰਨ ਕਰ ਚੁੱਕੀ ਸੀ। ਗੁਰੂ ਸਾਹਿਬ ਨੇ ਇਸ ਬੀਮਾਰੀ ਦਾ ਸ਼ਿਕਾਰ ਹੋਏ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਦਸਵੰਧ ਦੀ ਮਾਇਆ ਦੀ ਖੁੱਲ੍ਹ ਕੇ ਵਰਤੋਂ ਕੀਤੀ। ਉਨ੍ਹਾਂ ਦੀ ਆਪਣੀ ਆਯੂ ਵੀ ਅਜੇ 8 ਕੁ ਸਾਲ ਦੀ ਹੀ ਸੀ। ਇਸ ਆਯੂ ਵਿਚ ਚੇਚਕ ਦੀ ਮਾਰ ਬਹੁਤ ਜਲਦੀ ਪੈਂਦੀ ਹੈ। ਲੋਕ-ਸੇਵਾ ਦੀ ਪ੍ਰਬਲ ਭਾਵਨਾ ਸਦਕਾ ਗੁਰੂ ਜੀ ਨੇ ਆਪਣੀ ਸਿਹਤ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ। ਸਿੱਟੇ ਵਜੋਂ ਆਪ ਜੀ ਦੀ ਸਿਹਤ ਨੂੰ ਵੀ ਚੇਚਕ ਦੀ ਨਾਮੁਰਾਦ ਬੀਮਾਰੀ ਨੇ ਆਪਣੀ ਜਕੜ ਵਿੱਚ ਲੈ ਲਿਆ। ਤੇਜ਼ਬੁਖਾਰ ਹੋਣ ਕਰਕੇ ਆਪ ਜੀ ਨੂੰ ਆਪਣਾ ਅੰਤਲਾ ਸਮਾਂ ਨਜ਼ਦੀਕ ਆਉਂਦਾ ਦਿਖਾਈ ਦੇਣ ਲੱਗਾ।

ਰਾਜਾ ਜੈ ਸਿੰਘ ਦਾ ਮਹੱਲ ਛੱਡ ਕੇ ਗੁਰੂ ਹਰਿਕ੍ਰਿਸ਼ਨ ਜੀ ਨੇ ਜਮਨਾ ਨਦੀ ਕਿਨਾਰੇ ਇਕ ਖੁੱਲ੍ਹੀ ਥਾਂ ਤੇ ਡੇਰਾ ਜਾ ਲਾਇਆ। ਇਧਰ ਜਦੋਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਆਪਣੇ ਗੁਰੂ ਸਾਹਿਬ ਦੇ ਬੀਮਾਰ ਹੋਣ ਦਾ ਪਤਾ ਲੱਗਾ ਤਾਂ ਉਹ ਭਾਰੀ ਗਿਣਤੀ ਵਿਚ ਜਮਨਾ ਨਦੀ ਕਿਨਾਰੇ ਆਉਣ ਲੱਗੀਆਂ।

ਸੰਗਤਾਂ ਨੂੰ ਸੰਬੋਧਨ ਕਰਕੇ ਆਪ ਜੀ ਨੇ ਕਿਹਾ ਕਿ ਸਰੀਰਾਂ ਦੇ ਮਿਲਾਪ ਥੋੜ੍ਹ-ਚਿਰੇ ਹੁੰਦੇ ਹਨ, ਪਰ ਗੁਰ ਉਪਦੇਸ਼ ਸਦੀਵੀ ਹੁੰਦਾ ਹੈ। ਸੋ ਲੋੜ ਹੈ ਕਿ ਧਰਮ ਦੀ ਕਿਰਤ ਕਰਦਿਆਂ ਗੁਰ ਉਪਦੇਸ਼ ਨੂੰ ਅਪਨਾਉਣ ਅਤੇ ਕਮਾਉਣ ਦੀ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਸੰਗਤਾਂ ਨੂੰ ਇਹ ਇਸ਼ਾਰਾ ਕਰ ਦਿੱਤਾ ਕਿ ਗੁਰੂ ਨਾਨਕ ਦੇ ਘਰ ਦਾ ਨੌਂਵਾਂ ਵਾਰਿਸ (ਗੁਰੂ) ਬਾਬੇ ਬਕਾਲੇ ਵਿਚ ਰਹਿੰਦਾ ਹੈ। ਅਖੀਰ 30 ਮਾਰਚ 1664 ਈ (ਸੰਮਤ 1721) ਨੂੰ ਗੁਰੂ ਜੀ ਜਮਨਾ ਦੇ ਕੰਢੇ ਜੇਤੀ ਜੇਤ ਸਮਾ ਗਏ। -0-

# ਦਲਭੰਜਨ ਗੁਰੁ ਸੂਰਮਾ...



ਸੁਖਰਾਜ ਸਿੰਘ ਗੋਇੰਦਵਾਲ
76962-64212

**ਛੇਵੀਂ ਪਾਤਸ਼ਾਹੀ ਦੇ ਜਨਮ ਦੀਆਂ ਜਿੱਥੇ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਨੇ ਭਰਪੂਰ ਖੁਸ਼ੀਆਂ ਮਨਾਈਆਂ ਉਥੇ ਗੁਰੂ ਘਰ ਦੇ ਦੋਖੀਆਂ ਨੂੰ ਬਹੁਤ ਅਫਸੋਸ ਹੋਇਆ। ਇਨ੍ਹਾਂ ਦੋਖੀਆਂ ਵਿੱਚ ਨਾਂ ਪ੍ਰਿਥੀ ਚੰਦ ਦਾ ਵੀ ਸੀ। ਗੁਰਗੱਦੀ 'ਤੇ ਕਬਜ਼ਾ ਕਰਨ ਹਿੱਤ ਈਰਖਾਲੂ ਪ੍ਰਿਥੀ ਚੰਦ ਸ੍ਰੀ (ਗੁਰੂ) ਹਰਗੋਬਿੰਦ ਜੀ ਨੂੰ ਮਾਰਨ ਦੀਆਂ ਵਿਉਂਤਬੰਦੀਆਂ ਕਰਨ ਲੱਗਾ। ਇਨ੍ਹਾਂ ਵਿਉਂਤਬੰਦੀਆਂ ਤਹਿਤ ਪਹਿਲਾਂ ਤਾਂ ਉਸ ਨੇ ਇਕ ਜ਼ਹਿਰੀਲੇ ਦੁੱਧ ਵਾਲੀ ਦਾਈ ਨੂੰ ਅੰਮ੍ਰਿਤਸਰ ਤੋਂ ਵਡਾਲੀ ਭੇਜਿਆ ਪਰ ਦਾਈ ਦੇ ਦੁੱਧ ਨੂੰ ਲੱਗਿਆ ਜ਼ਹਿਰ ਉਸ ਦੇ ਆਪਣੇ-ਆਪ ਲਈ ਹੀ ਘਾਤਕ ਸਿੱਧ ਹੋ ਗਿਆ। ਇਸ ਤੋਂ ਬਾਅਦ ਉਸ ਨੇ ਇਕ ਸਪੇਰੇ ਨੂੰ ਗੰਢ ਲਿਆ। ਉਸ ਸਪੇਰੇ ਨੇ ਬਾਲ ਗੁਰੂ ਵੱਲ ਇਕ ਸੱਪ ਨੂੰ ਛੱਡ ਦਿੱਤਾ। ਜਿਸ ਵਿੱਚ ਉਹ ਸਫ਼ਲ ਨਾ ਹੋ ਸਕਿਆ। ਉਸ ਦੀਆਂ ਇਹਨਾਂ ਦੋ ਕਰਤੂਤਾਂ ਕਾਰਨ ਉਸ ਦੇ ਹੱਥ ਪੱਲੇ ਕੁਝ ਪਿਆ ਨਹੀਂ ਸਗੋਂ ਨਮੋਸ਼ੀ ਹੀ ਸਹਿਣੀ ਪਈ ਸੀ।**

ਸਿੱਖ ਧਰਮ ਇਕ ਅਜਿਹਾ ਧਰਮ ਹੈ ਜੋ ਸਾਂਝੀਵਾਲਤਾ ਅਤੇ ਮਨੁਖੀ ਅਧਿਕਾਰਾਂ ਦੀ ਡਟਵੀਂ ਹਮਾਇਤ ਕਰਦਾ ਹੈ। ਇਸ ਹਮਾਇਤ ਵਿੱਚ ਗੁਰੂ ਸਾਹਿਬਾਨ ਨੇ ਆਪੋ-ਆਪਣੇ ਸਮੇਂ ਵਿੱਚ ਬਣਦਾ-ਸਰਦਾ ਯੋਗਦਾਨ ਪਾਇਆ ਹੈ। ਗੁਰੂ ਸਾਹਿਬ ਜੀ ਨੇ ਤਾਂ ਮਨੁੱਖੀ ਅਧਿਕਾਰਾਂ ਦੀ ਗੱਲ ਇਸ ਤਰ੍ਹਾਂ ਕੀਤੀ ਹੈ:-

**ਸਭੁ ਕੋ ਆਸੈ ਤੇਰੀ ਬੈਠਾ॥
ਘਟ ਘਟ ਅੰਤਰਿ ਤੂੰਹੈ ਵੁਠਾ ॥
ਸਭੇ ਸਾਝੀਵਾਲ ਸਦਾਇਨਿ
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥
(ਪੰਨਾ-97)**

ਸਿੱਖ ਧਰਮ ਸ਼ਾਂਤਮਈ ਕਦਰਾਂ-ਕੀਮਤਾਂ ਦੀ ਡਟ ਕੇ ਪਹਿਰੇਦਾਰੀ ਕਰਦਾ ਰਿਹਾ ਅਤੇ ਰਾਜਸੀ ਅੱਤਿਆਚਾਰ ਦਾ ਡਟ ਕੇ ਵਿਰੋਧ ਕਰਦਾ ਰਿਹਾ ਗੁਰੂ ਨਾਨਕ ਸਾਹਿਬ ਨੇ ਪਾਪ ਕੀ ਜੰਞ ਦੇ ਜ਼ੁਲਮ ਦਾ ਡੱਟ ਕੇ ਵਿਰੋਧ ਕਰਨ ਲਈ ਇਨਸਾਫ਼ ਦੀ ਫੌਜ ਤਿਆਰ ਕਰਨ ਦਾ ਫਿਲਾਸਫਾ ਦਿੱਤਾ। ਗੁਰੂ ਸਾਹਿਬ ਜੀ ਨੇ ਕਿਹਾ ਕਿ ਹਾਲਾਤ ਕੁਝ ਅਜਿਹੇ ਨੇ ਕਿ ਧਰਮ ਨੂੰ ਬਾਹਰੀ ਹਮਲਿਆਂ ਤੋਂ ਬਚਾਉਣ ਲਈ ਫੌਜ ਦੀ ਲੋੜ ਪੈਣੀ ਹੈ ਕਿਉਂਕਿ ਹਾਕਮਾਂ ਦੇ ਦਰਬਾਰ ਵਿਚੋਂ ਇਨਸਾਫ ਖੰਭ ਲਾ ਕੇ ਉਡ ਗਿਆ ਹੈ।

**ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ॥
(ਪੰਨਾ-145)
ਅਤੇ
ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨਿ੍ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ੍ ਘਾਉ॥
ਰਤੁ ਪਿਤੁ ਕੁਤਿਹੋ ਚਟਿ ਜਾਹੁ ॥
(ਪੰਨਾ-1288)**

ਜਦੋਂ ਤੋਂ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਸਿੱਖੀ ਦੀ ਵਾਗਡੋਰ ਸੰਭਾਲੀ ਤਾਂ ਸਿੱਖ ਧਰਮ ਇਕ ਨਿਵੇਕਲੇ ਮੋੜ ਵਲ ਮੁੜ ਗਿਆ ਜਿਸ ਨੂੰ ਭਾਈ ਗੁਰਦਾਸ ਜੀ ਨੇ ਇੰਜ ਬਿਆਨਿਆ ਹੈ:-

**ਪੰਜ ਪਿਆਲੇ ਪੰਜ ਪੀਰ
ਛਠਮੁ ਪੀਰੁ ਬੈਠਾ ਗੁਰੁ ਭਾਰੀ॥
ਅਰਜਨ ਕਾਇਆ ਪਲਟਿਕੈ
ਮੂਰਤਿ ਹਰਿਗੋਬਿੰਦ ਸਵਾਰੀ॥
ਚਲੀ ਪੀੜ੍ਹੀ ਸੋਢੀਆ
ਰੂਪੁ ਦਿਖਾਵਣਿ ਵਾਰੋ ਵਾਰੀ॥
ਦਲਭੰਜਨ ਗੁਰੁ ਸੂਰਮਾ
ਵਡ ਜੋਧਾ ਬਹੁ ਪਰਉਪਕਾਰੀ॥
ਪੁਛਨਿ ਸਿਖ ਅਰਦਾਸਿ ਕਰਿ
ਛਿਅ ਮਹਲਾਂ ਤਕਿ ਦਰਸੁ ਨਿਹਾਰੀ॥
ਅਗਮ ਅਗੋਚਰ ਸਤਿਗੁਰੂ ਬੋਲੇ
ਮੁਖ ਤੇ ਸੁਣਹੁ ਸੰਸਾਰੀ॥
ਕਲਿਜੁਗ ਪੀੜ੍ਹੀ ਸੋਢੀਆਂ
ਨਿਹਚਲ ਨੀਵ ਉਸਾਰ ਖਲ੍ਹਾਰੀ॥
ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ॥
(ਵਾਰ -1)**

ਮੀਰੀ ਅਤੇ ਪੀਰੀ ਦੇ ਸਿਧਾਂਤ ਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਅਮਲੀ-ਜਾਮਾ ਪਹਿਨਾ ਕੇ ਜਿੱਥੇ ਗੁਰੂ ਨਾਨਕ ਸਾਹਿਬ ਜੀ ਦੀ ਫਿਲਾਸਫੀ ਨੇ ਜਿਸ ਬਾਬਤ ਭੱਟ ਸਾਹਿਬਾਨ ਫੁਰਮਾਉਂਦੇ ਹਨ: **ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥**

ਸੰਤ-ਬਲ ਅਤੇ ਰਾਜ-ਬਲ ਨਾਲ ਆਪਸੀ ਸਾਂਝ ਪੁਆਈ, ਉਥੇ ਸੰਤਾਂ ਨੂੰ ਸਿਪਾਹੀ ਵਾਲਾ ਮੁਹਾਂਦਰਾ ਵੀ ਪ੍ਰਦਾਨ ਕੀਤਾ। ਗੁਰੂ ਨਾਨਕ ਜੀ ਦੇ ਘਰ ਵਿੱਚ ਸੰਤ-ਤਾਈ ਅਤੇ ਸਿਪਾਹੀਅਤ ਇਕੋ ਹੀ ਸਿੱਕੇ ਦੇ ਦੋ ਪਾਸੇ ਹਨ। ਭਾਵ ਇਕ ਚੰਗਾ ਸੰਤ, ਇਕ ਚੰਗਾ ਸਿਪਾਹੀ ਅਤੇ ਇਕ ਚੰਗਾ ਸਿਪਾਹੀ ਹੀ ਇਕ ਚੰਗਾ ਸੰਤ ਸਾਬਤ ਹੋ ਸਕਦਾ ਹੈ।

ਗੁਰੂ ਹਰਗੋਬਿੰਦ ਸਾਹਿਬ ਜੀ ਦਾ ਜਨਮ 19 ਜੂਨ (5 ਜੁਲਾਈ ਮੂਲ ਨਾਨਕਸ਼ਾਹੀ ਕੈਲੰਡਰ 2003), 1590 (ਕੁਝ ਇਤਿਹਾਸਕਾਰਾਂ ਦੀ ਰਾਇ 9 ਅਤੇ 14 ਜੂਨ ਬਾਰੇ ਵੀ ਹੈ) ਨੂੰ ਇਤਿਹਾਸਕ ਸ਼ਹਿਰ ਅੰਮ੍ਰਿਤਸਰ ਤੋਂ ਲਹਿੰਦੇ ਪਾਸੇ ਵਾਲੇ ਨਗਰ ਵਡਾਲੀ (ਗੁਰੂ ਕੀ) ਵਿਖੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਅਤੇ ਮਾਤਾ ਗੰਗਾ ਜੀ ਦੇ ਗ੍ਰਹਿ ਵਿਖੇ ਹੋਇਆ। 1595 ਵੀ ਕਈ ਇਤਿਹਾਸਕਾਰ ਮੰਨਦੇ ਹਨ ਪਰ ਉਹ ਗਲਤ ਹੈ। ਕੀਰਤ ਭੱਟ, ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਅਤੇ ਜਿਹੜੇ 13 ਅਪ੍ਰੈਲ 1634 ਦੇ ਦਿਨ ਗੁਰੂ ਦਾ ਚੱਕ (ਅੰਮ੍ਰਿਤਸਰ) ਦੀ ਜੰਗ ਵਿਚ ਸ਼ਹੀਦ ਹੋਏ ਸਨ, ਇਸ ਮੌਕੇ ਤੇ ਹਾਜ਼ਰ ਸਨ, ਨੇ ਗੁਰੂ ਸਾਹਿਬ ਦੇ ਜਨਮ ਘਟਨਾ ਨੂੰ ਆਪਣੀ ਵਹੀ ਵਿੱਚ ਇਨ੍ਹਾਂ ਲ਼ਫਜ਼ਾਂ ਨਾਲ ਰਿਕਾਰਡ ਕੀਤਾ ਸੀ:

**ਬਾਧਾਈ ਲੀ ਹਰਗੋਬਿੰਦ ਕੀ, ਬੇਟਾ ਗੁਰੂ ਅਰਜਨ ਜੀ ਮਹਲ ਪੰਚਮ ਕਾ, ਪੋਤਾ ਗੁਰੂ ਰਾਮਦਾਸ ਜੀ ਕਾ, ਸੰਮਤ ਸਤਰਾਂ ਸੈ ਸੰਤਾਲੀਸ, ਮਾਹ ਅਸਾੜ, ਦਿਹੁੰ ਇਕੀਸ ਗਿਆਂ, ਸਵਾ ਪਹਿਰ ਰੈਣ, ਮਾਤਾ ਗੰਗਾ ਜੀ ਕੇ ਉਦਰ ਥੀਂ, ਗਾਮ ਬਡਾਲੀ, ਪਰਗਣਾ ਗੁਰੂ ਕਾ ਚੱਕ ਮੇਂ ਏਕ ਚਮਤਕਾਰੀ ਬਾਲਕ ਪੈਦਾ ਹੂਆ, ਨਾਉਂ ਹਰਗੋਬਿੰਦ ਜੀ ਰਾਖਾ..।
(ਭੱਟ ਵਹੀ ਮੁਲਤਾਨੀ ਸਿੰਧੀ)**

**ਇਸ ਇੰਦਰਾਜ ਤੋਂ ਸਾਫ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਦਾ ਜਨਮ ਬਿਕਰਮੀ ਸੰਮਤ 1747 ਯਾਨਿ 1590 ਵਿਚ ਹੋਇਆ ਸੀ। (ਸਿੱਖ ਤਵਾਰੀਖ਼ ਡਾ. ਹਰਜਿੰਦਰ ਸਿੰਘ ਦਿਲਗੀਰ)**

ਛੇਵੀਂ ਪਾਤਸ਼ਾਹੀ ਦੇ ਜਨਮ ਦੀਆਂ ਜਿੱਥੇ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਨੇ ਭਰਪੂਰ ਖੁਸ਼ੀਆਂ ਮਨਾਈਆਂ ਉਥੇ ਗੁਰੂ ਘਰ ਦੇ ਦੋਖੀਆਂ ਨੂੰ ਬਹੁਤ ਅਫਸੋਸ ਹੋਇਆ। ਇਨ੍ਹਾਂ ਦੋਖੀਆਂ ਵਿੱਚ ਨਾਂ ਪ੍ਰਿਥੀ ਚੰਦ ਦਾ ਵੀ ਸੀ। ਗੁਰਗੱਦੀ 'ਤੇ ਕਬਜ਼ਾ ਕਰਨ ਹਿੱਤ ਈਰਖਾਲੂ ਪ੍ਰਿਥੀ ਚੰਦ ਸ੍ਰੀ (ਗੁਰੂ) ਹਰਗੋਬਿੰਦ ਜੀ ਨੂੰ ਮਾਰਨ ਦੀਆਂ ਵਿਉਂਤਬੰਦੀਆਂ ਕਰਨ ਲੱਗਾ। ਇਨ੍ਹਾਂ ਵਿਉਂਤਬੰਦੀਆਂ ਤਹਿਤ ਪਹਿਲਾਂ ਤਾਂ ਉਸ ਨੇ ਇਕ ਜ਼ਹਿਰੀਲੇ ਦੁੱਧ ਵਾਲੀ ਦਾਈ ਨੂੰ ਅੰਮ੍ਰਿਤਸਰ ਤੋਂ ਵਡਾਲੀ ਭੇਜਿਆ ਪਰ ਦਾਈ ਦੇ ਦੁੱਧ ਨੂੰ ਲੱਗਿਆ ਜ਼ਹਿਰ ਉਸ ਦੇ ਆਪਣੇ-ਆਪ ਲਈ ਹੀ ਘਾਤਕ ਸਿੱਧ ਹੋ ਗਿਆ। ਇਸ ਤੋਂ ਬਾਅਦ ਉਸ ਨੇ ਇਕ ਸਪੇਰੇ ਨੂੰ ਗੰਢ ਲਿਆ। ਉਸ ਸਪੇਰੇ ਨੇ ਬਾਲ ਗੁਰੂ ਵੱਲ ਇਕ ਸੱਪ ਨੂੰ ਛੱਡ ਦਿੱਤਾ। ਜਿਸ ਵਿੱਚ ਉਹ ਸਫ਼ਲ ਨਾ ਹੋ ਸਕਿਆ। ਉਸ ਦੀਆਂ ਇਹਨਾਂ ਦੋ ਕਰਤੂਤਾਂ ਕਾਰਨ ਉਸ ਦੇ ਹੱਥ ਪੱਲੇ ਕੁਝ ਪਿਆ ਨਹੀਂ

ਸਗੋਂ ਨਮੋਸ਼ੀ ਹੀ ਸਹਿਣੀ ਪਈ ਸੀ। ਇਸ ਕਰਕੇ ਹੁਣ ਉਹ ਥੋੜ੍ਹਾ ਜਿਹਾ ਵਧੇਰੇ ਚੌਕਸ ਹੋ ਗਿਆ। ਇਸ ਵਾਰੀ ਉਸ ਨੇ ਪੂਰੀ ਚੌਕਸੀ ਨਾਲ ਗੁਰੂ ਜੀ 'ਤੇ ਤੀਸਰਾ ਹਮਲਾ ਕਰ ਦਿੱਤਾ। ਇਸ ਹਮਲੇ ਤਹਿਤ ਉਸ ਨੇ ਇਕ ਖਿਡਾਵੇ ਨੂੰ ਲਾਲਚ ਦੇ ਕੇ ਬਾਲ ਗੁਰੂ ਨੂੰ ਦਹੀਂ ਵਿਚ ਜ਼ਹਿਰ ਮਿਲਾ ਕੇ ਦੇਣ ਲਈ ਕਿਹਾ। ਪਰ ਗੁਰੂ ਸਾਹਿਬ ਨੇ ਖਾਣ ਤੋਂ ਇਨਕਾਰ ਕਰ ਦਿੱਤਾ।

1605 ਈਸਵੀ ਦੇ ਅਕਤੂਬਰ ਮਹੀਨੇ ਵਿੱਚ ਜਹਾਂਗੀਰ ਦੀ ਤਖ਼ਤਪੋਸ਼ੀ ਹੋਣ ਨਾਲ ਅਕਬਰ ਵੱਲੋਂ ਵੱਖ-ਵੱਖ ਧਰਮਾਂ ਪ੍ਰਤੀ ਅਪਣਾਈ ਸਤਿਕਾਰ ਵਾਲੀ ਨੀਤੀ ਦਮ ਤੋੜ ਗਈ। ਰਾਜ ਦਰਬਾਰ ਤੰਗ-ਦਿਲ ਅਤੇ ਫਿਰਕਾਪ੍ਰਸਤ ਮੁਸਲਮਾਨਾਂ ਦੇ ਹੱਥ ਆ ਗਿਆ।

ਇਨ੍ਹਾਂ ਕੱਟੜਪੰਥੀਆਂ ਨੇ ਗ਼ੈਰ-ਮੁਸਲਮਾਨਾਂ ਪ੍ਰਤੀ ਨਫ਼ਰਤ ਭਰਪੂਰ ਪਹੁੰਚ ਅਖਤਿਆਰ ਕਰ ਲਈ। ਇਸ ਪਹੁੰਚ ਦਾ ਢੁੱਕਵਾਂ ਜਵਾਬ ਦੇਣ ਲਈ ਬਾਬਾ ਬੁੱਢਾ ਜੀ ਨੇ ਜਿੱਥੇ ਬਾਲਕ ਹਰਗੋਬਿੰਦ ਜੀ ਨੂੰ ਹਰਫ਼ੀ ਇਲਮ ਦਿੱਤਾ, ਉਥੇ ਕੁਸ਼ਤੀ, ਘੋੜ ਸਵਾਰੀ, ਤਲਵਾਰਬਾਜ਼ੀ ਅਤੇ ਹੋਰ ਜੰਗੀ ਕਰਤਬਾਂ ਦੀ ਸਿਖਲਾਈ ਵੀ ਦਿੱਤੀ। ਕਿਉਂਕਿ ਗੁਰੂ ਅਰਜਨ ਸਾਹਿਬ ਜੀ ਨੇ ਆਪਣੀ ਦੂਰ-ਅੰਦੇਸ਼ੀ ਨਾਲ ਭਾਂਪ ਲਿਆ ਸੀ ਕਿ ਮੁਗ਼ਲ ਹਕੂਮਤ ਨਾਲ ਸਿੱਖਾਂ ਨੂੰ ਦੋ ਹੱਥ ਕਰਨੇ ਹੀ ਪੈਣੇ ਹਨ।

6 ਅਪ੍ਰੈਲ, 1606 ਨੂੰ ਜਹਾਂਗੀਰ ਦਾ ਪੁੱਤਰ ਖੁਸਰੋ ਬਾਗੀ ਹੋ ਕੇ ਆਗਰੇ ਤੋਂ ਪੰਜਾਬ ਵੱਲ ਭੱਜ ਪਿਆ। ਜਹਾਂਗੀਰ ਨੇ ਤਖਤ ਤੇ ਬੈਠਦਿਆਂ ਅਤੇ ਖੁਸਰੋ ਨੂੰ ਪਕੜਦਿਆਂ ਹੀ ਪੰਜਾਬ ਦਾ ਸਾਰਾ ਪ੍ਰਬੰਧ ਬਦਲ ਦਿਤਾ ਸੀ ਅਤੇ ਸ਼ਹਿਜ਼ਾਦਾ ਖੁਸਰੋ ਦੇ ਪੱਖੀ ਅਧਿਕਾਰੀ ਅਤੇ ਜਰਨੈਲ ਫੜ ਕੇ ਮੌਤ ਦੇ ਘਾਟ ਉਤਾਰ ਦਿੱਤੇ ਅਤੇ ਕੱਟੜ ਅਧਿਕਾਰੀਆਂ ਨੂੰ ਪੰਜਾਬ ਦਾ ਪ੍ਰਬੰਧ ਸੌਂਪ ਦਿੱਤਾ। ਮੁਰਤਜਾ ਖਾਨ ਨੂੰ ਲਾਹੌਰ ਦਾ ਗਵਰਨਰ ਥਾਪ ਦਿਤਾ। (ਇਹ ਮੁਰਤਜਾ ਖਾਨ ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਸਮੇਂ ਲਾਹੌਰ ਦਾ ਸੂਬੇਦਾਰ ਸੀ। ਇਸ ਨੂੰ ਹੁਕਮ ਦਿੱਤਾ ਗਿਆ ਕਿ ਗੁਰੂ ਜੀ ਦਾ ਪਰਿਵਾਰ ਕੈਦ ਕਰ ਅਤੇ ਜਾਇਦਾਦ ਜ਼ਬਤ ਕਰ ਲਈ ਜਾਵੇ ਪਰ ਇੰਝ ਨਹੀ ਹੋ ਸਕਿਆ) ਤਿੰਨ ਕੁ ਹਫਤਿਆਂ (27 ਅਪ੍ਰੈਲ) ਬਾਅਦ ਉਹ ਝਨਾਂ ਨਦੀ ਨੂੰ ਪਾਰ ਕਰਦਾ ਫੜਿਆ ਗਿਆ। ਸੰਨ 1606, ਮਈ ਮਹੀਨੇ ਦੇ ਆਖਰੀ ਹਫਤੇ ਸ੍ਰੀ ਗੁਰੂ ਅਰਜਨ ਜੀ ਸਾਹਿਬ ਨੇ ਭਾਈ ਗੁਰਦਾਸ, ਬਾਬਾ ਬੁੱਢਾ ਜੀ ਅਤੇ ਹੋਰ ਮੁਖੀ ਸਿੱਖਾਂ ਨਾਲ ਤਤਕਾਲੀ ਰਾਜਨੀਤਕ ਹਾਲਤਾਂ ਉਪਰ ਗੰਭੀਰ ਵਿਚਾਰ-ਵਟਾਂਦਰਾ ਕੀਤਾ। ਇਸ ਵਿਚਾਰ-ਵਟਾਂਦਰਾ ਤੋਂ ਬਾਅਦ ਦੀਵਾਨ ਸਜਾ ਕੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਸੌਂਪ ਦਿੱਤੀ। ਇਸ ਮੌਕੇ ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਨੂੰ ਦੋ ਤਲਵਾਰਾਂ (ਇਕ ਮੀਰੀ ਅਤੇ ਦੂਜੀ ਪੀਰੀ) ਪਹਿਨਾਈਆਂ ਜੋ ਸੰਸਾਰਕ ਅਤੇ ਆਤਮਕ ਪੱਖ ਦੇ ਸੁਮੇਲ ਦੀ ਗਵਾਹੀ ਦਿੰਦੀਆਂ ਸਨ। ਗੁਰੂ

**ਉਸ ਵਕਤ ਫੌਜਾਂ ਰੱਖਣ ਅਤੇ ਸ਼ਿਕਾਰ ਖੇਡਣ ਦਾ ਕੰਮ ਸਿਰਫ਼ ਰਾਜਿਆਂ-ਮਹਾਰਾਜਿਆਂ ਦੇ ਹੀ ਹਿੱਸੇ ਆਉਂਦਾ ਸੀ। ਬਾਕੀਆਂ ਲਈ ਇਹ ਮਨਾਹੀ-ਯੋਗ ਸੀ। ਗੁਰੂ ਸਾਹਿਬ ਦੀਆਂ ਇਹ ਕਾਰਵਾਈਆਂ ਹਕੂਮਤ ਲਈ ਵੰਗਾਰ ਸਾਬਤ ਹੋ ਰਹੀਆਂ ਸਨ। ਇਹ ਵੰਗਾਰ ਉਸ ਵਕਤ ਤਾਂ ਹੋਰ ਵੀ ਸਪਸ਼ਟ ਰੂਪ ਅਖ਼ਤਿਆਰ ਕਰ ਗਈ ਜਦੋਂ 1608 ਈਸਵੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਹੋ ਗਈ। ਇਸ ਤਖ਼ਤ ਉਪਰ ਗੁਰੂ ਹਰਗੋਬਿੰਦ ਜੀ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਉਪਦੇਸ਼ ਦੇਣ ਦੇ ਨਾਲ-ਨਾਲ ਸਮੇਂ-ਸਮੇਂ ਹੁਕਮਨਾਮੇ ਵੀ ਜਾਰੀ ਕਰਿਆ ਕਰਦੇ ਸਨ।**

ਹਰਗੋਬਿੰਦ ਸਾਹਿਬ ਜੀ ਦੀ ਦੂਰ-ਦ੍ਰਿਸ਼ਟੀ ਸਦਕਾ ਉਨ੍ਹਾਂ ਨੇ ਇਹ ਸਮਝ ਲਿਆ ਸੀ ਕਿ ਮੁਗ਼ਲ ਹਕੂਮਤ ਦੀ ਅੱਤਿਆਚਾਰੀ ਨੀਤੀ ਦਾ ਸਿਖਰ ਗੁਰੂ ਪਿਤਾ ਦੀ ਸ਼ਹੀਦੀ ਤਕ ਹੀ ਸੀਮਤ ਨਹੀਂ ਰਹੇਗਾ। ਇਸ ਨੀਤੀ ਦੇ ਸਮਰਥਕ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਢਾਹ ਲਾਉਣ ਦੀ ਵੀ ਪੂਰੀ ਕੋਸ਼ਿਸ਼ ਕਰਨਗੇ। ਹਕੂਮਤ ਦੀ ਇਸ ਭਵਿੱਖ ਮੁਖੀ ਕੋਸ਼ਿਸ਼ ਨੂੰ ਅਸਫਲ ਕਰਨ ਲਈ ਛੇਵੇਂ ਪਾਤਸ਼ਾਹ ਨੇ ਹਥਿਆਰਬੰਦ ਸੰਘਰਸ਼ ਅਰੰਭ ਕਰ ਦਿਤਾ।

ਇਸ ਰਾਹ 'ਤੇ ਸਫ਼ਲਤਾਪੂਰਵਕ ਚੱਲਣ ਲਈ ਉਨ੍ਹਾਂ ਨੇ ਮਸੰਦਾਂ ਰਾਹੀਂ ਆਪਣੇ ਸਿੱਖਾਂ (ਵਿਸ਼ੇਸ਼ ਕਰਕੇ ਵਪਾਰੀ ਵਰਗ) ਨੂੰ ਹੁਕਮਨਾਮੇ ਭੇਜੇ ਕਿ ਉਹ ਆਪਣੇ ਦਸਵੰਧ ਦੇ ਨਾਲ-ਨਾਲ ਵਧੀਆ ਘੋੜੇ ਅਤੇ ਸ਼ਸ਼ਤਰ ਵੀ ਖਰੀਦ ਕੇ ਭੇਜਿਆ ਕਰਨ। **ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ, ਚੰਗਾ ਘੋੜਾ ਤੇ ਚੰਗੀ ਜਵਾਨੀ ਹੋਵੇਗੀ। ਮੇਰੀ ਖੁਸ਼ੀ ਲੈਣੀ ਹੈ ਤਾਂ ਕਸਰਤਾਂ ਕਰੋ, ਘੋੜੇ ਦੀ ਸਵਾਰੀ ਕਰੋ। ਮੈਂ ਤਲਵਾਰ ਇਸੇ ਲਈ ਧਾਰਨ ਕੀਤੀ ਹੈ ਕਿ ਜ਼ਾਲਮ ਜ਼ੁਲਮ ਦੀ ਤਲਵਾਰ ਬੰਦ ਕਰ ਦੇਵੇ। ਸ਼ਸਤਰ ਪਹਿਨਣ ਨਾਲ ਤੁਹਾਡਾ ਡਰ ਜਾਂਦਾ ਰਹੇਗਾ। ਤੁਸੀਂ ਸਿਰ ਉੱਚਾ ਕਰ ਕੇ ਤੁਰੋਗੇ। ਮੌਤ ਦਾ ਡਰ ਨਹੀਂ ਰਹੇਗਾ। ਆਪਣੇ ਖ਼ੂਨ ਨੂੰ ਠੰਡਾ ਨਾ ਹੋਣ ਦਿਉ ਸਗੋਂ ਇਸ ਨੂੰ ਸਦਾ ਖੌਲਦਾ ਰੱਖੋ। (ਗੁਰੂ ਭਾਰੀ ਕ੍ਰਿਤ ਪ੍ਰਿੰ. ਸਤਿਬੀਰ ਸਿੰਘ, ਪੰਨਾ 24-25)**

ਇਸ ਤਰ੍ਹਾਂ ਸਿੱਖਾਂ ਕੋਲ ਜਿੱਥੇ ਘੋੜਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਉਥੇ ਗੁਰੂ ਘਰ ਦਾ ਅਸਲਾਖਾਨਾ ਵੀ ਚੰਗੇ ਸ਼ਸ਼ਤਰਾਂ ਨਾਲ ਭਰਪੂਰ ਹੋਣ ਲੱਗ ਪਿਆ। ਘੋੜੇ ਅਤੇ ਹਥਿਆਰ ਜਮ੍ਹਾਂ ਕਰਨ ਦੇ ਨਾਲ-ਨਾਲ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਅਤੇ ਸੇਵਕਾਂ ਨੂੰ ਹਥਿਆਰ ਚਲਾਉਣੇ ਸਿਖਾਉਣ ਦਾ ਵੀ ਯੋਗ ਪ੍ਰਬੰਧ ਕਰ ਲਿਆ। ਇਸ ਸਿਖਲਾਈ ਲਈ ਗੁਰੂ ਜੀ ਨੇ ਭਾਈ ਬਿਧੀ ਚੰਦ, ਭਾਈ ਪਿਰਾਣਾ, ਭਾਈ ਜੇਠਾ, ਭਾਈ ਪਰਾਗਾ ਤੇ ਭਾਈ ਲੰਗਾਹ ਜੀ ਦੀ ਸੇਵਾ ਲਾਈ। ਹੌਲੀ-ਹੌਲੀ ਸਿੱਖ ਸੈਨਿਕਾਂ ਦੀ ਤਾਦਾਦ ਵੱਧਣ ਲੱਗੀ। ਦੂਰੋਂ-ਨੇੜਿਓਂ ਕਈ ਅੰਮ੍ਰਿਤਸਰ ਵਿਖੇ ਆ ਕੇ ਮਹੀਨਿਆਂ ਬੱਧੀ ਪੜਾਅ ਕਰ ਲੈਂਦੇ ਅਤੇ ਗੱਤਕੇ (ਮਾਰਸ਼ਲ ਆਰਟ) ਦੀ ਸਿਖਲਾਈ ਪ੍ਰਾਪਤ ਕਰਕੇ ਘਰ ਪਰਤ ਜਾਂਦੇ।

ਉਸ ਵਕਤ ਫੌਜਾਂ ਰੱਖਣ ਅਤੇ ਸ਼ਿਕਾਰ ਖੇਡਣ ਦਾ ਕੰਮ ਸਿਰਫ਼ ਰਾਜਿਆਂ-ਮਹਾਰਾਜਿਆਂ ਦੇ ਹੀ ਹਿੱਸੇ ਆਉਂਦਾ ਸੀ। ਬਾਕੀਆਂ ਲਈ ਇਹ ਮਨਾਹੀ-ਯੋਗ ਸੀ। ਗੁਰੂ ਸਾਹਿਬ ਦੀਆਂ ਇਹ ਕਾਰਵਾਈਆਂ ਹਕੂਮਤ ਲਈ ਵੰਗਾਰ ਸਾਬਤ ਹੋ ਰਹੀਆਂ ਸਨ। ਇਹ ਵੰਗਾਰ ਉਸ ਵਕਤ ਤਾਂ ਹੋਰ ਵੀ ਸਪਸ਼ਟ ਰੂਪ ਅਖ਼ਤਿਆਰ ਕਰ ਗਈ ਜਦੋਂ 1608 ਈਸਵੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਹੋ ਗਈ। ਇਸ ਤਖ਼ਤ ਉਪਰ ਗੁਰੂ ਹਰਗੋਬਿੰਦ ਜੀ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਉਪਦੇਸ਼ ਦੇਣ ਦੇ ਨਾਲ-ਨਾਲ ਸਮੇਂ-ਸਮੇਂ ਹੁਕਮਨਾਮੇ ਵੀ ਜਾਰੀ ਕਰਿਆ ਕਰਦੇ ਸਨ।

ਜਦੋਂ ਜਹਾਂਗੀਰ ਨੂੰ ਆਗਰਾ ਛੱਡ ਕੇ ਦੱਖਣੀ ਦਿਸ਼ਾ ਵੱਲ ਜਾਣਾ ਪਿਆ। ਇਸ ਸਮੇਂ ਦਾ ਲਾਹਾ ਗੁਰੂ ਜੀ ਨੇ ਮਾਲਵੇ ਅਤੇ ਦੁਆਬੇ ਵਿਚ ਸਿੱਖੀ ਦਾ ਪ੍ਰਚਾਰ ਕਰਕੇ ਲਿਆ। ਦੁਆਬੇ ਦੀ ਦਿਸ਼ਾ ਵਿਚ ਪ੍ਰਚਾਰ ਕਰਦਿਆਂ ਗੁਰੂ ਸਾਹਿਬ ਨੇ ਕਰਤਾਰਪੁਰ ਨਗਰ ਨੂੰ ਭਾਗ ਲਗਾਏ ਸਨ। ਪੈਂਦੇ ਖਾਂ ਵੀ ਇੱਥੇ ਹੀ ਗੁਰੂ ਕੀ ਫੌਜ ਵਿਚ ਭਰਤੀ ਹੋਇਆ ਸੀ। ਦੁਆਬੇ ਤੋਂ ਬਾਅਦ ਗੁਰੂ ਜੀ ਨੇ ਆਪਣੇ ਸਾਂਢੂ (ਸਾਈ ਦਾਸ) ਦੇ ਪਿੰਡ ਡਰੋਲੀ ਭਾਈ ਕੀ ਵਿਖੇ ਆ ਗਏ। ਇੱਥੇ ਰਹਿ ਕੇ ਗੁਰੂ ਜੀ ਨੇ ਜਿੱਥੇ ਲੋੜਵੰਦਾਂ ਦੀ ਸਹਾਇਤਾ ਕੀਤੀ ਉਥੇ ਰੱਬੀ ਬਾਣੀ ਦਾ ਸੰਦੇਸ਼ ਵੀ ਘਰ-ਘਰ ਪਹੁੰਚਾਇਆ।

ਗੁਰੂ ਸਾਹਿਬ ਦੀ ਸੇਵਾ ਸੰਭਾਲ ਅਤੇ ਇਨਸਾਫ਼-ਪਸੰਦੀ ਨੂੰ ਦੇਖ ਕੇ ਕਈ ਦੂਸਰੇ ਧਰਮਾਂ (ਖਾਸ ਕਰਕੇ ਮੁਸਲਿਮ ਸਮਾਜ) ਦੇ ਲੋਕ ਵੀ ਗੁਰੂ ਘਰ ਦੇ ਨੇੜੇ ਆਉਣ ਲੱਗੇ। ਇਹ ਗੱਲ ਵਕਤ ਦੇ ਹਾਕਮ ਜਹਾਂਗੀਰ ਦੀ ਬਰਦਾਸ਼ਤ ਦੇ ਘੇਰੇ ਤੋਂ ਬਾਹਰ ਹੋਈ ਜਾ ਰਹੀ ਸੀ। ਉਸ ਨੇ ਜੁਰਮਾਨਾ ਵਸੂਲੀ ਦਾ ਬਹਾਨਾ ਬਣਾ ਕੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਨਜ਼ਰਬੰਦ ਕਰ ਦਿੱਤਾ। ਇਹ ਕਿਲ੍ਹਾ ਸ਼ਾਹੀ ਕੈਦੀਆਂ ਅਤੇ ਲੰਮੀ ਕੈਦ ਵਾਲਿਆਂ ਵਾਸਤੇ ਉਚੇਚੇ ਤੌਰ 'ਤੇ ਬਣਾਇਆ ਗਿਆ ਸੀ। ਕਈਆਂ ਕੈਦੀਆਂ ਦਾ ਜੀਵਨ ਤਾਂ ਇਸ ਕਿਲ੍ਹੇ ਦੀ ਭੇਟ ਹੀ ਚੜ੍ਹ ਜਾਂਦਾ ਸੀ। ਜਦੋਂ ਛੇਵੇਂ ਪਾਤਸ਼ਾਹ ਕਿਲ੍ਹੇ ਵਿਚ ਗਏ ਉਨ੍ਹਾਂ ਦੇਖਿਆ ਕਿ ਕਈ ਰਾਜਪੂਤ ਰਜਵਾੜੇ ਅਤੇ ਸ਼ਿਵਾਲਕ ਦੀਆਂ ਪਹਾੜੀਆਂ ਦੇ ਰਾਜੇ ਵੀ ਕੈਦ ਕੱਟ ਰਹੇ ਸਨ। ਇਨ੍ਹਾਂ ਰਾਜਿਆਂ ਦੀ ਗਿਣਤੀ 52 ਦੇ ਕਰੀਬ ਸੀ। ਗੁਰੂ ਜੀ ਦੇ ਆਉਣ ਨਾਲ ਸਵੇਰੇ ਸ਼ਾਮ ਹੋਣ ਵਾਲੇ ਸਤਿਸੰਗ ਅਤੇ ਧਾਰਮਿਕ ਵਿਚਾਰਾਂ ਨੇ ਕਿਲ੍ਹੇ ਵਿਚਲੇ ਵਾਤਾਵਰਨ ਨੂੰ ਹੀ ਬਦਲ ਕੇ ਰੱਖ

ਦਿੱਤਾ। ਇੱਥੋਂ ਤਕ ਕਿ ਕਿਲ੍ਹੇ ਦਾ ਦਰੋਗਾ ਹਰੀਦਾਸ ਵੀ ਗੁਰੂ ਸਾਹਿਬ ਦਾ ਪ੍ਰਭਾਵ ਕਬੂਲਣੋਂ ਨਾ ਰਹਿ ਸਕਿਆ। ਇੱਧਰ ਜਦੋਂ ਸੰਗਤਾਂ ਨੂੰ ਆਪਣੇ ਸੱਚੇ ਪਾਤਸ਼ਾਹ ਦੀ ਗ੍ਰਿਫਤਾਰੀ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਆਪਣੇ ਰੋਸ ਦਾ ਪ੍ਰਗਟਾਵਾ, ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿਚੋਂ ਚੌਂਕੀਆਂ ਕੱਢ ਕੇ ਕਰਨਾ ਸ਼ੁਰੂ ਕਰ ਦਿੱਤਾ।

ਜਹਾਂਗੀਰ ਸ਼ਰਾਬ-ਪਿਆਲੇ ਦਾ ਸ਼ੌਕੀਨ ਸੀ ਪਰ ਉਮਰ ਦੇ ਵਧਾ ਨਾਲ ਉਸ ਨੂੰ ਇਹ ਸ਼ੌਕ ਕੁਝ ਮਹਿੰਗਾ ਪੈਣ ਲੱਗ ਪਿਆ। ਲੋੜੋ ਵੱਧ ਸੇਵਨ ਸਦਕਾ ਉਹ ਸਖ਼ਤ ਬਿਮਾਰ ਹੋ ਗਿਆ। ਜਦੋਂ ਦੁਆ ਅਤੇ ਦਵਾ ਕੰਮ ਨਾ ਆਈਆਂ ਤਾਂ ਕਿਸੇ ਨੇਕ ਬਖ਼ਤ ਨੇ ਉਸ ਨੂੰ ਗੁਰੂ ਸਾਹਿਬ ਦੀ ਨਾਜਾਇਜ਼ ਨਜ਼ਰਬੰਦੀ ਦਾ ਅਹਿਸਾਸ ਕਰਵਾ ਦਿੱਤਾ। ਮੁਸੀਬਤ ਵਿਚ ਫਸੇ ਹੋਣ ਕਰਕੇ ਗੱਲ ਉਸ ਦੇ ਵੀ ਮਨ ਲੱਗ ਗਈ। ਉਸ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਜਦੋਂ ਇਸ ਹੁਕਮ ਦਾ ਪਤਾ ਬੇਕਸੂਰ ਕੈਦੀ ਰਾਜਿਆਂ ਨੂੰ ਲੱਗਾ ਤਾਂ ਉਨ੍ਹਾਂ ਨੇ ਵੀ ਗੁਰੂ ਸਾਹਿਬ ਦੇ ਸਨਮੁੱਖ ਬੇਨਤੀ ਕੀਤੀ ਕਿ **ਸੱਚੇ ਪਾਤਸ਼ਾਹ** ਸਾਨੂੰ ਵੀ ਇਸ ਨਰਕੀ ਜੀਵਨ ਤੋਂ ਛੁਟਕਾਰਾ ਦਿਵਾ ਦਿਉ। ਗੁਰੂ ਜੀ ਨੇ ਜਹਾਂਗੀਰ ਨੂੰ ਸੁਨੇਹਾ ਭੇਜਿਆ ਕਿ ਉਹ ਤਦ ਹੀ ਕਿਲ੍ਹੇ ਵਿਚੋਂ ਬਾਹਰ ਜਾਣਗੇ ਜੇ ਇਨ੍ਹਾਂ ਨਿਰਦੋਸ਼ ਰਾਜਿਆਂ ਨੂੰ ਨਾਲ ਹੀ ਰਿਹਾਅ ਕੀਤਾ ਜਾਵੇਗਾ। ਜਹਾਂਗੀਰ ਨੇ ਸ਼ਰਤਨੁਮਾ ਸਹਿਮਤੀ ਦਿੰਦਿਆਂ ਕਿਹਾ ਕਿ ਜਿੰਨੇ ਵੀ ਰਾਜੇ ਗੁਰੂ ਜੀ ਨਾਲ ਲੈ ਕੇ ਜਾਣਾ ਚਾਹੁੰਦੇ ਹਨ ਉਹ ਜਾਣ ਦਿੱਤੇ ਜਾਣ। ਗੁਰੂ ਸਾਹਿਬ ਜੀ 52 ਰਾਜਸੀ ਕੈਦੀਆਂ ਨੂੰ ਆਪਣੇ ਨਾਲ ਲੈ ਕੇ ਕਿਲ੍ਹੇ ਤੋਂ ਬਾਹਰ ਆ ਗਏ। ਇਸ ਕਰਕੇ ਛੇਵੇਂ ਪਾਤਸ਼ਾਹ ਨੂੰ **'ਬੰਦੀ ਛੋੜ'** ਦਾਤੇ ਦਾ ਖਿਤਾਬ ਦਿੱਤਾ ਜਾਂਦਾ ਹੈ।

ਗੁਰੂ ਸਾਹਿਬ ਜੀ ਨੇ ਬਾਬਾ ਗੁਰਦਿੱਤਾ ਜੀ ਦੀ ਪਹਾੜੀ ਇਲਾਕੇ ਵਿੱਚ ਕੋਈ ਯੋਗ ਸਥਾਨ ਚੁਣਨ ਦੀ ਸੇਵਾ ਲਗਾਈ। ਬਾਬਾ ਜੀ ਨੇ ਉਹ ਸਥਾਨ ਰੋਪੜ ਤੋਂ ਨੰਗਲ ਸੜਕ 'ਤੇ ਵਸੇ ਨਗਰ (ਸ੍ਰੀ ਕੀਰਤਪੁਰ ਸਾਹਿਬ) ਨੂੰ ਚੁਣਿਆ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀਆਂ ਸਰਗਰਮੀਆਂ ਜਿਵੇਂ ਆਪਣੀ ਫੌਜ ਰੱਖਣਾ, ਸ਼ਿਕਾਰ ਖੇਡਣਾ ਅਤੇ ਕਲਗੀ ਲਗਾ ਕੇ ਸ੍ਰੀ ਅਕਾਲ ਤਖ਼ਤ 'ਤੇ ਬੈਠਣਾ ਆਦਿ ਮੁਗ਼ਲ ਸਰਕਾਰ ਲਈ ਸਿੱਧੀ ਵੰਗਾਰ ਸੀ।

1627 ਈਸਵੀ ਵਿੱਚ ਜਹਾਂਗੀਰ ਦੀ ਮੌਤ ਹੋ ਗਈ। ਉਸ ਤੋਂ ਬਾਅਦ ਉਸ ਦਾ ਪੁੱਤਰ ਸ਼ਾਹਜਹਾਨ ਰਾਜਗੱਦੀ ਦਾ ਵਾਰਸ ਬਣ ਗਿਆ। ਕੱਟੜਪੰਥੀ ਮੁਸਲਮਾਨਾਂ ਨੂੰ ਖ਼ੁਸ਼ ਕਰਨ ਲਈ ਉਸ ਨੇ ਗ਼ੈਰ-ਮੁਸਲਿਮ ਭਾਈਚਾਰੇ 'ਤੇ ਜ਼ਿਆਦਤੀਆਂ ਦਾ ਸਿਲਸਿਲਾ ਆਰੰਭ ਕਰ ਦਿੱਤਾ। ਇਸ ਸਿਲਸਿਲੇ ਨੂੰ ਠੱਲ੍ਹ ਪਾਉਣ ਲਈ ਛੇਵੇਂ ਗੁਰੂ ਨੂੰ ਸਮੇਂ-ਸਮੇਂ ਕਈ ਜੰਗਜੂ ਕਾਰਵਾਈਆਂ/ਲੜਾਈਆਂ ਵੀ ਕਰਨੀਆਂ ਪਈਆਂ। ਇਸ ਲੜੀ ਵਜੋਂ ਉਨ੍ਹਾਂ ਨੂੰ ਰੁਹੇਲੇ (ਸ੍ਰੀ ਹਰਗੋਬਿੰਦਪੁਰ ਸਾਹਿਬ) ਵਿਖੇ ਪਹਿਲੀ ਜੰਗ ਲੜਨੀ ਪਈ।

ਗੁਰੂ ਸਾਹਿਬ ਦੀ ਦੂਸਰੀ ਜੰਗ ਲੋਹਗੜ੍ਹ (ਅੰਮ੍ਰਿਤਸਰ) ਵਿੱਚ ਗੁਰੂ ਕੀ ਫ਼ੌਜ ਨੇ ਵੈਰੀ ਨੂੰ ਕਰਾਰੀ ਹਾਰ ਦਿੱਤੀ।

ਤੀਸਰੀ ਜੰਗ ਮਰਾਝ ਦੇ ਨਜ਼ਦੀਕ ਇਕ ਢਾਬ 'ਤੇ ਮੋਰਚੇ ਕਾਇਮ ਕਰਕੇ ਲੜੀ ਗਈ, ਜਿਸ ਦਾ ਕਾਰਨ ਭਾਈ ਬਿਧੀ ਚੰਦ ਜੀ ਦੁਆਰਾ ਉਨ੍ਹਾਂ ਦੋ ਘੋੜਿਆਂ ਨੂੰ ਲਾਹੌਰ ਦੇ ਕਿਲ੍ਹੇ ਵਿਚੋਂ ਕੱਢ ਕੇ ਗੁਰੂ ਦਰਬਾਰ ਵਿਚ ਪਹੁੰਚਾਉਣਾ ਸੀ ਜਿਨ੍ਹਾਂ ਨੂੰ ਕਾਬੁਲ ਤੋਂ ਆ ਰਹੇ ਸਿੱਖਾਂ ਕੋਲੋਂ ਲਾਹੌਰ ਦੇ ਹਾਕਮ ਨੇ ਖੋਹ ਲਿਆ ਸੀ।

ਗੁਰੂ ਸਾਹਿਬ ਦੀ ਚੌਥੀ ਜੰਗ ਕਰਤਾਰਪੁਰ ਸਾਹਿਬ ਦੀ ਹੈ ਜੋ ਸਿੱਖ ਇਤਿਹਾਸ ਵਿੱਚ ਇਕ ਅਹਿਮ ਸਥਾਨ ਰੱਖਦੀ ਹੈ। ਇਸ ਜੰਗ ਦਾ ਸਬੱਬ ਸਿੱਖ ਫੌਜ ਦੇ ਇਕ ਸਾਬਕਾ ਜਰਨੈਲ ਪੈਂਦੇ ਖਾਨ ਦੀ ਗੁਰੂ ਘਰ ਨਾਲ ਗੱਦਾਰੀ ਅਤੇ ਫੌਜਦਾਰ ਕਾਲੇ ਖਾਂ ਦੀ ਬਦਲੇ ਦੀ ਭਾਵਨਾ ਸੀ। ਸੋ ਇਨ੍ਹਾਂ ਦੁਸ਼ਟਾਂ ਨੇ ਮਿਲਵੇਂ ਰੂਪ ਵਿੱਚ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਇਹ ਜੰਗ ਲਗਾਤਾਰ ਤਿੰਨ ਦਿਨ ਹੁੰਦੀ ਰਹੀ। ਗੁਰੂ ਸਾਹਿਬ ਦੀ ਪੰਜਵੀਂ ਜੰਗ ਪਲਾਹੀ ਸਾਹਿਬ (ਫਗਵਾੜਾ) ਵਿਖੇ ਹੋਈ। ਸ਼ਾਹੀ ਫੌਜਾਂ ਨੇ ਗੁਰੂ ਕੀਆਂ ਫੌਜਾਂ 'ਤੇ ਅਚਾਨਕ ਹਮਲਾ ਕਰ ਦਿੱਤਾ। ਹਮਲਾ ਭਾਵੇਂ ਕਹਿਰੀ ਸੀ ਪਰ ਸਿੱਖਾਂ ਨੇ ਇਸ ਦਾ ਮੂੰਹ ਤੋੜਵਾਂ ਜਵਾਬ ਦਿੱਤਾ। ਇਸ ਤਰ੍ਹਾਂ ਸ਼ਾਹੀ ਫੌਜਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਗਿਆ।

ਆਪਣੀ ਸੰਸਾਰਿਕ ਯਾਤਰਾ ਦੀ ਸੰਪੂਰਨਤਾ ਨੂੰ ਨੇੜੇ ਜਾਣ ਕੇ ਛੇਵੇਂ ਸਤਿਗੁਰਾਂ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਆਪਣੇ ਪੋਤਰੇ ਹਰਿ ਰਾਏ ਸਾਹਿਬ ਨੂੰ ਸੌਂਪ ਦਿੱਤੀ। ਗੁਰੂ ਹਰਗੋਬਿੰਦ ਸਾਹਿਬ ਜੀ ਮਾਰਚ ਮਹੀਨੇ ਸੰਨ 1644 ਨੂੰ ਜੋਤੀ ਜੋਤ ਸਮਾ ਗਏ।

-0-

# ਸਿੱਖ ਧਰਮ ਬਾਰੇ ਗੈਰ ਸਿੱਖਾਂ ਦੇ ਵਿਚਾਰ

ਮੈਂ ਆਪਣੇ ਗੁਰੂ ਸਵਾਮੀ ਬ੍ਰਹਮਾ ਨੰਦਾ ਨਾਲ ਪੰਜਾਬ ਦੀ ਯਾਤਰਾ ਤੇ ਸੀ। ਉਥੇ ਅਸੀਂ ਸਵਾਮੀ ਸਤਿਆ ਨੰਦਾ ਉਦਾਸੀ (ਹਿੰਦੂ ਤਪਸਵੀ) ਨੂੰ ਮਿਲੇ। ਉਸ ਨੇ ਗੁਰੂ ਨਾਨਕ ਸਾਹਿਬ ਦੇ ਮਾਨਸਿਕ ਸ਼ਾਂਤੀ ਦੇ ਧਰਮ ਸੰਬੰਧੀ ਕੁਝ ਇਸ ਤਰਾਂ ਵਿਆਖਿਆ ਕੀਤੀ ਕਿ ਸਵਾਮੀ ਬ੍ਰਹਮਾ ਨੰਦਾ ਜੀ ਨੇ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੀ ਯਾਤਰਾ ਵੇਲੇ ਇਤਨਾ ਆਤਮਿਕ ਸ਼ਾਂਤੀ ਤੇ ਆਨੰਦ ਅਨੁਭਵ ਕੀਤਾ ਤੇ ਮਨ ਤੇ ਇਤਨਾ ਅਸਰ ਹੋਇਆ ਕਿ ਉਹ ਗੁਰੂ ਨਾਨਕ ਦੇ ਹੀ ਹੋ ਕੇ ਰਹਿ ਗਏ। ਅਸੀਂ ਕੁਝ ਚਿਰ ਪੰਜਾਬ ਠਹਿਰਨ ਪਿਛੋਂ ਹਰਿਦੁਆਰ ਚਲੇ ਗਏ। ਉਥੇ ਇਕ ਦਿਨ ਮੈਂ ਸਵਾਮੀ ਜੀ ਦੀਆਂ ਅੱਖਾਂ ਵਿਚ ਹੰਝੂ ਦੇਖੇ ਜਦੋਂ ਕਿ ਉਹ ਬਿਲਕੁਲ ਤੰਦਰੁਸਤ ਸਨ। ਜਦੋਂ ਮੈਂ ਉਹਨਾਂ ਤੋਂ ਇਸ ਦਾ ਕਾਰਨ ਪੁਛਿਆ ਤਾਂ ਉਹ ਕਹਿਣ ਲੱਗੇ ਕਿ ਮੈਂ ਸਾਰੀ ਉਮਰ ਰੇਤ ਹੀ ਫੱਕਿਆ ਹੈ। ਅਸਲੀ ਸੱਚ ਤਾਂ ਗੁਰੂ ਨਾਨਕ ਦੇ ਘਰ ਵਿਚ ਹੈ। ਮੈਨੂੰ ਮੁਕਤ ਹੋਣ ਲਈ ਗੁਰੂ ਨਾਨਕ ਦੇ ਘਰ ਵਿਚ ਇਕ ਹੋਰ ਜਨਮ ਲੈਣਾ ਪਵੇਗਾ। ਜਦੋਂ ਹੀ ਉਹਨਾਂ ਨੇ ਇਹ ਗਲ ਕਹੀ ਉਸੇ ਵੇਲੇ ਉਹਨਾਂ ਨੇ ਪ੍ਰਾਣ ਤਿਆਗ ਦਿਤੇ।

ਮੈਂ ਆਪ ਵੀ ਵਾਹਿਗੁਰੂ ਨਾਮ ਤੇ ਗੁਰੂ ਨਾਨਕ ਦੇ ਦਸੇ ਰਸਤੇ ਤੇ ਲਗਾਤਾਰ ਚਿੰਤਨ ਕੀਤਾ ਹੈ। ਮੈਂ ਯੋਗੀਆਂ ਦੇ ਦਸੇ ਰਸਤੇ ਤੇ ਵੀ ਕਈ ਸਾਲ ਯੋਗ ਅਭਿਆਸ ਕੀਤਾ ਹੈ। ਪਰ ਜੋ ਆਨੰਦ ਤੇ ਸ਼ਾਂਤੀ ਮੈਨੂੰ ਹੁਣ ਮਿਲੀ ਹੈ ਉਹ ਪਹਿਲਾਂ ਕਦੇ ਨਹੀਂ ਮਿਲੀ ਸੀ।

**-ਸੁਆਮੀ ਨਿਤਿਆ ਨੰਦ**
**(ਗੁਰੂ ਗਿਆਨ ਪੀਠ)**

# ਜੇਕਰ ਮੈਗਜ਼ੀਨ ਨਾ ਮਿਲੇ ਤਾਂ ...



**ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਮੈਸਜ਼ ਜਾਂ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।**

**ਵੱਲੋਂ ਅਦਾਰਾ 'ਗੁਰਮਤਿ ਵਿਰਸਾ'**

# ਚੰਦਾ ਨਵਿਆਉਣ ਸਬੰਧੀ

ਜੇ ਆਪ ਜੀ ਦਾ ਸਾਲਾਨਾ ਚੰਦਾ ਇਸ ਮਹੀਨੇ ਖਤਮ ਹੋ ਗਿਆ ਹੈ ਤਾਂ ਮੈਗਜ਼ੀਨ ਨੂੰ ਲਗਾਤਾਰ ਜਾਰੀ ਰੱਖਣ ਵਾਸਤੇ ਦੁਬਾਰਾ ਚੰਦਾ ਭੇਜੋ ਜੀ। ਮੈਗਜ਼ੀਨ ਦੀ ਸਾਲਾਨਾ ਭੇਟਾ 250/- ਅਤੇ ਲਾਈਫ਼ ਮੈਂਬਰਸ਼ਿਪ 3000/- ਹੈ। ਚੰਦਾ ਭੇਜਣ ਸਮੇਂ ਆਪਣਾ ਨਾਮ ਬੈਂਕ ਕਲਰਕ ਨੂੰ ਜ਼ਰੂਰ ਲਿਖਵਾਓ ਅਤੇ ਮੁੱਖ ਦਫਤਰ ਵਿਚ ਚੰਦਾ ਭੇਜਣ ਦੀ ਸੂਚਨਾ ਜ਼ਰੂਰ ਦਿਓ। ਤੁਸੀਂ ਇਸ ਮੈਗਜ਼ੀਨ ਦਾ ਚੰਦਾ ਹੇਠ ਲਿਖੇ A/C ਵਿੱਚ ਵੀ ਭੇਜ ਸਕਦੇ ਹੋ। **AXIS Bank, Branch : Phullanwal, IFSC Code: UTIB0000196, A/C** : 913010032526897, ਤੁਸੀਂ **GURMAT VIRSA** ਦੇ ਨਾਮ ਤੇ ਚੈੱਕ ਵੀ ਭੇਜ ਸਕਦੇ ਹੋ।

# ਅਰਦਾਸ ਤੋਂ ਪਿਛੋਂ ਦੋਹਰਾ ਕਿੱਥੋਂ ਤਕ?

ਅਜੋਕੇ ਸਮੇਂ ਹਰ ਗੁਰਦੁਆਰੇ ਸਾਹਿਬ, ਹਰ ਡੇਰੇਦਾਰ ਹਰ ਸੰਸਥਾ ਵੱਲੋਂ ਅਰਦਾਸ ਦੇ ਸਮੇਂ ਵੱਖੋ-ਵੱਖਰੇ ਨਿਯਮ ਅਰਥਾਤ ਮਰਯਾਦਾ ਬਣਾ ਰੱਖੀਆਂ ਹਨ ਦੂਸਰੇ ਧਰਮ ਨੂੰ ਮੰਨਣ ਵਾਲੇ ਜਦੋਂ ਸਮਾਜਿਕ ਤੌਰ ਤੇ ਗੁਰਮਤਿ ਸਮਾਗਮਾਂ ਵਿੱਚ ਸ਼ਾਮਿਲ ਹੁੰਦੇ ਹਨ ਤਾਂ ਹੈਰਾਨ ਹੋ ਜਾਂਦੇ ਹਨ ਕਿ ਅਲੱਗ-ਅਲੱਗ ਜਗ੍ਹਾਂ ਤੇ ਵੱਖੋ ਵੱਖਰੇ ਤਰੀਕੇ ਨਾਲ ਅਰਦਾਸ ਅਤੇ ਅਰਦਾਸ ਤੋਂ ਬਾਅਦ ਦੋਹਰੇ ਕਿਉਂ ਪੜ੍ਹੇ ਜਾਂਦੇ ਹਨ ਹੋਰ ਧਰਮ ਤਾਂ ਕੀ ਸਿੱਖ ਵੀ ਦੁਬਿਧਾ ਵਿੱਚ ਪਏ ਨਜ਼ਰ ਆਉਦੇ ਹਨ ਜਦੋਂ ਕਿ ਸਿੱਖ ਧਰਮ ਵਿੱਚ ਜਨਮ, ਵਿਆਹ ਅਤੇ ਮੌਤ ਸਮੇਂ ਇੱਕੋ ਜਿਹੇ ਤਰੀਕੇ ਨਾਲ ਅਰਦਾਸ ਹੁੰਦੀ ਹੈ ਅਨੰਦ ਸਾਹਿਬ ਦੀਆਂ 6 ਪਉੜੀਆਂ, ਅਰਦਾਸ ਉਪਰੰਤ ਜੈਕਾਰਾ ਗਜਾਇਆ ਜਾਂਦਾ ਹੈ। (ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਇਲਾਵਾ)




**-ਕੈਪਟਨ ਅਵਤਾਰ ਸਿੰਘ**
**97819-90206**


ਸਿੱਖ ਰਹਿਤ ਮਰਯਾਦਾ ਵਿੱਚ ਵੀ ਸਪੱਸ਼ਟ ਲਿਖਿਆ ਹੈ ਕਿ ਅਰਦਾਸ ਉਪਰੰਤ ਜੈਕਾਰਾ ਗਜਾਇਆ ਜਾਏ ਪਰ ਅੱਜ ਵੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਅਰਦਾਸ ਉਪਰੰਤ ਜੈਕਾਰਾ ਨਹੀਂ ਬੋਲਿਆ ਜਾਂਦਾ। ਅੱਜ ਜ਼ਰੂਰਤ ਹੈ ਕਿ ਬੁਧੀਜੀਵੀ ਸਿੱਖ ਜੁੜ ਬੈਠਣ ਅਤੇ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਤੇ ਡੱਟ ਕੇ ਪਹਿਰਾ ਦੇਣ ਵਾਸਤੇ ਸਾਰੇ ਗੁਰਦੁਆਰਿਆਂ ਡੇਰਿਆਂ ਅਤੇ ਸੰਸਥਾ ਨੂੰ ਕਹਿਣ। ਭਾਂਵੇ ਇਸ ਲੇਖ ਦੇ ਵਿਸ਼ੇ ਉੱਤੇ ਸਿੱਖ ਰਹਿਤ ਮਰਯਾਦਾ ਵਿੱਚ ਵੀ ਜਿਕਰ ਨਹੀਂ ਹੈ ਪਰ ਜੇ ਕੋਈ ਵਿਸ਼ਾ ਮਰਯਾਦਾ ਵਿੱਚ ਅੰਕਤ ਨਹੀਂ ਹੋਇਆਂ ਤਾਂ ਬੁਧੀਜੀਵੀ ਵਿਦਵਾਨਾਂ ਦੀ ਰਾਇ ਅਤੇ ਇਤਿਹਾਸਿਕ ਤੱਥਾਂ ਨੂੰ ਅਧਾਰ ਬਣਾ ਕੇ ਇਕੋ ਤਰ੍ਹਾਂ ਦੇ ਦੋਹਰੇ ਪੜਨ ਦੀ ਮਾਨਤਾ ਦੇ ਦੇਣੀ ਚਾਹੀਦੀ ਹੈ।

ਇਸ ਲੇਖ ਦਾ ਮੁੱਖ ਵਿਸ਼ਾ ਅਰਦਾਸ ਤੋਂ ਪਿੱਛੋਂ ਦੋਹਰਾ ਕਿਥੋਂ ਤੱਕ ਤੇ ਵਿਚਾਰ ਕਰਨ ਦੀ ਕੋਸ਼ਿਸ ਕੀਤੀ ਗਈ ਹੈ।ਦੋਹਰੇ ਸੰਬੰਧੀ ਵਿਦਵਾਨਾਂ ਦੀ ਇਕ ਰਾਇ ਹੈ, ਉਨ੍ਹਾਂ ਅਨੁਸਾਰ ਸਮੂਹ ਗੁਰਦੁਆਰਿਆਂ ਅੰਦਰ ਇੱਕੋ ਮਰਯਾਦਾ ਦਾ ਹੋਣਾ ਅਤਿ ਜ਼ਰੂਰੀ ਹੈ। ਜੇਕਰ ਇਸ ਤਰ੍ਹਾਂ ਨਾ ਸੰਭਵ ਹੋਇਆ ਤਾਂ ਸਾਡੀ ਪਨੀਰੀ ਸਿੱਖੀ ਤੋਂ ਦੂਰ ਭੱਜੇਗੀ ਅਤੇ ਸਾਡੇ ਪੱਲੇ ਪਛਤਾਵੇ ਤੋਂ ਬਿਨਾ ਕੁਝ ਵੀ ਨਹੀਂ ਰਹੇਗਾ। ਸਾਡੇ ਅੰਦਰ ਖਿੱਚੋਤਾਣ ਵਧੇਗੀ ਤੇ ਸਮੁੱਚੀ ਕੌਮ ਭੰਬਲ ਭੂਸੇ ਵਿਚ ਪਈ ਰਹੇਗੀ।ਹਰ ਗੁਰਦੁਆਰੇ ਦੀ ਆਪਣੀ- ਆਪਣੀ ਮਰਯਾਦਾ ਕਿਉਂ ? ਇਸ ਬਾਰੇ ਇਕ ਪੰਥਕ ਹਿੱਤੂ ਦੇ ਦਰਦ ਭਰਪੂਰ ਸ਼ਬਦ:

"ਦਸ ਜੋਤਾਂ ਇਕ ਰੂਪ ਹਨ ਅਤੇ ਗੁਰਗੱਦੀ ਦੇ ਸੁਆਸੀ ਤਾਂ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਹਨ, ਪਰ ਇਕ ਨਵੀਂ ਪਿਰਤ ਦਾ ਕੀ ਕਰੋਗੇ ਕਿ ਅਰਦਾਸੇ ਤੋਂ ਪਿੱਛੋਂ 'ਆਗਿਆ ਭਈ ਅਕਾਲ ਕੀ' ਤੋਂ ਉਪਰੰਤ ਹਰ ਗੁਰਦੁਆਰੇ ਦਾ ਅਰਦਾਸੀਆਂ, ਉਸ ਗੁਰਦੁਆਰੇ ਨਾਲ ਇਕ ਗੁਰੂ ਨੂੰ ਸੰਬੰਧਤ ਜਾਣ ਕੇ ਉਚੇਚਾ ਆਦਰ ਭੇਟ ਕਰਦਿਆਂ ਵੱਖਰਾ ਇਕ ਦੋਹਰਾ ਪੜ੍ਹਦਾ ਹੈ, ਜਿਵੇਂ ਦਿੱਲੀ ਵਿਖੇ ਸੀਸ ਗੰਜ ਗੁਰਦੁਆਰੇ ਸਾਹਿਬ ਸੁਣੋਗੇ:



**ਤੇਗ ਬਹਾਦਰ ਕੇ ਚਲਤ,**
**ਭਯੋ ਜਗਤ ਕੋ ਸੋਕ।**
**ਹੈ ਹੈ ਹੈ ਸਭ ਭਯੋ**
**ਜੈ ਜੈ ਜੈ ਸੁਰ ਲੋਕ।**

ਹੋਰ ਥਾਂ ਜਾਈਏ ਤੇ ਉਥੇ ਹੋਰ ਸੁਣੋਗੇ:- ਕਈ ਡੇਰਿਆਂ

ਉੱਤੇ ਅਤੇ ਨਿਹੰਗ ਸਿੰਘ ਹੋਰ ਹੀ ਦੋਹਰੇ ਪੜਦੇ ਹਨ ਜਿਵੇਂ

**"ਚਿਟਿਆ ਬਾਜਾਂ ਵਾਲਿਉ**
**ਰੱਖੋਓ ਬਿਰਦ ਬਾਣੇ ਦੀ ਲਾਜ" ਆਦਿ**

"ਸਮੂਹ ਤਖ਼ਤਾਂ ਤੇ ਅਰਦਾਸ ਪਿੱਛੋਂ ਦੋਹਰਾ 'ਆਗਿਆ ਭਈ ਅਕਾਲ ਕੀ ਰਾਜ ਕਰੇਗਾ ਖ਼ਾਲਸਾ... ਪੜ੍ਹਿਆ ਜਾਂਦਾ ਹੈ, ਪਰ ਹਜ਼ੂਰ ਸਾਹਿਬ ਵਿਖੇ ਅਰਦਾਸ ਦੀ ਸਮਾਪਤੀ ਉੱਤੇ 'ਗੁਰੂ ਮਾਨਿਓ ਗ੍ਰੰਥ' ਵਾਲਾ ਦੋਹਰਾ ਬਿਲਕੁਲ ਨਹੀਂ ਪੜ੍ਹਿਆ ਜਾਂਦਾ।"

"ਸ੍ਰੀ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ) ਦੀ ਮਰਯਾਦਾ ਸੰਬੰਧੀ ਸੰਖੇਪ, 'ਗੁਰੂ ਕੇ ਖਜ਼ਾਨੇ ਵਿੱਚੋਂ ਅਤੇ ਪ੍ਰੇਮੀ ਸੱਜਣਾ ਵੱਲੋਂ ਕੜਾਹ ਪ੍ਰਸ਼ਾਦ ਹਜ਼ੂਰੀ ਵਿਚ ਪਹੁੰਚ ਜਾਂਦਾ ਹੈ। ਗ੍ਰੰਥੀ ਸਿੰਘ ਪੰਥ ਪ੍ਰਵਾਨਿਤ ਅਰਦਾਸ (ਜੋ ਰਹਿਤ ਮਰਯਾਦਾ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਛਾਪੇ ਗੁਟਕਿਆਂ ਵਿਚ ਅੰਕਿਤ ਹੈ) ਕਰਦਾ ਹੈ। ਅਰਦਾਸ ਤੋਂ ਬਾਅਦ ਮੱਥਾ ਟੇਕ ਕੇ ਸਾਰੀ ਸੰਗਤ ਖੜੀ ਹੋ ਕੇ 'ਆਗਿਆ ਭਈ ਅਕਾਲ ਕੀ... ਗੁਰੂ ਗ੍ਰੰਥ ਜੀ ਮਾਨਿਓ... ਤੇ ਰਾਜ ਕਰੇਗਾ ਖ਼ਾਲਸਾ....' ਇਹ ਉਪਰੋਕਤ ਤਿੰਨ ਦੋਹਰੇ ਗੱਜ ਕੇ ਪੜ੍ਹਦੀ ਹੈ ਤੇ ਜੈਕਾਰਾ ਛੱਡਿਆ ਜਾਂਦਾ ਹੈ।"

**(ਗੁਰਮਤਿ ਪ੍ਰਕਾਸ਼, ਵਿਸ਼ੇਸ਼ ਅੰਕ, ਜੁਲਾਈ 1990)**

ਡਾਕਟਰ ਜਸਵੰਤ ਸਿੰਘ ਜੀ ਨੇਕੀ ਜੋ ਇਕ ਉੱਘੇ ਵਿਦਵਾਨ, ਕਵੀ ਤੇ ਮੈਡੀਕਲ ਡਾਕਟਰ ਹਨ ਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ. ਦੇ ਵਿਚਾਰ ਬਹੁਤ ਸਪੱਸ਼ਟ ਤੇ ਮੰਨਣਯੋਗ ਹਨ:

"ਅਰਦਾਸ ਪਿੱਛੋਂ ਤਿੰਨ ਦੋਹਰੇ ਪੜ੍ਹਨ ਦੀ ਰੀਤ ਹੈ। ਇਨ੍ਹਾਂ ਵਿੱਚੋਂ ਪਹਿਲੇ ਦੋ, ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਵਿੱਚੋਂ ਹਨ ਤੇ ਅਖ਼ੀਰਲਾ ਦੋਹਰਾ ਭਾਈ ਨੰਦ ਲਾਲ ਦੇ ਤਨਖ਼ਾਹਨਾਮੇ ਵਿੱਚੋਂ ਲਏ ਗਏ ਹਨ ਜੋ ਇਸ ਪ੍ਰਕਾਰ ਹਨ:

**ਆਗਿਆ ਭਈ ਅਕਾਲ ਕੀ**
**ਤਭੀ (ਤਬੈ) ਚਲਾਇਓ ਪੰਥ।**
**ਸਭ ਸਿਖਨ ਕੋ ਹੁਕਮ ਹੈ**
**ਗੁਰੂ ਮਾਨਿਓ ਗ੍ਰੰਥ।**
**ਗੁਰੂ ਗ੍ਰੰਥ ਜੀ ਮਾਨਿਓ**
**ਪ੍ਰਗਟ ਗੁਰਾਂ ਕੀ ਦੇਹ।**
**ਜਾਂ ਕਾ ਹਿਰਦਾ ਸ਼ੁਧ ਹੈ**
**ਖੋਜ ਸ਼ਬਦ ਮਹਿ ਲੇਹ।**
**ਜਾਂ**
**ਜੋ ਪ੍ਰਭ ਕੋ ਮਿਲਯੋ ਚਾਹੈ**
**ਖੋਜ ਸ਼ਬਦ ਮਹਿ ਲੇਹ।**

**ਮੂਲ ਸਿਧਾਂਤਕ ਗੱਲਾਂ ਇਸ ਪ੍ਰਕਾਰ ਹਨ:**

**ਪਹਿਲੀ ਗੱਲ:** ਖ਼ਾਲਸਾ ਪੰਥ ਅਕਾਲ ਪੁਰਖ ਦੀ ਆਗਿਆ ਨਾਲ ਸਾਜਿਆ ਗਿਆ।

**ਦੂਜੀ ਗੱਲ:** ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਦੀ ਹੈ। 1708 ਈ: ਵਿਚ ਨਾਦੇੜ ਵਿਖੇ ਦਸਮ

ਪਾਤਸ਼ਾਹ ਜੀ ਨੇ ਸ਼ਖ਼ਸੀ ਗੁਰਿਆਈ ਦੀ ਲੜੀ ਸਮਾਪਤ ਕੀਤੀ, ਗੁਰੂ-ਗ੍ਰੰਥ ਦੀ ਸਾਂਝੀ ਗੁਰਿਆਈ ਸਥਾਪਤ ਕੀਤੀ, ਇਸ ਦੋਹਰੇ ਵਿਚ ਉਸ ਵੇਲੇ ਦਿੱਤੇ ਗਏ ਆਦੇਸ਼ ਦੀ ਚੇਤਾਉਣੀ ਹੈ।

**ਤੀਜੀ ਗੱਲ:** ਗੁਰ-ਸ਼ਬਦ ਦੀ ਖੋਜ ਰਾਹੀਂ ਵਾਹਿਗੁਰੂ ਦੀ ਪ੍ਰਾਪਤੀ ਹੋ ਸਕਦੀ ਹੈ, ਇਹ ਗੁਰਮਤਿ ਦੀ ਪ੍ਰਮਾਣਿਤ ਮਨੌਤ ਹੈ:

**ਗੁਰ ਕੀ ਬਾਣੀ ਗੁਰ ਤੇ ਜਾਤੀ**
**ਜਿ ਸਬਦਿ ਰਤੇ ਰੰਗੁ ਲਾਇ॥**
**ਪਵਿਤੁ ਪਤਵਨ ਸੇ ਜਨ ਨਿਰਮਲ**
**ਹਰਿ ਕੈ ਨਾਮਿ ਸਮਾਇ॥**
**(ਪ੍ਰਭਾਤੀ ਮ: 3, ਪੰਨਾ 1346)**

**ਰਾਜ ਕਰੇਗਾ ਖਾਲਸਾ,**
**ਆਕੀ ਰਹੇ ਨਾ ਕੋਇ।**
**ਖੁਆਰ ਹੋਇ ਸਭ ਮਿਲਹਿੰਗੇ**
**ਬਚੇ ਸਰਨ ਜੋ ਹੋਇ।**
**(ਤਨਖ਼ਾਹਨਾਮਾ ਭਾਈ ਨੰਦ ਲਾਲ ਜੀ)**

ਉਪਰੋਕਤ ਦੋਹਰਾ ਪਹਿਲੇ-ਪਹਿਲ ਬੰਦਾ ਸਿੰਘ ਬਹਾਦਰ ਵੇਲੇ (1710-16) ਅਰਦਾਸ ਤੋਂ ਬਾਅਦ ਪੜ੍ਹਿਆ ਜਾਣਾ ਸ਼ੁਰੂ ਹੋਇਆ। ਵਿਦਵਾਨਾਂ ਦੀ ਰਾਇ ਹੈ ਕਿ:

"ਇਹ ਤਿੰਨ ਦੋਹਰੇ ਅਰਦਾਸ ਉਪਰੰਤ ਪੜ੍ਹਨ ਦੀ ਰਵਾਇਤ ਪੁਰਾਣੀ ਹੈ। ਸਿੱਖੀ ਸਿੱਧਾਤਾਂ ਨੂੰ ਪਹਿਲੇ ਦੋ ਦੋਹਰੇ ਉਜਾਗਰ ਅਥਵਾ ਦ੍ਰਿੜ ਕਰਾਉਂਦੇ ਹਨ ਅਤੇ ਜਦੋਂ ਸਿੱਖ ਕੌਮ ਜ਼ੁਲਮ ਦੇ ਦੌਰ ਵਿੱਚੋਂ ਲੰਘ ਰਹੀ ਸੀ, ਉਸ ਸਮੇਂ ਰਾਜ ਸਥਾਪਤ ਕਰਨ ਦੀ ਲਾਲਸਾ ਨੂੰ ਪ੍ਰਗਟਾਉਣ ਅਤੇ ਦ੍ਰਿੜਤਾ ਨਾਲ ਜ਼ੁਲਮ ਦਾ ਟਾਕਰਾ ਕਰਨਾ (ਅਖ਼ੀਰਲੇ ਦੋਹਰੇ ਵਿਚ) ਚੜ੍ਹਦੀ ਕਲਾ ਦਾ ਪ੍ਰਤੀਕ ਹੈ।" **(ਅਰਦਾਸ: ਰੂਪ, ਦਰਸ਼ਨ ਤੇ ਇਤਿਹਾਸ)**

ਪਹਿਲੇ ਤਿੰਨ ਦੋਹਰੇ ਭਾਵੇਂ ਗੁਰੂ ਸਾਹਿਬਾਨ ਦੇ ਮੁਖਵਾਕ ਨਹੀਂ ਹਨ, ਪਰ ਗੁਰੂ ਸਾਹਿਬ ਦੇ ਹੁਕਮਾਂ ਦੀ ਪੁਸ਼ਟੀ ਕਰਦੇ ਹਨ ਤੇ ਇਤਿਹਾਸਕ ਲੇਖਕਾਂ ਨੇ ਗੁਰੂ ਸਿੱਧਾਤਾਂ ਨੂੰ ਕਵਿਤਾ ਵਿਚ ਪਰੋ ਕੇ ਗੁਰੂ ਗ੍ਰੰਥ ਸਾਹਿਬ ਦੇ ਮੁੱਖੋਂ ਕਹਾਇਆ ਹੈ। ਇੰਨ੍ਹਾਂ ਤਿੰਨਾਂ ਦੋਹਰਿਆ ਤੋਂ ਵੱਖਰੇ ਅਨੇਕਾਂ ਹੀ ਹੋਰ ਦੋਹਰੇ ਹਨ ਜੋ ਮਹੰਤਾਂ ਤੇ ਡੇਰਿਆਂ ਅੰਦਰ ਪੁਜਾਰੀ ਲੋਕਾਂ ਨੇ ਪ੍ਰਚਲਿਤ ਕੀਤੇ, ਇਹ ਦੋਹਰੇ ਪਿੰਡਾਂ ਦੇ ਗੁਰਦੁਆਰਿਆਂ ਵਿੱਚ ਆਮ ਸੁਨਣ ਨੂੰ ਮਿਲਦੇ ਹਨ। ਪਰ ਵਾਧੂ ਦੋਹਰੇ ਗੁਰਮਤਿ-ਸਿੱਧਾਂਤਾਂ ਦੀ ਪੁਸ਼ਟੀ ਨਹੀਂ ਕਰਦੇ, ਸਗੋਂ ਖੰਡਨ ਕਰਦੇ ਹਨ ਅਤੇ ਇਨ੍ਹਾਂ ਅੰਦਰ ਸਿੱਖਾਂ ਵੱਲੋਂ ਕਹਾਈ ਗੱਲ ਦਾ ਪ੍ਰਗਟਾਵਾ ਹੈ ਨਾ ਕਿ ਗੁਰੂ ਦੇ ਹੁਕਮਾਂ ਦੀ ਪੁਸ਼ਟੀ। **ਉਦਹਾਰਣ ਲਈ ਵਾਧੂ ਦੋਹਰੇ:**

**ਵਾਹਿਗੁਰੂ ਨਾਮ ਜਹਾਜ਼ ਹੈ**
**ਚੜ੍ਹੇ ਸੁ ਉਤਰੇ ਪਾਰ।**
**ਜੋ ਸ਼ਰਧਾ ਕਰ ਸੇਂਵਦੇ**
**ਗੁਰ ਪਾਰ ਉਤਾਰਨਹਾਰ।**

**ਖੰਡਾ ਜਾ ਕੇ ਹਾਥ ਮੇਂ ਕਲਗੀ ਸੋਹੇ ਸੀਸ।**
**ਸੁ ਹਮਰੀ ਰਖਿਆ ਕਰੇ**
**ਕਲਗੀਧਰ ਜਗਦੀਸ਼।**
**ਨਾਨਕ ਗੁਰੂ ਗੋਬਿੰਦ ਸਿੰਘ**
**ਪੂਰਨ ਗੁਰ ਅਵਤਾਰ।**
**ਜਗਮਗ ਜੋਤਿ ਬਿਰਾਜ ਰਹੀ**
**ਸ੍ਰੀ ਅਬਚਲ ਨਗਰ ਮਝਾਰ।**
**ਉਠ ਗਈ ਸਭਾ ਮਲੇਛ ਕੀ**
**ਕਰ ਕੂੜਾ ਪਰਸ਼ਾਰ।**
**ਡੰਕਾ ਵਜੇ ਫਤਿਹ ਕਾ**
**ਨਿਹਕਲੰਕ ਅਵਤਾਰ।**
**ਦਿੱਲੀ ਤਖਤ ਪਰ ਬਹੇਗੀ**
**ਆਪ ਗੁਰੂ ਕੀ ਫੌਜ।**
**ਚਵਰ ਫਿਰੇਗਾ ਸੀਸ ਪਰ**
**ਬੜੀ ਕਰੇਗੀ ਮੌਜ।**

ਅਨੇਕਾਂ ਹੀ ਹੋਰ ਦੋਹਰੇ ਹਨ ਜੋ ਸਿੱਖ ਧਰਮ ਦੇ ਸਿਧਾਂਤਾਂ ਦੀ ਵਿਆਖਿਆਂ ਕਰਨ ਦੀ ਥਾਂ ਸਿਧਾਂਤਾਂ ਨੂੰ ਸਵੈ-ਵਿਰੋਧੀ, ਹਾਸੋ-ਹੀਣ ਤੇ ਮਿਲਗੋਭਾ ਜਾਂ ਖਿਚੜੀ ਜਿਹੀ ਬਣਾ ਦਿੰਦੇ ਹਨ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਵੀ ਹਿਦਾਇਤ ਕਰਦੇ ਹਨ। ਜੋ ਦੋਹਰਾ ਪੜ੍ਹਿਆ ਜਾਂਦਾ ਹੈ, ਉਸ ਵਿਚ 'ਵਾਹਿਗੁਰੂ ਨਾਮ ਜਹਾਜ਼, ਚੜ੍ਹੇ ਸੁ ਉਤਰੇ ਪਾਰ।... ਖੰਡਾ ਜਾ ਕੇ ਹਾਥ ਮੈ ਕਲਗੀ ਸੋਹਿ ਸੀਸ' ਆਦਿ ਨਹੀਂ ਪੜ੍ਹਨੇ:

**ਰਾਜ ਕਰੇਗਾ ਖਾਲਸਾ,**
**ਆਕੀ ਰਹੇ ਨਾ ਕੋਇ।**
**ਖੁਆਰ ਹੋਇ ਸਭ ਮਿਲਹਿੰਗੇ**
**ਬਚੇ ਸਰਨ ਜੋ ਹੋਇ।**

ਤੋਂ ਬਾਅਦ ਜੈਕਾਰਾ ਛੱਡਣਾ ਹੈ। ਡਾ. ਕੁਲਦੀਪ ਸਿੰਘ ਜੀ ਗੁਰਮਤਿ ਪ੍ਰਕਾਸ਼, ਜਨਵਰੀ 1983 ਦੇ ਪੰਨਾ 13 ਉੱਪਰ ਲਿਖਦੇ ਹਨ: ਅਰਦਾਸ ਅੰਦਰ ਇਤਿਹਾਸਕ ਵਿਰਸਾ ਸਾਡੇ ਅੰਦਰ ਸਵੈ-ਵਿਸ਼ਵਾਸ ਭਰਦਾ ਹੈ ਤੇ ਸਾਨੂੰ ਹੋਰ ਅਗੇਰੇ ਤੋਰਦਾ ਹੈ। ਇਹ ਹੀ ਕਾਰਨ ਹੈ ਕਿ ਅਰਦਾਸ ਉਪ੍ਰੰਤ ਪੜ੍ਹੇ ਜਾਣ ਵਾਲੇ ਦੋਹਰੇ ਦੇ ਆਖ਼ਰੀ ਬੋਲ ਇਹ ਹੀ ਹੁੰਦੇ ਹਨ:

**ਰਾਜ ਕਰੇਗਾ ਖਾਲਸਾ,**
**ਆਕੀ ਰਹੇ ਨਾ ਕੋਇ।**
**ਖੁਆਰ ਹੋਇ ਸਭ ਮਿਲਹਿੰਗੇ**
**ਬਚੇ ਸਰਨ ਜੋ ਹੋਇ।**

ਇਹ ਹੀ ਖ਼ਾਲਸਾ ਜੀ ਦੀ ਅਰਦਾਸ ਦਾ ਅੰਤਿਮ ਵਿਸ਼ਵਾਸ ਹੈ। ਇਸ ਵਿਸ਼ਵਾਸ ਦੀ ਮੰਜਿਲ ਉੱਚੀ ਹੈ, ਨਿਸ਼ਾਨਾ ਉੱਚਾ ਹੈ, ਤੱਕਣੀ ਉੱਚੀ ਹੈ। ਜਿਸ ਧਰਮ ਦੀ ਤੱਕਣੀ, ਆਦਰਸ਼ ਤੇ ਨੁਕਤਾ ਨਿਗਾਹ ਇੰਨਾਂ ਉੱਚਾ ਹੋਵੇ, ਉਹ ਨਿੱਘਰੀ ਅਵਸਥਾ ਵਿਚ ਜਾ ਹੀ ਨਹੀਂ ਸਕਦਾ। ਇਸ ਉੱਚੇ ਨਿਸ਼ਾਨੇ ਨਾਲ ਹੀ ਸਿੱਖ ਉੱਚੇ ਆਚਰਨ ਅਤੇ ਚੜ੍ਹਦੀ ਕਲਾ ਦੀ ਅਵਸਥਾ ਪ੍ਰਾਪਤ ਕਰਦਾ ਹੈ।

ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ, ਭਿੰਡਰਾਂਵਾਲੇ ਆਪਣੀ ਪੁਸਤਕ ਗੁਰਮਤਿ ਰਹਿਤ ਮਰਯਾਦਾ ਦੇ ਪੰਨਾ 286 ਉੱਪਰ ਲਿਖਦੇ ਹਨ।

ਅਰਦਾਸ ਦੇ ਪਿੱਛੋਂ ਸਿਰਫ਼ ਤਿੰਨ ਦੋਹਰੇ:

**ਆਗਿਆ ਭਈ ਅਕਾਲ ਕੀ**
**ਤਬੈ ਚਲਾਇਓ ਪੰਥ,**
**ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥**
**ਗੁਰੂ ਗ੍ਰੰਥ ਜੀ ਮਾਨਿਓ**
**ਪ੍ਰਗਟ ਗੁਰਾਂ ਕੀ ਦੇਹ,**
**ਜੋ ਪ੍ਰਭ ਕੋ ਮਿਲਬੋ ਚਹੈ**
**ਖੋਜ ਸ਼ਬਦ ਮਹਿ ਲੇਹ॥**
**ਰਾਜ ਕਰੇਗਾ ਖਾਲਸਾ**
**ਆਕੀ ਰਹੈ ਨਾ ਕੋਇ,**
**ਖੁਆਰ ਹੋਇ ਸਭ ਮਿਲੇਂਗੇ**
**ਬਚੇ ਸ਼ਰਨ ਜੋ ਹੋਇ॥**

ਪੜ੍ਹ ਕੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਬੁਲਾਉਣਾ। ਫਿਰ ਵੀ ਅੱਜ ਉਹਨਾਂ ਦੀ ਟਕਸਾਲ ਦੇ ਪ੍ਰਬੰਧ ਵਾਲੇ ਗੁਰਦੁਆਰਿਆਂ ਵਿੱਚ ਉਪਰੋਕਤ ਦੋਹਰਾ ਨਹੀਂ ਪੜ੍ਹਿਆ ਜਾਂਦਾ ਸਗੋਂ ਮਿਲਾਵਟ ਵਾਲੇ ਦੋਹਰੇ ਪੜੇ ਜਾਂਦੇ ਹਨ।

ਅੱਜ ਅਰਦਾਸ, ਅਰਦਾਸ ਉਪਰੰਤ ਦੋਹਰੇ ਅਤੇ ਜੈਕਾਰਾ ਬੁਲਾਉਣ ਦਾ ਰੂਪ ਇਕੋ ਜਿਹਾ ਕਰਨਾ ਬਹੁਤ ਜ਼ਰੂਰੀ ਹੈ ਸਾਡੇ ਬੁੱਧੀਜੀਵੀ ਵਿਦਵਾਨਾਂ ਨੂੰ ਇਸ ਕੰਮ ਵਾਸਤੇ ਪਹਿਲ ਕਰਨੀ ਚਾਹੀਦੀ ਹੈ, ਤਾਂ ਜੋ ਸਾਡੀ ਪਨੀਰੀ ਨੂੰ ਸਹੀ ਸੇਧ ਮਿਲ ਸਕੇ। -0-

## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M: 97819-90206,**
**Email:** gurmatvirsa@gmail.com



# ਬੰਦਾ ਸਿੰਘ ਬਹਾਦਰ ਦਾ ਸੰਖੇਪ ਇਤਿਹਾਸ

ਡਾ. ਸੁਖਦਿਆਲ ਸਿੰਘ 98158-80539

ਬਾਬਾ ਬੰਦਾ ਸਿੰਘ ਦੀ ਸ਼ਕਤੀ ਦਾ ਉਭਾਰਜੋ ਸਿੱਖ ਇਨਕਲਾਬ ਗੁਰੂ ਨਾਨਕ ਸਾਹਿਬ ਜੀ ਨੇ ਸ਼ੁਰੂ ਕੀਤਾ ਸੀ ਅਤੇ ਜਿਸ ਦੀ ਸੰਪੂਰਨਤਾ 1699 ਈ: ਦੀ ਵਿਸਾਖੀ 'ਤੇ ਖ਼ਾਲਸੇ ਦੀ ਸਾਜਨਾ ਦੇ ਰੂਪ ਵਿਚ ਹੋਈ ਸੀ, ਬੰਦਾ ਸਿੰਘ ਬਹਾਦਰ ਦਾ ਸੰਘਰਸ਼ ਉਸੇ ਮਿਸ਼ਨ ਦੀ ਪੂਰਤੀ ਲਈ ਸੀ। ਖ਼ਾਲਸਾ ਪੰਥ ਇਕ ਸੁਤੰਤਰ ਅਤੇ ਸਵੈ-ਨਿਰਣਾਇਕ ਸਮਾਜ ਸੀ, ਜਿਸ ਨੇ ਸਿਰਫ ਆਪਣੇ ਗੁਰੂ ਤੋਂ ਇਲਾਵਾ ਹੋਰ ਕਿਸੇ ਵੀ ਸੰਸਾਰਕ ਵਿਅਕਤੀ ਅੱਗੇ ਆਪਣਾ ਸੀਸ ਨਹੀਂ ਨਿਵਾਉਣਾ ਸੀ। ਖ਼ਾਲਸੇ ਨੇ ਗੁਰੂ ਨਾਨਕ ਸਾਹਿਬ ਦੇ ਆਸ਼ੇ ਅਤੇ ਉਦੇਸ਼ਾਂ ਅਨੁਸਾਰ ਜ਼ੁਲਮ ਅਤੇ ਜਬਰ ਦੇ ਖਿਲਾਫ਼ ਸੰਘਰਸ਼ ਕਰਨਾ ਸੀ। ਇਸ ਸੰਘਰਸ਼ ਦੀ ਸਫਲਤਾ ਲਈ ਖ਼ਾਲਸਾ ਦਾ ਸੁਤੰਤਰ ਰੂਪ ਵਿਚ ਵਿਚਰਨਾ ਜ਼ਰੂਰੀ ਸੀ ਪਰ ਖ਼ਾਲਸੇ ਦੇ ਇਹ ਆਸ਼ੇ ਅਤੇ ਉਦੇਸ਼ ਅਤੇ ਉਸ ਦਾ ਸੁਤੰਤਰ ਰੁਤਬਾ ਸਮੇਂ ਦੀਆਂ ਹਕੂਮਤਾਂ ਨੂੰ ਮਨਜ਼ੂਰ ਨਹੀਂ ਹੋ ਸਕਦਾ ਸੀ। ਇਸੇ ਮੁੱਦੇ 'ਤੇ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੇਕਾਂ ਲੜਾਈਆਂ ਕਰਨੀਆਂ ਪਈਆਂ ਸਨ ਅਤੇ ਇਸੇ ਹੀ ਰੁਤਬੇ ਨੂੰ ਬਰਕਰਾਰ ਰੱਖਣ ਲਈ ਗੁਰੂ ਜੀ ਨੇ ਅਕਤੂਬਰ, 1708 ਈ: ਵਿਚ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਬੰਦਾ ਸਿੰਘ ਬਹਾਦਰ ਨੂੰ ਖ਼ਾਲਸੇ ਦਾ ਰਾਜਨੀਤਕ ਨੇਤਾ ਥਾਪ ਕੇ ਭੇਜਿਆ ਸੀ। ਇਉਂ ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਦਾਇਤਾਂ ਅਨੁਸਾਰ ਹੀ ਆਪਣੇ ਸੰਘਰਸ਼ ਨੂੰ ਸ਼ੁਰੂ ਕਰਨਾ ਸੀ। ਫਲਸਰੂਪ, ਬੰਦਾ ਸਿੰਘ ਬਹਾਦਰ ਨਾਂਦੇੜ ਸਾਹਿਬ ਤੋਂ ਅਕਤੂਬਰ 1708 ਵਿਚ ਤੁਰ ਕੇ ਇਸੇ ਸਾਲ ਦੇ ਅਖੀਰ ਵਿਚ ਪੰਜਾਬ ਵਿਚ ਪਹੁੰਚ ਗਿਆ ਸੀ।

ਇਥੇ ਉਹ ਸਿਹਰ-ਖੰਡਾ ਪਿੰਡਾਂ ਦੀ ਜੂਹ ਵਿਚ ਆਪਣਾ ਡੇਰਾ ਲਗਾ ਕੇ ਬੈਠ ਗਿਆ ਸੀ। ਸਿਹਰ-ਖੰਡਾ ਦੇ ਦੋ ਜੁੜਵੇਂ ਪਿੰਡ ਸੋਨੀਪਤ ਅਤੇ ਰੋਹਤਕ ਦੇ ਤਕਰੀਬਨ ਵਿਚਕਾਰ ਖਰਖੌਦਾ ਕਸਬੇ ਨੇੜੇ ਸਥਿਤ ਹਨ।

ਚੱਪੜਚਿੜੀ ਦੀ ਲੜਾਈ ਬੰਦਾ ਸਿੰਘ ਬਹਾਦਰ ਵੱਲੋਂ ਲੜੀਆਂ ਗਈਆਂ ਉਨ੍ਹਾਂ ਲੜਾਈਆਂ ਦਾ ਸਿਖਰ ਸੀ, ਜਿਹੜੀਆਂ ਉਸ ਨੇ ਸਿਹਰ-ਖੰਡੇ (ਖਰਖੌਦਾ-ਹਰਿਆਣਾ) ਤੋਂ ਸ਼ੁਰੂ ਕਰਕੇ ਸੋਨੀਪਤ, ਕੈਥਲ, ਸਮਾਣਾ, ਘੁੜਾਮ, ਸ਼ਾਹਬਾਦ, ਕਪੂਰੀ ਅਤੇ ਸਢੌਰਾ ਦੇ ਹਾਕਮਾਂ ਨਾਲ ਲੜੀਆਂ ਸਨ। ਅਖਬਾਰ-ਏ-ਦਰਬਾਰ-ਏ-ਮੁਅੱਲਾ ਦੀਆਂ ਰਿਪੋਰਟਾਂ ਅਨੁਸਾਰ ਬੰਦਾ ਸਿੰਘ ਬਹਾਦਰ ਨੇ ਆਪਣੀਆਂ ਹਥਿਆਰਬੰਦ ਕਾਰਵਾਈਆਂ ਦੀ ਸ਼ੁਰੂਆਤ ਜਨਵਰੀ, 1709 ਵਿਚ ਕੀਤੀ ਸੀ। ਉਕਤ ਸਾਰੀਆਂ ਸੈਨਿਕ ਚੌਕੀਆਂ ਜਾਂ ਪੋਸਟਾਂ ਸਰਹਿੰਦ ਪ੍ਰਾਂਤ ਦੀਆਂ ਹੀ ਹਿੱਸਾ ਸਨ।

ਇਕ ਕਿਸਮ ਨਾਲ ਇਹ ਸਾਰੀਆਂ ਚੌਕੀਆਂ ਸਰਹਿੰਦ ਲਈ ਬੁਲਵਰਕ ਦਾ ਹੀ ਕੰਮ ਕਰਦੀਆਂ ਸਨ। ਇਸ ਨੁਕਤੇ ਤੋਂ ਦੇਖਿਆਂ ਕਿਹਾ ਜਾ ਸਕਦਾ ਹੈ ਕਿ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਨੂੰ ਫਤਹਿ ਕਰਨ ਤੋਂ ਪਹਿਲਾਂ ਉਸ ਦੇ ਸੈਨਿਕ ਬੁਲਵਰਕ ਨੂੰ ਤੋੜਿਆ ਸੀ। ਇਸ ਤਰ੍ਹਾਂ ਇਨ੍ਹਾਂ ਸੈਨਿਕ ਚੌਕੀਆਂ ਨੂੰ ਫਤਹਿ ਕਰਕੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਨੂੰ ਸੈਨਿਕ ਪੱਖੋਂ ਬਿਲਕੁਲ ਲੁੰਜਾ ਕਰ ਦਿੱਤਾ ਸੀ। ਵਜ਼ੀਰ ਖਾਨ ਕਿਸੇ ਇਕ ਵੀ ਫੌਜਦਾਰ ਦੀ ਸਹਾਇਤਾ ਨਹੀਂ ਸੀ ਕਰ ਸਕਿਆ। ਉਹ ਸਰਹਿੰਦ ਦੇ ਕਿਲ੍ਹੇ ਵਿਚ ਹੀ ਬੈਠਾ ਸਿੰਘਾਂ ਦੇ ਹੱਲੇ ਦੀ ਉਡੀਕ ਕਰ ਰਿਹਾ ਸੀ। ਦੂਜੇ ਪਾਸੇ ਉਕਤ ਸੈਨਿਕ ਚੌਕੀਆਂ ਨੂੰ ਜਿੱਤ ਕੇ ਬੰਦਾ ਸਿੰਘ ਬਹਾਦਰ ਸੈਨਿਕ ਤਾਕਤ ਪੱਖੋਂ ਬਹੁਤ ਮਜ਼ਬੂਤ ਹੋ ਚੁੱਕਾ ਸੀ।

ਸਰਹਿੰਦ ਪ੍ਰਾਂਤ ਸਤਲੁਜ ਤੋਂ ਲੈ ਕੇ ਜਮੁਨਾ ਦਰਿਆ ਤੱਕ ਅਤੇ ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਲੈ ਕੇ ਮਾਰੂਥਲਾਂ ਤੱਕ ਦਾ ਵਿਸ਼ਾਲ ਖੇਤਰ ਸੀ। ਇਸ ਤਰ੍ਹਾਂ ਖੇਤਰਫਲ ਪੱਖੋਂ ਸਰਹਿੰਦ ਪ੍ਰਾਂਤ ਲਾਹੌਰ ਅਤੇ ਮੁਲਤਾਨ ਤੋਂ ਵੀ ਜ਼ਿਆਦਾ ਵੱਡਾ ਪ੍ਰਾਂਤ ਸੀ। ਇਸ ਦਾ ਸੂਬੇਦਾਰ ਵਜ਼ੀਰ ਖਾਨ ਸੀ। ਵਜ਼ੀਰ ਖਾਨ ਸਿੱਖ ਧਰਮ ਦਾ ਕੱਟੜ ਵਿਰੋਧੀ ਸੀ ਅਤੇ ਉਸ ਨੇ ਸਿੱਖ ਧਰਮ ਨੂੰ ਦਬਾ ਕੇ ਰੱਖਣ ਲਈ ਬਹੁਤ ਮਾੜੇ ਹੱਥਕੰਡੇ ਅਪਣਾਏ ਸਨ।

ਭਾਵੇਂ ਬੰਦਾ ਸਿੰਘ ਬਹਾਦਰ ਪਾਸ ਨਾ ਹੀ ਤਾਂ ਸੁਸਿੱਖਿਅਤ ਫੌਜ ਸੀ ਅਤੇ ਨਾ ਹੀ ਉਸ ਪਾਸ ਮੁਗਲ ਫੌਜਦਾਰਾਂ ਵਾਂਗ ਤੋਪਖਾਨਾ ਅਤੇ ਹੋਰ ਬਰੂਦੀ-ਅਸਲਾ ਸੀ ਪਰ ਲੋਕ-ਸ਼ਕਤੀ ਪੱਖੋਂ ਬੰਦਾ ਸਿੰਘ ਪਾਸ ਅਣਗਿਣਤ ਐਸੇ ਸੂਰਮੇ ਸਨ, ਜਿਹੜੇ ਸਰਹਿੰਦ ਨੂੰ ਜਿੱਤਣ ਲਈ ਆਪਣੀ ਸਿਰ-ਧੜ ਦੀ

**ਰੋਪੜ-ਕੀਰਤਪੁਰ ਸਾਹਿਬ ਦੇ ਘਾਟਾਂ 'ਤੇ ਮੁਗਲ ਫੌਜ ਦੇ ਹਾਰਨ ਦੀ ਖਬਰ ਸਰਹਿੰਦ ਵਿਖੇ ਵਜ਼ੀਰ ਖਾਨ ਨੂੰ ਵੀ ਮਿਲ ਗਈ ਸੀ। ਇਸ ਗੱਲ ਤੋਂ ਉਸ ਦਾ ਘਬਰਾ ਜਾਣਾ ਕੁਦਰਤੀ ਗੱਲ ਸੀ। ਉਸ ਨੇ ਸੋਚਿਆ ਕਿ ਘੱਟੋ-ਘੱਟ ਇਸ ਸਮੇਂ ਸਿੰਘਾਂ ਦੇ ਦੋਵਾਂ ਦਲਾਂ ਦਾ ਮਿਲਾਪ ਨਾ ਹੋਣ ਦਿੱਤਾ ਜਾਵੇ। ਬੰਦਾ ਸਿੰਘ ਤਾਂ ਪਹਿਲਾਂ ਹੀ ਸਭ ਕੁਝ ਤਬਾਹ ਕਰਦਾ ਆ ਰਿਹਾ ਸੀ। ਇਸ ਸਮੇਂ ਮਾਝੇ-ਦੁਆਬੇ ਵੱਲੋਂ ਆ ਰਹੇ ਖਾਲਸਾ ਦਲ ਦੇ ਰਲੇਵੇਂ ਨਾਲ ਤਾਂ ਉਸ ਦੀ ਸ਼ਕਤੀ ਪਹਿਲਾਂ ਨਾਲੋਂ ਵੀ ਦੁੱਗਣੀ ਹੋ ਜਾਵੇਗੀ। ਇਸ ਤੋਂ ਬਚਣ ਲਈ ਇਸ ਸਮੇਂ ਵਜ਼ੀਰ ਖਾਨ ਪਾਸ ਕੋਈ ਵੀ ਚਾਰਾ ਨਹੀਂ ਸੀ। ਅਖੀਰ ਉਹ ਇਸ ਸਕੀਮ ਅਨੁਸਾਰ ਆਪਣੀ ਫੌਜ ਅਤੇ ਅਸਲੇਖਾਨੇ ਨਾਲ ਸਰਹਿੰਦ ਤੋਂ ਰਵਾਨਾ ਹੋਇਆ ਕਿ ਦੋਵਾਂ ਦਲਾਂ ਦੇ ਮਿਲਣ ਵਾਲਾ ਰਾਹ ਰੋਕ ਲਿਆ ਜਾਵੇ। ਇਸ ਤਰ੍ਹਾਂ ਉਹ ਉਸੇ ਰਸਤੇ ਨੂੰ ਵਿਚੋਂ ਰੋਕਣ ਲਈ ਰਵਾਨਾ ਹੋ ਗਿਆ, ਜਿਸ ਰਸਤੇ ਰਾਹੀਂ ਬੰਦਾ ਸਿੰਘ ਅਤੇ ਖਾਲਸਾ ਦਲ ਨੇ ਇਕ-ਦੂਜੇ ਨੂੰ ਮਿਲਣਾ ਸੀ। ਦੋਵੇਂ ਦਲ ਚੱਪੜਚਿੜੀ ਦੇ ਪਿੰਡਾਂ ਦੀ ਜੂਹ ਵਿਚ ਇਕੱਠੇ ਹੋ ਗਏ।**

ਬਾਜ਼ੀ ਲਾ ਕੇ ਆਏ ਸਨ। ਬੰਦਾ ਸਿੰਘ ਬਹਾਦਰ ਦੇ ਪਾਸ ਪੂਰਾ ਲੋਕ-ਸਮੂਹ ਸੀ। ਪੰਜਾਬ ਵਿਚ ਉਸ ਦੀ ਆਮਦ ਸੁਣ ਕੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਦਾਇਤਾਂ ਅਨੁਸਾਰ ਭੇਜੀਆਂ ਗਈਆਂ ਚਿੱਠੀਆਂ ਰਾਹੀਂ ਪਤਾ ਲੱਗਣ 'ਤੇ ਪੰਜਾਬ ਦਾ ਹਰ ਹਿੰਦੂ-ਸਿੱਖ ਉਸ ਨੂੰ ਮਿਲਣ ਲਈ ਉਮੜ ਪਿਆ ਸੀ। ਮਾਲਵਾ, ਮਾਝਾ ਅਤੇ ਦੁਆਬਾ ਦੇ ਸਿੱਖ ਆਪ ਮੁਹਾਰੇ ਹੀ ਸਿਹਰ-ਖੰਡੇ ਵੱਲ ਚੱਲ ਪਏ ਸਨ। ਮਾਲਵਾ ਨੇੜੇ ਹੋਣ ਕਾਰਨ ਇਥੋਂ ਦੇ ਲੋਕ ਛੇਤੀ ਪਹੁੰਚ ਗਏ ਸਨ। ਮਾਝਾ ਅਤੇ ਦੁਆਬਾ ਦੂਰ ਹੋਣ ਕਾਰਨ ਅਤੇ ਰਸਤੇ ਵਿਚ ਕਈ ਦਰਿਆਵਾਂ ਦੇ ਹੋਣ ਕਾਰਨ ਛੇਤੀ ਅਤੇ ਸੌਖਿਆਂ ਨਹੀਂ ਸਨ ਪਹੁੰਚ ਸਕਦੇ, ਕਿਉਂਕਿ ਹਕੂਮਤ ਦੀਆਂ ਫੌਜਾਂ ਨੇ ਦਰਿਆਵਾਂ ਦੇ ਪੱਤਣ ਰੋਕ ਲਏ ਸਨ। ਫਿਰ ਵੀ ਇਹ ਲੋਕ ਵੱਡੇ-ਵੱਡੇ ਜਥਿਆਂ ਦੇ ਰੂਪ ਵਿਚ ਕੀਰਤਪੁਰ ਸਾਹਿਬ ਵਾਲੇ ਘਾਟ 'ਤੇ ਇਕੱਠੇ ਹੋ ਗਏ ਸਨ ਪਰ ਅੱਗੋਂ ਸਰਹਿੰਦ ਦੀਆਂ ਫੌਜਾਂ ਨੇ ਇਸ ਘਾਟ ਨੂੰ ਪੂਰੀ ਮਜ਼ਬੂਤੀ ਨਾਲ ਰੋਕਿਆ ਹੋਇਆ ਸੀ।

ਸਿਹਰ-ਖੰਡਾ ਵਿਖੇ ਪੂਰਾ ਖ਼ਾਲਸਾਈ ਇਕੱਠ ਹੋ ਗਿਆ ਸੀ। ਬੰਦਾ ਸਿੰਘ ਬਹਾਦਰ ਨੇ ਇਥੋਂ ਹੀ ਆਪਣੇ ਸੰਘਰਸ਼ ਦੀ ਸ਼ੁਰੂਆਤ ਕਰਨੀ ਸੀ। ਇਥੇ ਕੇਸਰੀ ਨਿਸ਼ਾਨ ਸਾਹਿਬ ਲਹਿਰਾਅ ਦਿੱਤਾ ਗਿਆ ਸੀ। ਇਹ ਸਾਰਾ ਇਲਾਕਾ (ਸੋਨੀਪਤ-ਰੋਹਤਕ) ਭਾਵੇਂ ਉਸ ਸਮੇਂ ਖੁਸ਼ਕ ਜੰਗਲਾਂ ਵਾਲਾ ਅਤੇ ਰੇਤੀਲਾ ਟਿੱਬਿਆਂ ਵਾਲਾ ਹੋਣ ਕਰਕੇ ਲਗਭਗ ਬੰਜਰ ਹੀ ਸੀ। ਬੰਜਰ ਇਲਾਕਾ ਹੋਣ ਕਰਕੇ ਇਹ ਸਮਾਜ ਦੇ ਗੰਦੇ ਅਨਸਰਾਂ ਜਿਵੇਂ ਕਿ ਡਾਕੂ, ਲੁਟੇਰੇ ਅਤੇ ਧਾੜਵੀ ਆਦਿ ਗਰੋਹਾਂ ਦੀ ਛੁਪਣਗਾਹ ਬਣੀ ਹੋਈ ਸੀ। ਬੰਦਾ ਸਿੰਘ ਬਹਾਦਰ ਨੇ ਸਭ ਤੋਂ ਪਹਿਲਾਂ ਅਜਿਹੇ ਗਰੋਹਾਂ ਦੀ ਸੁਧਾਈ ਕੀਤੀ। ਉਪਰੰਤ ਉਸ ਨੇ ਆਪਣੇ ਪੂਰੇ ਖ਼ਾਲਸਾ ਲਸ਼ਕਰ ਸਮੇਤ ਇਥੋਂ ਮਾਰਚ ਸ਼ੁਰੂ ਕੀਤਾ।

ਇਕ ਗੱਲ ਵਿਸ਼ੇਸ਼ ਧਿਆਨ ਦੇਣਯੋਗ ਹੈ ਕਿ ਬੰਦਾ ਸਿੰਘ ਬਹਾਦਰ ਪਾਸ ਲੋਕ-ਸਮੂਹ ਸੀ। ਲੋਕ-ਸਮੂਹ ਦੀ ਕੋਈ ਗਿਣਤੀ ਨਹੀਂ ਹੁੰਦੀ। ਨਾ ਹੀ ਲੋਕ-ਸਮੂਹ ਅੱਗੇ ਕੋਈ ਹਕੂਮਤ ਠਹਿਰ ਸਕਦੀ ਹੈ। ਲੋਕ-ਸਮੂਹ ਦੇ ਉਭਾਰ ਨੂੰ ਆਧੁਨਿਕ ਬੋਲੀ ਵਿਚ ਇਨਕਲਾਬ ਕਿਹਾ ਗਿਆ ਹੈ। ਬੰਦਾ ਸਿੰਘ ਬਹਾਦਰ ਵੱਲੋਂ ਸਿਹਰ-ਖੰਡੇ ਤੋਂ ਕੀਤੇ ਗਏ ਮਾਰਚ ਨੂੰ ਖ਼ਾਲਸਾ ਇਨਕਲਾਬ ਹੀ ਕਹਿਣਾ ਚਾਹੀਦਾ ਹੈ। ਇਸ ਵਿਚ ਸਿੱਖਾਂ ਦਾ ਤਾਂ ਬੱਚੇ ਤੋਂ ਲੈ ਕੇ ਬੁੱਢੇ ਤੱਕ ਹਰ ਉਹ ਵਿਅਕਤੀ ਸ਼ਾਮਿਲ ਸੀ, ਜਿਹੜਾ ਕੋਈ ਨਾ ਕੋਈ ਹਥਿਆਰ ਚੁੱਕ ਕੇ ਤੁਰ ਸਕਦਾ ਸੀ। ਇਸ ਤੋਂ ਇਲਾਵਾ ਰੋਹਤਕ, ਸੋਨੀਪਤ, ਕੈਥਲ, ਜੀਂਦ, ਜਗਾਧਰੀ ਅਤੇ ਥਾਨੇਸਰ ਇਲਾਕਿਆਂ ਦੀ ਉਹ ਹਿੰਦੂ ਆਬਾਦੀ ਵੀ ਸ਼ਾਮਿਲ ਸੀ, ਜਿਹੜੀ ਗਰੀਬੀ ਦੇ ਪਹੀਏ ਹੇਠ ਪੀਸੀ ਜਾ ਰਹੀ ਸੀ। ਸਰਹਿੰਦ ਦੇ ਵਜ਼ੀਰ ਖਾਨ ਪਾਸ ਬਾਕਾਇਦਾ ਸੁਸਿੱਖਿਅਤ ਫੌਜਾਂ ਅਤੇ ਤੋਪਾਂ-ਬੰਦੂਕਾਂ ਦੇ ਰੂਪ ਵਿਚ ਲੋੜ ਨਾਲੋਂ ਵੀ ਜ਼ਿਆਦਾ ਬਾਰੂਦੀ ਅਸਲਾ ਸੀ। ਇਹ ਤਾਂ ਕਦੇ ਹੋ ਹੀ ਨਹੀਂ ਸਕਦਾ ਕਿ ਹਕੂਮਤ ਦੇ ਖਿਲਾਫ਼ ਬਗਾਵਤ ਕਰਨ ਤੋਂ ਪਹਿਲਾਂ ਕੋਈ ਬਾਗੀ ਆਪਣੀ ਪੂਰੀ ਸੈਨਿਕ ਤਿਆਰੀ ਕਰਕੇ ਹੀ ਹਕੂਮਤ ਦੀਆਂ ਫੌਜਾਂ ਉੱਪਰ ਹਮਲਾ ਕਰੇ, ਜਦੋਂ ਕਿਸੇ ਹਾਕਮ ਵੱਲੋਂ ਦੂਜੇ ਹਾਕਮ ਉੱਪਰ ਹਮਲਾ ਕਰਨਾ ਹੁੰਦਾ ਹੈ, ਸਿਰਫ ਉਸ ਸਮੇਂ ਹੀ ਦੋਵੇਂ ਧਿਰਾਂ ਦੀ ਫੌਜੀ ਸ਼ਕਤੀ ਦੀ ਗਿਣਤੀ ਕੀਤੀ ਜਾਂਦੀ ਹੈ।

ਬੰਦਾ ਸਿੰਘ ਬਹਾਦਰ ਨੇ ਜਿਸ ਤਿਆਰੀ ਨਾਲ ਸਿਹਰ-ਖੰਡੇ ਤੋਂ ਸੰਘਰਸ਼ ਸ਼ੁਰੂ ਕੀਤਾ ਸੀ, ਉਸ ਬਾਰੇ ਉਸ ਸਮੇਂ ਦੀਆਂ ਸਰਕਾਰੀ ਖੁਫ਼ੀਆ ਖਬਰਾਂ ਅਨੁਸਾਰ ਜੋ ਅੰਦਾਜ਼ੇ ਲਗਾਏ ਗਏ ਸਨ, ਉਨ੍ਹਾਂ ਅਨੁਸਾਰ ਉਸ ਪਾਸ ਕਦੇ ਚਾਲੀ ਹਜ਼ਾਰ ਦੀ ਗਿਣਤੀ ਦੱਸੀ ਜਾਂਦੀ ਸੀ, ਕਦੇ ਸੱਤਰ ਹਜ਼ਾਰ ਦੀ ਅਤੇ ਕਦੇ ਇਕ ਲੱਖ ਦੀ। ਪਿੱਛੋਂ ਦੀਆਂ ਗੁਰਮੁਖੀ ਲਿਖਤਾਂ ਵਿਚ ਵੀ ਇਸ ਗਿਣਤੀ ਬਾਰੇ ਅਣਗਿਣਤ ਲਸ਼ਕਰ ਦਾ ਸ਼ਬਦ ਹੀ ਵਰਤਿਆ ਗਿਆ ਹੈ। ਕਿਸੇ ਵੀ ਸਿੱਖ ਲੇਖਕ ਨੇ ਬੰਦਾ ਸਿੰਘ ਬਹਾਦਰ ਦੇ ਪਾਸ ਕੋਈ ਨਿਸ਼ਚਿਤ ਗਿਣਤੀ ਨਹੀਂ ਦੱਸੀ ਪਰ ਸਮਕਾਲੀ ਮੁਸਲਿਮ ਲੇਖਕਾਂ ਨੇ ਇਹ ਗਿਣਤੀ ਚਾਲੀ ਹਜ਼ਾਰ ਤੋਂ ਲੈ ਕੇ, ਜਿਵੇਂ ਕਿ ਉੱਪਰ ਲਿਖਿਆ ਜਾ ਚੁੱਕਾ ਹੈ, ਇਕ ਲੱਖ ਤੱਕ ਦੀ ਦੱਸੀ ਹੈ। ਇਸ ਦਾ ਇਕੋ-ਇਕ ਭਾਵ ਇਹ ਹੀ ਲਿਆ ਜਾਣਾ ਚਾਹੀਦਾ ਹੈ ਕਿ ਬੰਦਾ ਸਿੰਘ ਬਹਾਦਰ ਪਾਸ ਲੋਕ-ਸ਼ਕਤੀ ਸੀ। ਲੋਕ-ਸ਼ਕਤੀ ਅਣਗਿਣਤ ਹੁੰਦੀ ਹੈ। ਲੋਕ-ਸ਼ਕਤੀ ਸਾਹਮਣੇ ਨਾ ਹਾਥੀ ਠਹਿਰ ਸਕਦੇ ਹਨ ਅਤੇ ਨਾ ਹੀ ਤੋਪਾਂ ਅਤੇ ਬੰਦੂਕਾਂ। ਲੋਕ-ਸ਼ਕਤੀ ਜਦੋਂ ਤੁਰਦੀ ਹੈ ਤਾਂ ਹੜ੍ਹ ਵਾਂਗ ਚਲਦੀ ਹੈ। ਜਿਸ ਤਰ੍ਹਾਂ ਕੱਖ-ਕਾਨੇ ਹੜ੍ਹ ਦੇ ਅੱਗੇ ਆਪਣੇ-ਆਪ ਵਹਿ ਤੁਰਦੇ ਹਨ, ਉਸੇ ਤਰ੍ਹਾਂ ਹਾਕਮ ਤੇ ਫੌਜਦਾਰ ਲੋਕ-ਸ਼ਕਤੀ ਰਾਹੀਂ ਕੁਚਲੇ ਅਤੇ ਲਿਤਾੜੇ ਜਾਂਦੇ ਹਨ। ਇਸ ਇਨਕਲਾਬ ਦੀ ਜਾਂ ਲੋਕ-ਸ਼ਕਤੀ ਦੀ ਕੋਈ ਯੁੱਧ-ਨੀਤੀ ਨਹੀਂ ਹੁੰਦੀ। ਯੁੱਧ-ਨੀਤੀ ਹਮੇਸ਼ਾ ਹਾਕਮਾਂ ਦੀ ਹੁੰਦੀ ਹੈ।

ਬੰਦਾ ਸਿੰਘ ਬਹਾਦਰ ਨੇ ਸਰਹਿੰਦ ਪਹੁੰਚਣ ਤੱਕ ਜਿਨ੍ਹਾਂ-ਜਿਨ੍ਹਾਂ ਥਾਵਾਂ 'ਤੇ ਵੀ ਹਮਲਾ ਕੀਤਾ ਸੀ, ਉਹ ਥਾਵਾਂ ਥੇਹ ਬਣ ਗਈਆਂ ਸਨ। ਸਮਾਣਾ, ਘੁੜਾਮ, ਕਪੂਰੀ, ਸਢੌਰਾ ਅਤੇ ਬਨੂੜ ਸ਼ਹਿਰ ਥੇਹ ਬਣਾ ਦਿੱਤੇ ਗਏ ਸਨ। ਅੱਜ ਇਹ ਸਾਰੇ ਸ਼ਹਿਰ ਥੇਹਾਂ ਉੱਪਰ ਮੁੜ ਤੋਂ ਵਸੇ ਹੋਏ ਹਨ। ਸ਼ਹਿਰਾਂ ਦੀ ਅਜਿਹੀ ਤਬਾਹੀ ਸਿਰਫ ਲੋਕ-ਸ਼ਕਤੀ ਜਾਂ ਇਨਕਲਾਬ ਦੇ ਸਮੇਂ ਹੀ ਹੁੰਦੀ ਹੈ। ਇਨਕਲਾਬ ਦੀ ਵਿਸ਼ੇਸ਼ਤਾ ਹੀ ਇਹ ਹੁੰਦੀ ਹੈ ਕਿ ਉਸ ਨੇ ਆਪਣੇ ਸਮੇਂ ਦੀ ਸਥਾਪਤੀ ਨੂੰ ਮੁਕੰਮਲ ਰੂਪ ਵਿਚ ਥੇਹ ਕਰਕੇ ਫਿਰ ਤੋਂ ਨਵੇਂ ਰੂਪ ਵਿਚ ਆਪਣੀ ਸਥਾਪਤੀ ਕਰਨੀ ਹੁੰਦੀ ਹੈ। ਬੰਦਾ ਸਿੰਘ ਬਹਾਦਰ ਨੇ ਵੀ ਆਪਣੇ ਸਮੇਂ ਦੀ ਮੁਗਲ ਸਥਾਪਤੀ ਨੂੰ ਬਿਲਕੁਲ ਢਹਿ-ਢੇਰੀ ਕਰਕੇ ਉਸ ਦੀਆਂ ਕਬਰਾਂ ਉੱਪਰ ਆਪਣੀ ਸਥਾਪਤੀ ਕੀਤੀ ਸੀ। ਹਰ ਜਿੱਤੇ ਹੋਏ ਸ਼ਹਿਰ ਵਿਚ ਖ਼ਾਲਸਾ ਪੰਚਾਇਤ ਸਥਾਪਿਤ ਕੀਤੀ ਜਾਂਦੀ ਸੀ ਅਤੇ ਨਿਯੁਕਤ ਕੀਤੇ ਹੋਏ ਸਿੱਖ ਜਾਂ ਹਿੰਦੂ ਅਧਿਕਾਰੀ ਇਸ ਖ਼ਾਲਸਾ ਪੰਚਾਇਤ ਦੀ ਸਲਾਹ ਅਨੁਸਾਰ ਕੰਮ ਕਰਦੇ ਸਨ। ਖ਼ਾਲਸਾ ਪੰਚਾਇਤ ਲੋਕਾਂ ਦੀ ਸਲਾਹ ਅਨੁਸਾਰ ਕੰਮ ਕਰਦੀ ਸੀ। ਉਪਰੋਕਤ ਦੀ ਸਥਿਤੀ ਵਿਚ ਇਹ ਅੰਦਾਜ਼ਾ ਲਗਾਉਣਾ ਕਿ ਬੰਦਾ ਸਿੰਘ ਬਹਾਦਰ ਪਾਸ ਕਿੰਨੀ ਕੁ ਗਿਣਤੀ ਵਿਚ ਸਿੱਖ ਹੋਣਗੇ, ਇਹ ਸਿਰਫ ਸਾਡੇ ਅੰਦਾਜ਼ੇ ਦੀ ਹੀ ਗੱਲ ਹੈ।

ਅੱਗੋਂ ਦੁਸ਼ਮਣ ਵੀ ਘੱਟ ਨਹੀਂ ਸੀ। ਹਰ ਪਰਗਨੇ ਦੇ ਅਧਿਕਾਰੀ ਜਾਂ ਜਗੀਰਦਾਰ ਪਾਸ ਇਕ ਖਾਸ ਗਿਣਤੀ ਤੱਕ ਦੀ ਫੌਜ ਹੁੰਦੀ ਸੀ। ਗਿਣਤੀ ਦੀ ਇਹ ਫੌਜ ਉਸ ਸਮੇਂ ਤੱਕ ਤਾਂ ਆਪਣੀ ਗਿਣਤੀ ਅਨੁਸਾਰ ਹੀ ਵਿਚਰਦੀ ਸੀ, ਜਿਥੋਂ ਤੱਕ ਬਾਦਸ਼ਾਹ ਜਾਂ ਵੱਡੇ ਅਧਿਕਾਰੀ ਨੂੰ ਮਦਦ ਕਰਨ ਦੀ ਗੱਲ ਹੁੰਦੀ ਸੀ ਜਾਂ ਇਕ ਫੌਜਦਾਰ ਵੱਲੋਂ ਦੂਜੇ ਹਾਕਮ ਉੱਪਰ ਹਮਲਾ ਕਰਨ ਦੀ ਹੁੰਦੀ ਸੀ ਪਰ ਜਦੋਂ ਇਨ੍ਹਾਂ ਹੀ ਜਗੀਰਦਾਰਾਂ, ਫੌਜਦਾਰਾਂ ਅਤੇ ਸੂਬੇਦਾਰਾਂ ਜਾਂ ਇਥੋਂ ਤੱਕ ਕਿ ਸ਼ਾਹੀ ਜਰਨੈਲਾਂ ਅਤੇ ਬਾਦਸ਼ਾਹ ਵੱਲੋਂ ਬੰਦਾ ਸਿੰਘ ਬਹਾਦਰ ਦੀ ਲੋਕ-ਸ਼ਕਤੀ ਦਾ ਮੁਕਾਬਲਾ ਕਰਨ ਦੀ ਗੱਲ ਸੀ ਤਾਂ ਇਹ ਵੀ ਆਪਣੀ ਫੌਜ ਦੀ ਨਿਯਤ ਗਿਣਤੀ ਤੱਕ ਹੀ ਨਿਸ਼ਚਿਤ ਨਹੀਂ ਸਨ ਰਹਿੰਦੇ। ਫੌਜ ਤੋਂ ਇਲਾਵਾ ਇਹ ਵੀ ਮੁਸਲਮਾਨ ਗਾਜ਼ੀਆਂ ਨੂੰ ਇਸਲਾਮ ਦੇ ਨਾਂਅ 'ਤੇ ਕਾਫ਼ਰਾਂ ਦੇ ਖਿਲਾਫ਼ ਜਹਾਦ ਛੇੜਨ ਲਈ ਉਕਸਾਉਂਦੇ ਸਨ। ਇਉਂ ਮੁਗਲ ਹਾਕਮ ਵੀ ਬੰਦਾ ਸਿੰਘ ਬਹਾਦਰ ਦੀ ਲੋਕ-ਸ਼ਕਤੀ ਦਾ ਮੁਕਾਬਲਾ ਇਸਲਾਮ ਦੀ ਲੋਕ-ਸ਼ਕਤੀ ਨਾਲ ਕਰਨ ਦੀ ਕੋਸ਼ਿਸ਼ ਕਰਦੇ ਸਨ। ਬੰਦਾ ਸਿੰਘ ਬਹਾਦਰ ਅਤੇ ਮੁਗਲ ਹਕੂਮਤ ਦੇ ਸਮੁੱਚੇ ਸੰਘਰਸ਼ ਨੂੰ ਇਸੇ ਹੀ ਸਥਿਤੀ ਵਿਚ ਰੱਖ ਕੇ ਦੇਖਣ ਦੀ ਲੋੜ ਹੈ। ਭਾਵੇਂ ਕਿ ਬੰਦਾ ਸਿੰਘ ਬਹਾਦਰ ਨੇ ਕਦੇ ਵੀ ਇਸਲਾਮ ਦੇ ਵਿਰੁੱਧ ਜਹਾਦ ਨਹੀਂ ਸੀ ਛੇੜਿਆ, ਸਗੋਂ ਉਸ ਦਾ ਸੰਘਰਸ਼ ਮੁਗਲ ਹਕੂਮਤ ਦੇ ਵਿਰੁੱਧ ਸੀ।

ਸਢੌਰਾ ਅਤੇ ਮੁਖ਼ਲਿਸਪੁਰ (ਲੋਹਗੜ੍ਹ) 30

ਨਵੰਬਰ, 1709 ਤੱਕ ਜਿੱਤ ਲਏ ਗਏ ਸਨ। ਚੱਪੜਚਿੜੀ ਦੀ ਲੜਾਈ 22 ਮਈ, 1710 ਨੂੰ ਹੋਈ ਸੀ। ਇਸ ਦਾ ਭਾਵ ਹੈ ਕਿ ਦਸੰਬਰ, 1709 ਤੋਂ ਲੈ ਕੇ ਮਈ, 1710 ਤੱਕ ਦੇ ਜਿਹੜੇ ਪੰਜ-ਛੇ ਮਹੀਨੇ ਸਨ, ਇਨ੍ਹਾਂ ਮਹੀਨਿਆਂ ਵਿਚ ਬੰਦਾ ਸਿੰਘ ਬਹਾਦਰ ਨੇ ਲੋਹਗੜ੍ਹ ਅਤੇ ਸਢੌਰੇ ਵਿਚ ਆਪਣੇ-ਆਪ ਨੂੰ ਪੂਰੀ ਮਜ਼ਬੂਤੀ ਨਾਲ ਸਥਾਪਿਤ ਕਰ ਲਿਆ ਸੀ। ਸਮਾਣਾ, ਘੁੜਾਮ, ਸ਼ਾਹਬਾਦ, ਕਪੂਰੀ, ਸਢੌਰਾ ਅਤੇ ਮੁਖ਼ਲਿਸਪੁਰ (ਲੋਹਗੜ੍ਹ) ਦੇ ਜਿੱਤ ਲੈਣ ਨਾਲ ਘੱਗਰ ਦਰਿਆ ਤੋਂ ਲੈ ਕੇ ਜਮੁਨਾ ਦਰਿਆ ਤੱਕ ਦਾ ਸਾਰਾ ਪੂਰਬੀ ਪੰਜਾਬ (ਵਰਤਮਾਨ ਹਰਿਆਣਾ ਅਤੇ ਕੁਝ ਭਾਗ ਪਟਿਆਲਾ ਜ਼ਿਲ੍ਹੇ ਦਾ ਹਿੱਸਾ) ਬੰਦਾ ਸਿੰਘ ਬਹਾਦਰ ਦੇ ਕਬਜ਼ੇ ਵਿਚ ਆ ਗਿਆ ਸੀ। ਇਸ ਸਮੇਂ ਤੱਕ ਉਹ ਲੋਕ-ਸ਼ਕਤੀ ਉਸੇ ਤਰ੍ਹਾਂ ਕਾਇਮ ਸੀ, ਜਿਹੜੀ ਸਿਹਰ-ਖੰਡਾ ਤੋਂ ਤੁਰੀ ਸੀ, ਕਿਉਂਕਿ ਬੰਦਾ ਸਿੰਘ ਦਾ ਵੱਡਾ ਨਿਸ਼ਾਨਾ ਵਜ਼ੀਰ ਖਾਨ ਅਤੇ ਸਰਹਿੰਦ ਨੂੰ ਜਿੱਤਣ ਦਾ ਸੀ, ਇਸ ਲਈ ਲੋਹਗੜ੍ਹ ਅਤੇ ਸਢੌਰੇ ਨੂੰ ਆਪਣਾ ਮੁੱਖ ਆਧਾਰ ਬਣਾ ਕੇ ਉਹ ਮਈ, 1710 ਵਿਚ ਸਰਹਿੰਦ ਵੱਲ ਰਵਾਨਾ ਹੋਇਆ ਅਤੇ ਅੰਬਾਲਾ, ਛੱਤ ਅਤੇ ਬਨੂੜ ਦੀਆਂ ਸੈਨਿਕ ਚੌਕੀਆਂ ਨੂੰ ਜਿੱਤ ਕੇ ਉਹ ਬਨੂੜ ਵਿਖੇ ਆ ਖੜ੍ਹਿਆ ਸੀ। ਸਰਹਿੰਦ ਦੇ ਏਨੇ ਨੇੜਲੇ ਇਲਾਕੇ ਵਾਲੀ ਸੈਨਿਕ ਪੋਸਟ (ਚੌਕੀ) ਨੂੰ ਵੀ ਸਿੰਘਾਂ ਦੇ ਕਬਜ਼ੇ ਵਿਚ ਆਉਣ 'ਤੇ ਵਜ਼ੀਰ ਖਾਨ ਸਰਹਿੰਦ ਵਿਚੋਂ ਨਹੀਂ ਸੀ ਨਿਕਲਿਆ। ਇਹ ਗੱਲ ਉਸ ਦੀ ਮਨੋਸਥਿਤੀ ਨੂੰ ਦਰਸਾਉਂਦੀ ਹੈ ਕਿ ਉਹ ਖ਼ਾਲਸੇ ਦੇ ਹਮਲਿਆਂ ਤੋਂ ਕਿੰਨਾ ਘਬਰਾ ਗਿਆ ਸੀ। ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਉਹ ਆਪਣੀਆਂ ਚੌਕੀਆਂ ਦੇ ਇਕ-ਇਕ ਕਰਕੇ ਜਿੱਤੇ ਜਾਣ 'ਤੇ ਬਾਹਰ ਨਾ ਨਿਕਲਦਾ।

ਜਿਵੇਂ ਕਿ ਪਹਿਲਾਂ ਲਿਖਿਆ ਜਾ ਚੁੱਕਾ ਹੈ ਕਿ ਬੰਦਾ ਸਿੰਘ ਦੀ ਆਮਦ ਸੁਣ ਕੇ ਸਾਰੇ ਪੰਜਾਬ ਵਿਚ ਹੀ ਸਿੱਖ ਉਠ ਖੜ੍ਹੇ ਹੋਏ ਸਨ। ਮਾਲਵੇ ਵਾਲਿਆਂ ਨੂੰ ਬੰਦਾ ਸਿੰਘ ਤੱਕ ਪਹੁੰਚਣ ਵਿਚ ਕੋਈ ਮੁਸ਼ਕਿਲ ਨਹੀਂ ਆਈ ਸੀ ਪਰ ਮਾਝੇ ਅਤੇ ਦੁਆਬੇ ਦੇ ਸਿੱਖ ਜਥਿਆਂ ਨੂੰ ਦਰਿਆਵਾਂ ਦੇ ਪੱਤਣਾਂ 'ਤੇ ਰੋਕ ਲਿਆ ਗਿਆ ਸੀ। ਕੁਝ ਇਕ ਥਾਵਾਂ ਤੋਂ ਜਾਂ ਦੂਰ ਦਾ ਗੇੜ ਪਾ ਕੇ ਪਹੁੰਚੇ ਕੁਝ ਸਿੰਘਾਂ ਰਾਹੀਂ ਇਨ੍ਹਾਂ ਜਥਿਆਂ ਦਾ ਸਬੰਧ ਬੰਦਾ ਸਿੰਘ ਨਾਲ ਜੁੜਿਆ ਹੋਇਆ ਸੀ। ਬੰਦਾ ਸਿੰਘ ਦੀਆਂ ਇਨ੍ਹਾਂ ਨੂੰ ਹਦਾਇਤਾਂ ਸਨ ਕਿ ਮਾਝੇ-ਦੁਆਬੇ ਦੇ ਸਾਰੇ ਜਥੇ ਅਨੰਦਪੁਰ ਸਾਹਿਬ-ਕੀਰਤਪੁਰ ਸਾਹਿਬ ਵਿਖੇ ਇਕੱਠੇ ਹੋ ਜਾਣ। ਇਕ ਤਾਂ ਇਹ ਇਲਾਕਾ ਪਹਾੜੀ ਰਿਆਸਤਾਂ ਵਿਚ ਸੀ, ਇਸ ਲਈ ਇਧਰ ਮੁਗਲ ਫੌਜ ਨੇ ਇਨ੍ਹਾਂ ਦਾ ਕੋਈ ਨੁਕਸਾਨ ਨਹੀਂ ਕਰ ਸਕਣਾ ਸੀ, ਦੂਜਾ ਸਰਹਿੰਦ ਦੇ ਵਜ਼ੀਰ ਖਾਨ ਦਾ ਧਿਆਨ ਵੀ ਵੰਡਿਆ ਰਹਿਣਾ ਸੀ। ਬੰਦਾ ਸਿੰਘ ਦਾ ਕਹਿਣਾ ਸੀ ਕਿ ਉਹ ਜਿਉਂ ਹੀ ਸਰਹਿੰਦ ਦੇ ਨੇੜੇ ਪਹੁੰਚੇਗਾ ਤਾਂ ਇਹ ਜਥੇ ਇਕਦਮ ਹੰਭਲਾ ਮਾਰ ਕੇ ਸਤਲੁਜ ਨੂੰ ਪਾਰ ਕਰਕੇ ਉਸ ਨਾਲ ਆ ਮਿਲਣ। ਰੋਪੜ ਦੇ ਫੌਜਦਾਰ ਅਤੇ ਮਲੇਰਕੋਟਲੇ ਦੇ ਨਵਾਬ ਦੀਆਂ ਫੌਜਾਂ ਨੇ ਮਾਛੀਵਾੜਾ ਦੇ ਘਾਟ ਤੋਂ ਲੈ ਕੇ ਰੋਪੜ-ਕੀਰਤਪੁਰ ਸਾਹਿਬ ਤੱਕ ਦੇ ਸਾਰੇ ਘਾਟ ਰੋਕ ਰੱਖੇ ਸਨ।

ਜਿਉਂ ਹੀ ਬੰਦਾ ਸਿੰਘ ਬਨੂੜ ਵਿਖੇ ਪਹੁੰਚਿਆ ਤਾਂ ਕੀਰਤਪੁਰ ਸਾਹਿਬ ਅਤੇ ਅਨੰਦਪੁਰ ਸਾਹਿਬ ਵਿਖੇ ਰੁਕੇ ਵਿਸ਼ਾਲ ਖਾਲਸਾ ਦਲ ਨੇ ਇਕਦਮ ਹੱਲਾ ਕਰਕੇ ਦਰਿਆ ਨੂੰ ਪਾਰ ਕਰਨ ਲਈ ਹੰਭਲਾ ਮਾਰਿਆ। ਬੇਸ਼ੱਕ ਦੋ-ਤਿੰਨ ਦਿਨਾਂ ਤੱਕ ਇਥੇ ਲੜਾਈ ਹੁੰਦੀ ਰਹੀ ਸੀ ਪਰ ਆਖਰਕਾਰ ਖਾਲਸਾ ਦਲ ਨੇ ਦੁਸ਼ਮਣ ਫੌਜਾਂ ਨੂੰ ਹਰਾ ਦਿੱਤਾ ਸੀ।

ਕਿਹਾ ਜਾਂਦਾ ਹੈ ਕਿ ਮਲੇਰਕੋਟਲੇ ਦੇ ਨਵਾਬ ਦੇ ਦੋ ਭਰਾ ਇਸ ਲੜਾਈ ਵਿਚ ਮਾਰੇ ਗਏ ਸਨ। ਦੁਸ਼ਮਣ ਨੂੰ ਹਰਾ ਕੇ ਇਹ ਖਾਲਸਾ ਦਲ ਬੰਦਾ ਸਿੰਘ ਬਹਾਦਰ ਵੱਲ ਵਾਹੋ-ਦਾਹੀ ਵਧਦਾ ਆ ਰਿਹਾ ਸੀ। ਬੰਦਾ ਸਿੰਘ ਨੂੰ ਵੀ ਇਸ ਦੀ ਖਬਰ ਮਿਲ ਗਈ ਸੀ, ਇਸ ਕਰਕੇ ਉਹ ਵੀ ਬਨੂੜ ਤੋਂ ਪੂਰੀ ਤੇਜ਼ੀ ਨਾਲ ਆਪਣੇ ਲਾਓ-ਲਸ਼ਕਰ ਸਮੇਤ ਰੋਪੜ ਨੂੰ ਜਾਣ ਵਾਲੇ ਰਸਤੇ ਬਨੂੜ ਤੋਂ ਖਰੜ ਵੱਲ ਰਵਾਨਾ ਹੋ ਗਿਆ ਸੀ। ਬੰਦਾ ਸਿੰਘ ਚਾਹੁੰਦਾ ਸੀ ਕਿ ਸਰਹਿੰਦ ਉੱਪਰ ਹਮਲਾ ਕਰਨ ਤੋਂ ਪਹਿਲਾਂ ਮਾਝੇ-ਦੁਆਬੇ ਵੱਲੋਂ ਆ ਰਹੇ ਖਾਲਸਾ ਦਲ ਦਾ ਉਸ ਨਾਲ ਮਿਲਣਾ ਬਹੁਤ ਜ਼ਰੂਰੀ ਸੀ।

ਰੋਪੜ-ਕੀਰਤਪੁਰ ਸਾਹਿਬ ਦੇ ਘਾਟਾਂ 'ਤੇ ਮੁਗਲ ਫੌਜ ਦੇ ਹਾਰਨ ਦੀ ਖਬਰ ਸਰਹਿੰਦ ਵਿਖੇ ਵਜ਼ੀਰ ਖਾਨ ਨੂੰ ਵੀ ਮਿਲ ਗਈ ਸੀ। ਇਸ ਗੱਲ ਤੋਂ ਉਸ ਦਾ ਘਬਰਾ ਜਾਣਾ ਕੁਦਰਤੀ ਗੱਲ ਸੀ। ਉਸ ਨੇ ਸੋਚਿਆ ਕਿ ਘੱਟੋ-ਘੱਟ ਇਸ ਸਮੇਂ ਸਿੰਘਾਂ ਦੇ ਦੋਵਾਂ ਦਲਾਂ ਦਾ ਮਿਲਾਪ ਨਾ ਹੋਣ ਦਿੱਤਾ ਜਾਵੇ। ਬੰਦਾ ਸਿੰਘ ਤਾਂ ਪਹਿਲਾਂ ਹੀ ਸਭ ਕੁਝ ਤਬਾਹ ਕਰਦਾ ਆ ਰਿਹਾ ਸੀ। ਇਸ ਸਮੇਂ ਮਾਝੇ-ਦੁਆਬੇ ਵੱਲੋਂ ਆ ਰਹੇ ਖਾਲਸਾ ਦਲ ਦੇ ਰਲੇਵੇਂ ਨਾਲ ਤਾਂ ਉਸ ਦੀ ਸ਼ਕਤੀ ਪਹਿਲਾਂ ਨਾਲੋਂ ਵੀ ਦੁੱਗਣੀ ਹੋ ਜਾਵੇਗੀ। ਇਸ ਤੋਂ ਬਚਣ ਲਈ ਇਸ ਸਮੇਂ ਵਜ਼ੀਰ ਖਾਨ ਪਾਸ ਕੋਈ ਵੀ ਚਾਰਾ ਨਹੀਂ ਸੀ। ਅਖੀਰ ਉਹ ਇਸ ਸਕੀਮ ਅਨੁਸਾਰ ਆਪਣੀ ਫੌਜ ਅਤੇ ਅਸਲ੍ਹੇਖਾਨੇ ਨਾਲ ਸਰਹਿੰਦ ਤੋਂ ਰਵਾਨਾ ਹੋਇਆ ਕਿ ਦੋਵਾਂ ਦਲਾਂ ਦੇ ਮਿਲਣ ਵਾਲਾ ਰਾਹ ਰੋਕ ਲਿਆ ਜਾਵੇ। ਇਸ ਤਰ੍ਹਾਂ ਉਹ ਉਸੇ ਰਸਤੇ ਨੂੰ ਵਿਚੋਂ ਰੋਕਣ ਲਈ ਰਵਾਨਾ ਹੋ ਗਿਆ, ਜਿਸ ਰਸਤੇ ਰਾਹੀਂ ਬੰਦਾ ਸਿੰਘ ਅਤੇ ਖਾਲਸਾ ਦਲ ਨੇ ਇਕ-ਦੂਜੇ ਨੂੰ ਮਿਲਣਾ ਸੀ। ਦੋਵੇਂ ਦਲ ਚੱਪੜਚਿੜੀ ਦੇ ਪਿੰਡਾਂ ਦੀ ਜੂਹ ਵਿਚ ਇਕੱਠੇ ਹੋ ਗਏ।

ਚੱਪੜਚਿੜੀ ਨਾਂਅ ਦੇ ਦੋ ਪਿੰਡ ਹਨ : ਇਕ ਚੱਪੜਚਿੜੀ ਕਲਾਂ ਅਤੇ ਦੂਜਾ ਚੱਪੜਚਿੜੀ ਖੁਰਦ। ਇਹ ਦੋਵੇਂ ਪਿੰਡ ਬਨੂੜ-ਖਰੜ ਸੜਕ ਉੱਪਰ ਲਾਂਡਰਾਂ ਲੰਘ ਕੇ ਸਵਰਾਜ ਫੈਕਟਰੀ ਦੇ ਪਿਛਲੇ ਪਾਸੇ ਸਥਿਤ ਹਨ। ਇਥੋਂ ਸਰਹਿੰਦ ਸਿੱਧਾ 15-16 ਕੁ ਕਿਲੋਮੀਟਰ ਦੀ ਵਿੱਥ 'ਤੇ ਸਥਿਤ ਹੈ। ਪਹਿਲਾਂ ਚੱਪੜਚਿੜੀ ਖੁਰਦ ਆਉਂਦਾ ਹੈ, ਫਿਰ ਦੋ-ਢਾਈ ਕੁ ਕਿਲੋਮੀਟਰ ਹੋਰ ਅੱਗੇ ਜਾ ਕੇ ਚੱਪੜਚਿੜੀ ਕਲਾਂ ਆਉਂਦਾ ਹੈ। ਚੱਪੜਚਿੜੀ ਦਾ ਭਾਵ ਹੈ ਛੱਪੜ ਅਤੇ ਝਿੜੀ। ਝਿੜੀ ਦਰੱਖਤਾਂ ਦੇ ਝੁੰਡ ਨੂੰ ਕਹਿੰਦੇ ਹਨ। ਇਹ ਇਲਾਕਾ ਬੇਆਬਾਦ ਅਤੇ ਖੁਸ਼ਕ ਜੰਗਲਾਂ ਵਾਲਾ ਉੱਚਾ-ਨੀਵਾਂ ਇਲਾਕਾ ਸੀ। ਜ਼ਮੀਨ ਦੇ ਮੈਦਾਨ ਖੁੱਲ੍ਹੇ ਪਏ ਸਨ ਅਤੇ ਇਨ੍ਹਾਂ ਮੈਦਾਨਾਂ ਵਿਚ ਕਿਤੇ-ਕਿਤੇ ਛੱਪੜ ਅਤੇ ਝਿੜੀਆਂ ਸਨ। ਇਸੇ ਕਰਕੇ ਇਸ ਥਾਂ ਨੂੰ ਚੱਪੜਚਿੜੀ ਆਖਿਆ ਜਾਂਦਾ ਸੀ। ਚੱਪੜਚਿੜੀ ਪੁਆਧੀ ਬੋਲੀ ਹੋਣ ਕਰਕੇ ਛੱਪੜਝਿੜੀ ਦਾ ਹੀ ਭਾਵ ਰੱਖਦਾ ਹੈ। ਚੱਪੜਚਿੜੀ ਵਿਖੇ ਹੋਈ ਲੜਾਈ ਦਾ ਜ਼ਿਕਰ ਉਸ ਸਮੇਂ ਦੀ ਸਮਕਾਲੀ ਲਿਖਤ 'ਫਰੱਖ਼ਸੀਅਰਨਾਮਾ' ਵਿਚ ਆਉਂਦਾ ਹੈ।

ਇਸ ਇਲਾਕੇ ਵਿਚ ਦੀ ਇਕ ਨਦੀ ਵਗਦੀ ਸੀ, ਜਿਸ ਦਾ ਉਸ ਸਮੇਂ ਦਾ ਨਾਂਅ ਕਿਸੇ ਲਿਖਤ ਵਿਚੋਂ ਨਹੀਂ ਮਿਲਦਾ ਪਰ ਅੱਜਕਲ੍ਹ ਇਸ ਨਦੀ ਨੂੰ 'ਪਟਿਆਲਾ ਵਾਲੀ ਰਊ' ਕਿਹਾ ਜਾਂਦਾ ਹੈ। ਇਸ ਨਦੀ ਦੇ ਸੱਜੇ ਪਾਸੇ ਨਾਲ ਲੱਗਵਾਂ ਹੀ ਇਕ ਬਹੁਤ ਉੱਚਾ ਟਿੱਬਾ ਸੀ ਅਤੇ ਆਲੇ-ਦੁਆਲੇ ਕੁਝ ਪਾਣੀ ਵਾਲੇ ਛੱਪੜ ਵੀ ਸਨ। ਨਦੀ ਦੇ ਨਾਲ-ਨਾਲ ਹੀ ਦਰੱਖਤਾਂ ਦੀਆਂ ਸੰਘਣੀਆਂ ਝਿੜੀਆਂ ਸਨ। ਬੰਦਾ ਸਿੰਘ ਬਹਾਦਰ ਲੜਾਈ ਪੱਖੋਂ ਸਭ ਤੋਂ ਵਧੀਆ ਪਾਸਾ ਰੋਕ ਕੇ ਖੜੋ ਗਿਆ ਸੀ। ਬੰਦਾ ਸਿੰਘ ਉੱਚੇ ਟਿੱਬੇ ਉੱਪਰ ਮੋਰਚੇ ਲਾ ਕੇ ਬੈਠ ਗਿਆ ਸੀ। ਇਸ ਟਿੱਬੇ ਉਤੋਂ ਸਾਰੇ ਮੈਦਾਨ ਉੱਪਰ ਪੂਰੀ ਤਰ੍ਹਾਂ ਨਿਗ੍ਹਾ ਰੱਖੀ ਜਾ ਸਕਦੀ ਸੀ ਅਤੇ ਨਦੀ ਨੂੰ ਪਾਣੀ ਦੀ ਸਹੂਲਤ ਵਜੋਂ ਖਾਲਸਾ ਦਲਾਂ ਨੇ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਦਰੱਖਤਾਂ ਦੀਆਂ ਝਿੜੀਆਂ ਵਜ਼ੀਰ ਖਾਨ ਦੇ ਤੋਪਖਾਨੇ ਤੋਂ ਬਚਾਅ ਕਰਦੀਆਂ ਸਨ। ਜਿਵੇਂ ਕਿ ਪਹਿਲਾਂ ਵੀ ਲਿਖਿਆ ਜਾ ਚੁੱਕਾ ਹੈ ਕਿ ਬੰਦਾ ਸਿੰਘ ਪਾਸ ਸਿਰਫ ਲੋਕ-ਸ਼ਕਤੀ ਸੀ। ਇਸ ਲੋਕ-ਸ਼ਕਤੀ ਕੋਲ ਡਾਂਗਾਂ, ਬਰਛੇ, ਗੰਡਾਸੇ, ਤਲਵਾਰਾਂ ਦੇ ਹੀ ਹਥਿਆਰ ਸਨ। ਘੋੜ-ਸਵਾਰ ਵੀ ਸਨ ਅਤੇ ਬੰਦੂਕਾਂ ਵੀ ਸਨ ਪਰ ਤੋਪਖਾਨਾ ਅਤੇ

ਹਾਥੀ ਨਹੀਂ ਸਨ। ਇਸ ਤੋਂ ਇਲਾਵਾ ਸਿੰਘਾਂ ਪਾਸ ਦ੍ਰਿੜ੍ਹਤਾ ਅਤੇ ਹਮਲਾ ਕਰਨ ਦੀ ਉਤਸੁਕਤਾ ਸੀ। ਸਿੰਘ ਦਲ ਪੂਰੀ ਤਰ੍ਹਾਂ ਮਰਨ-ਮਾਰਨ 'ਤੇ ਤੁਲੇ ਹੋਏ ਸਨ। ਉਨ੍ਹਾਂ ਪਾਸ ਨਫ਼ੇ-ਨੁਕਸਾਨ ਦੀ ਕੋਈ ਸੋਚ ਨਹੀਂ ਸੀ। ਇਸ ਤਰ੍ਹਾਂ ਬੰਦਾ ਸਿੰਘ ਦੇ ਸੱਜੇ ਪਾਸੇ ਭਾਈ ਬਾਜ ਸਿੰਘ ਅਤੇ ਖੱਬੇ ਪਾਸੇ ਭਾਈ ਫਤਿਹ ਸਿੰਘ ਤਾਇਨਾਤ ਸੀ।

ਆਲੀ ਸਿੰਘ, ਮਾਲੀ ਸਿੰਘ, ਰਾਮ ਸਿੰਘ ਆਦਿ ਵਿਚਕਾਰ ਆਪੋ-ਆਪਣੇ ਜਥਿਆਂ ਨੂੰ ਲਈ ਖੜ੍ਹੇ ਸਨ।

ਦੂਜੇ ਪਾਸੇ ਵਜ਼ੀਰ ਖਾਨ ਆਪਣੀ ਪੂਰੀ ਸੈਨਿਕ ਤਾਕਤ ਨਾਲ ਆ ਖੜ੍ਹਿਆ ਸੀ। ਉਸ ਨੇ ਆਪਣੀ ਸੈਨਿਕ ਤਾਕਤ ਤੋਂ ਇਲਾਵਾ ਅੱਠ ਹਜ਼ਾਰ ਦੇ ਕਰੀਬ ਮੁਸਲਿਮ ਗਾਜ਼ੀ ਇਕੱਠੇ ਕਰ ਲਏ ਸਨ ਅਤੇ 20 ਹਜ਼ਾਰ ਦੇ ਕਰੀਬ ਸਭ ਕਿਸਮ ਦੀ ਉਸ ਦੀ ਆਪਣੀ ਸੈਨਾ ਸੀ। ਜਿਸ ਤਰ੍ਹਾਂ ਇਕ ਸੂਬੇਦਾਰ ਪਾਸ ਪੂਰੀ ਸੈਨਿਕ ਤਾਕਤ ਹੁੰਦੀ ਹੈ, ਉਸੇ ਤਰ੍ਹਾਂ ਵਜ਼ੀਰ ਖਾਨ ਪਾਸ ਘੋੜ-ਸਵਾਰ, ਹਾਥੀਆਂ ਦੇ ਦਸਤੇ, ਤੋਪਖਾਨਾ ਅਤੇ ਬੰਦੂਕਾਂ ਲੋੜ ਨਾਲੋਂ ਵੀ ਜ਼ਿਆਦਾ ਸਨ ਪਰ ਉਸ ਪਾਸ ਹੌਸਲੇ ਅਤੇ ਦ੍ਰਿੜ੍ਹਤਾ ਦੀ ਕਮੀ ਸੀ। ਉਸ ਦੇ ਸੱਜੇ-ਖੱਬੇ ਮਲੇਰਕੋਟਲੇ ਦਾ ਨਵਾਬ ਅਤੇ ਸੁੱਚਾ ਨੰਦ ਦੀਵਾਨ ਦੇ ਸੈਨਿਕ ਦਸਤੇ ਸਨ।

ਚੱਪੜਚਿੜੀ ਦੀ ਲੜਾਈ ਦੀ ਮਹੱਤਤਾ ਇਸ ਗੱਲੋਂ ਵੀ ਵਧ ਜਾਂਦੀ ਹੈ ਕਿ ਇਸ ਦਾ ਜ਼ਿਕਰ ਸਮਕਾਲੀ ਲਿਖਤਾਂ 'ਅਖ਼ਬਾਰ-ਏ-ਦਰਬਾਰ-ਏ ਮੁਅੱਲਾ' ਮੁਹੰਮਦ ਕਾਸਿਮ ਅਤੇ ਮਿਰਜ਼ਾ ਮੁਹੰਮਦ ਹਾਰੀਸੀ ਦੀਆਂ ਲਿਖਤਾਂ 'ਇਬਰਤਨਾਮਾ', ਮੁਹੰਮਦ ਹਾਦੀ ਕਾਮਵਰ ਖਾਨ ਦੀ ਲਿਖਤ 'ਤਜ਼ਕਿਰਾ-ਏ-ਸਲਾਤੀਨ-ਏ-ਚਗੱਤਾ' ਅਤੇ ਮੁਹੰਮਦ ਸ਼ਫ਼ੀ ਵਾਰਿਦ ਦੀ ਲਿਖਤ 'ਮੀਰਾਤ-ਏ-ਵਾਰੀਦਾਤ' ਵਿਚ ਵੀ ਆਇਆ ਹੈ। ਇਨ੍ਹਾਂ ਤੋਂ ਇਲਾਵਾ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਨੇ ਵੀ ਇਸ ਲੜਾਈ ਦਾ ਬਿਰਤਾਂਤ ਕਾਫ਼ੀ ਵਿਸਥਾਰ ਵਿਚ ਦਿੱਤਾ ਹੈ। ਜਿਥੋਂ ਤੱਕ ਇਸ ਲੜਾਈ ਦੀ ਮਿਤੀ ਦਾ ਸਵਾਲ ਹੈ, ਉਸ ਬਾਰੇ ਹਿਜਰੀ ਸੰਮਤ ਦੀ ਮਿਤੀ ਹੀ ਇਕੋ-ਇਕ ਸਹੀ ਮਿਤੀ ਹੈ।

ਹਿਜ਼ਰੀ, ਸੰਮਤ 1122 ਦੀ 24 ਰੱਬੀ-ਉਲ-ਅੱਵਲ ਅਸਲ ਮਿਤੀ ਹੈ। ਇਸ ਦੀ ਬਿਕਰਮੀ ਸੰਮਤ ਅਤੇ ਈ: ਸੰਨ ਦੀ ਮਿਤੀ ਕੱਢਣ ਵਿਚ ਲਗਭਗ ਸਾਰੇ ਇਤਿਹਾਸਕਾਰਾਂ ਵਿਚ ਵਖਰੇਵਾਂ ਹੈ ਪਰ ਸਭ ਤੋਂ ਵੱਧ ਪ੍ਰਵਾਨ ਕਰਨ ਯੋਗ ਮਿਤੀ 22 ਮਈ, 1710 ਈ: ਹੀ ਹੈ। ਕਿਉਂਕਿ ਇਹ ਮਿਤੀ ਸਮਕਾਲੀ ਖਬਰਾਂ ਅਖ਼ਬਾਰ-ਏ-ਦਰਬਾਰ-ਏ-ਮੁਅੱਲਾ ਵਿਚ ਡਾ: ਗੰਡਾ ਸਿੰਘ ਵੱਲੋਂ ਅਤੇ ਵਿਲੀਅਮ ਇਰਵਿਨ ਵੱਲੋਂ ਦਿੱਤੀ ਗਈ ਹੈ। ਡਾ: ਗੰਡਾ ਸਿੰਘ ਨੇ ਆਪਣੀ ਕਿਤਾਬ ਬੰਦਾ ਸਿੰਘ ਬਹਾਦਰ (ਅੰਗਰੇਜ਼ੀ) ਦੀ ਪਹਿਲੀ ਖਾਲਸਾ ਕਾਲਜ ਵਾਲੀ ਐਡੀਸਨ ਵਿਚ ਦਿੱਤੀ ਹੈ। ਇਨ੍ਹਾਂ ਤੋਂ ਇਲਾਵਾ ਰਤਨ ਸਿੰਘ ਭੰਗੂ ਦੇ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਅਤੇ ਗੁਰਦੇਵ ਸਿੰਘ ਦਿਉਲ ਵੱਲੋਂ ਵੀ ਇਹੋ ਮਿਤੀ ਦਿੱਤੀ ਗਈ ਹੈ।

ਜਿੰਨੀਆਂ ਵੀ ਲਿਖਤਾਂ ਵਿਚ ਇਸ ਲੜਾਈ ਦਾ ਵੇਰਵਾ ਮਿਲਦਾ ਹੈ, ਸਭ ਵਿਚ ਇਸੇ ਗੱਲ ਨੂੰ ਮੰਨਿਆ ਗਿਆ ਹੈ ਕਿ ਇਹ ਲੜਾਈ ਇਕੋ ਦਿਨ ਦੀ ਹੀ ਸੀ। 22 ਮਈ ਦੀ ਸਵੇਰ ਹੁੰਦਿਆਂ ਹੀ ਬੰਦਾ ਸਿੰਘ ਬਹਾਦਰ ਨੇ ਖਾਲਸਾ ਦਲਾਂ ਨੂੰ ਹਮਲਾ ਕਰਨ ਦਾ ਹੁਕਮ ਦਿੱਤਾ ਅਤੇ ਦੁਪਹਿਰ ਤੱਕ ਦੋਵੇਂ ਧਿਰਾਂ ਵਿਚਕਾਰ ਗਹਿਗੱਚ ਲੜਾਈ ਹੁੰਦੀ ਰਹੀ। ਇਹ ਗਹਿਗੱਚ ਲੜਾਈ ਆਖਰ ਹੱਥੋ-ਹੱਥ ਅਤੇ ਘਸੁੰਨ-ਮੁੱਕੀ ਦੀ ਨੌਬਤ ਤੱਕ ਪਹੁੰਚ ਗਈ। ਬੇਸ਼ੱਕ ਵਜ਼ੀਰ ਖਾਨ ਦੇ ਤੋਪਖਾਨੇ ਅਤੇ ਹਾਥੀਆਂ ਦੇ ਦਸਤਿਆਂ ਨੇ ਸਿੱਖਾਂ ਦਾ ਬਹੁਤ ਨੁਕਸਾਨ ਕੀਤਾ ਸੀ ਪਰ ਕਿਉਂਕਿ ਸਮੁੱਚਾ ਸਿੱਖ ਜਗਤ ਹੀ ਇਸ ਲੜਾਈ ਵਿਚ ਸ਼ਾਮਿਲ ਸੀ, ਇਸ ਲਈ ਸਿੰਘਾਂ ਦੀ ਲੜਨ-ਮਰਨ ਦੀ ਦ੍ਰਿੜ੍ਹਤਾ ਅੱਗੇ ਨਾ ਤਾਂ ਵਜ਼ੀਰ ਖਾਨ ਦਾ ਤੋਪਖਾਨਾ ਹੀ ਕੁਝ ਕਰ ਸਕਿਆ ਸੀ ਅਤੇ ਨਾ ਹੀ ਉਸ ਦੇ ਹਾਥੀਆਂ ਦੇ ਦਸਤੇ। ਸ਼ਾਮ ਹੋਣ ਤੱਕ ਖਾਲਸਾ ਦਲ ਮੁਗਲ ਫੌਜਾਂ ਨੂੰ ਦੱਬ ਕੇ ਲੈ ਗਏ। ਬੰਦਾ ਸਿੰਘ ਬਹਾਦਰ ਨੇ ਭਾਈ ਬਾਜ ਸਿੰਘ ਅਤੇ ਭਾਈ ਫ਼ਤਿਹ ਸਿੰਘ ਨੂੰ ਨਾਲ ਲੈ ਕੇ ਵਜ਼ੀਰ ਖਾਨ ਨੂੰ ਜਾ ਘੇਰਿਆ। ਆਖਰ ਵਜ਼ੀਰ ਖਾਨ ਜ਼ਖਮੀ ਹੋਇਆ ਡਿੱਗ ਪਿਆ ਅਤੇ ਸਿੰਘਾਂ ਨੇ ਇਕਦਮ ਉਸ ਨੂੰ ਜਾ ਦਬੋਚਿਆ। ਮੁਗਲ ਸੈਨਾ ਦਾ ਜਿਧਰ ਵੀ ਮੂੰਹ ਹੋਇਆ, ਉਧਰ ਹੀ ਭੱਜ ਗਈ। ਮੈਦਾਨ ਸਿੰਘਾਂ ਦੇ ਹੱਥ ਆਇਆ। ਖਾਫ਼ੀ ਖਾਨ ਅਨੁਸਾਰ ਕੋਈ ਵੀ ਮੁਗਲ ਸਿਪਾਹੀ ਆਪਣੇ ਤਨ ਦੇ ਕੱਪੜਿਆਂ ਤੋਂ ਬਿਨਾਂ ਹੋਰ ਕੁਝ ਵੀ ਆਪਣੇ ਨਾਲ ਨਹੀਂ ਲਿਜਾ ਸਕਿਆ।

ਭਾਵੇਂ ਵਜ਼ੀਰ ਖਾਨ ਦੀ ਮੌਤ ਦੇ ਹਵਾਲੇ ਵੱਖਰੇ-ਵੱਖਰੇ ਮਿਲਦੇ ਹਨ। ਸਿੱਖ ਲੇਖਕਾਂ ਅਨੁਸਾਰ ਉਸ ਨੂੰ ਉਥੇ ਹੀ ਇਕ ਜੰਡ ਦੇ ਦਰੱਖਤ ਨਾਲ ਪੁੱਠਾ ਲਮਕਾਇਆ ਗਿਆ ਅਤੇ ਬਾਅਦ ਵਿਚ ਵਹਿੜਕਿਆਂ ਪਿੱਛੇ ਬੰਨ੍ਹ ਕੇ ਸਰਹਿੰਦ ਤੱਕ ਘੜੀਸ ਕੇ ਲਿਆਂਦਾ ਗਿਆ। ਇਸ ਤਰ੍ਹਾਂ ਉਹ ਦੁਸ਼ਟ ਮਰ ਗਿਆ। ਸਰਹਿੰਦ ਵਿਖੇ ਉਸ ਦੀ ਲਾਸ਼ ਕਾਵਾਂ-ਕੁੱਤਿਆਂ ਨੂੰ ਖਾਣ ਵਾਸਤੇ ਰੱਖ ਦਿੱਤੀ ਗਈ। ਸਤਲੁਜ ਤੋਂ ਲੈ ਕੇ ਜਮੁਨਾ ਤੱਕ ਦਾ ਅਤੇ ਸ਼ਿਵਾਲਿਕ ਪਹਾੜੀਆਂ ਤੋਂ ਲੈ ਕੇ ਰਾਜਪੂਤਾਨੇ ਤੱਕ ਦਾ ਵਿਸ਼ਾਲ ਖੇਤਰ ਸਿੰਘਾਂ ਦੇ ਕਬਜ਼ੇ ਵਿਚ ਆ ਗਿਆ ਸੀ। ਸਰਹਿੰਦ ਦੇ ਆਮ-ਖਾਸ ਬਾਗ ਵਿਚ, ਜਿਸ ਨੂੰ ਉਸ ਸਮੇਂ ਬਾਗ-ਏ-ਹਾਫਜ਼ੀ ਕਿਹਾ ਜਾਂਦਾ ਸੀ, ਬੰਦਾ ਸਿੰਘ ਬਹਾਦਰ ਨੇ ਪਹਿਲਾ ਖਾਲਸਾ ਦਰਬਾਰ ਲਗਾਇਆ, ਜਿਸ ਵਿਚ ਖਾਲਸਾ ਗਣਰਾਜ ਦੀ ਸਥਾਪਨਾ ਦਾ ਐਲਾਨ ਕੀਤਾ ਗਿਆ ਅਤੇ ਸਮੁੱਚੇ ਪ੍ਰਾਂਤ ਵਿਚ ਸਿੱਖ ਅਤੇ ਹਿੰਦੂ ਅਧਿਕਾਰੀਆਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ।

ਮੁਹੰਮਦ ਕਾਸਿਮ ਅਤੇ ਰਤਨ ਸਿੰਘ ਭੰਗੂ ਅਨੁਸਾਰ ਭਾਈ ਬਾਜ ਸਿੰਘ ਬੱਲ ਨੂੰ ਸਰਹਿੰਦ ਦਾ ਨਾਜ਼ਿਮ (ਸੂਬੇਦਾਰ) ਨਿਯੁਕਤ ਕੀਤਾ ਗਿਆ। ਭਾਈ ਆਲੀ ਸਿੰਘ ਅਤੇ ਭਾਈ ਰਾਮ ਸਿੰਘ ਨੂੰ ਉਸ ਦੇ ਡਿਪਟੀ ਥਾਪਿਆ ਗਿਆ। ਭਾਈ ਫ਼ਤਹਿ ਸਿੰਘ ਨੂੰ ਸਮਾਣੇ ਦੀ ਸੂਬੇਦਾਰੀ ਵਿਚ ਪੱਕਿਆਂ ਕੀਤਾ ਗਿਆ। ਬਾਵਾ ਬਿਨੋਦ ਸਿੰਘ ਅਤੇ ਭਾਈ ਸ਼ਾਮ ਸਿੰਘ ਨੂੰ ਥਾਨੇਸਰ ਵਿਖੇ ਫੌਜਦਾਰਾਂ ਦੇ ਰੂਪ ਵਿਚ ਤਾਇਨਾਤ ਕੀਤਾ ਗਿਆ ਸੀ। ਗੁਰੂ ਨਾਨਕ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਵਾਂ ਨੂੰ ਸਮਰਪਿਤ ਸ਼ਬਦਾਵਲੀ ਖਾਲਸਾ ਰਾਜ ਦੇ ਸਿੱਕਿਆਂ ਅਤੇ ਮੋਹਰਾਂ 'ਤੇ ਉਕਰਾਈ ਗਈ। ਐਲਾਨ ਕੀਤਾ ਗਿਆ ਕਿ ਖਾਲਸਾ ਰਾਜ ਤਹਿਤ ਆਉਣ ਵਾਲੀ ਸਮੁੱਚੀ ਜ਼ਮੀਨ ਹਲਵਾਹਕ ਕਿਸਾਨਾਂ ਦੀ ਹੋਵੇਗੀ। ਇਥੇ ਕੋਈ ਜਾਗੀਰਦਾਰ ਜਾਂ ਮਨਸਬਦਾਰ ਨਹੀਂ ਹੋਵੇਗਾ। ਯੁੱਗਾਂ ਤੋਂ ਲਿਤਾੜੀਆਂ ਆ ਰਹੀਆਂ ਛੋਟੀਆਂ ਜਾਤੀਆਂ ਦੇ ਲੋਕਾਂ ਨੂੰ ਪਿੰਡਾਂ ਦੇ ਚੌਧਰੀ ਜਾਂ ਮੁਖੀਏ ਥਾਪਿਆ ਗਿਆ। ਇਉਂ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਪ੍ਰਾਂਤ ਵਿਚ ਮੁਗਲ ਹਕੂਮਤ ਨੂੰ ਉਲਟਾ ਕੇ ਅਤੇ ਖਾਲਸਾ ਗਣਰਾਜ ਸਥਾਪਿਤ ਕਰਕੇ ਉਸ ਮਿਸ਼ਨ ਦੀ ਪੂਰਤੀ ਕਰ ਦਿੱਤੀ, ਜਿਸ ਮਿਸ਼ਨ ਦੀ ਪੂਰਤੀ ਲਈ ਗੁਰੂ ਨਾਨਕ ਸਾਹਿਬ ਜੀ ਨੇ ਇਨਕਲਾਬ ਦੀ ਸ਼ੁਰੂਆਤ ਕੀਤੀ ਸੀ ਅਤੇ ਜਿਸ ਨੂੰ ਖਾਲਸੇ ਦੀ ਸਾਜਨਾ ਨਾਲ ਬਾਕਾਇਦਾ ਨਿਸ਼ਚਿਤ ਦਿਸ਼ਾ ਦਿੱਤੀ ਗਈ ਸੀ।

ਇਸ ਤਰ੍ਹਾਂ ਗਿਆਰ੍ਹਵੀਂ ਸਦੀ ਤੋਂ ਲੈ ਕੇ 1710 ਈ: ਤੱਕ ਦੀ ਇਸ ਚੱਪੜਚਿੜੀ ਦੀ ਲੜਾਈ ਤੱਕ ਹਿੰਦੁਸਤਾਨ ਦੇ ਇਤਿਹਾਸ ਵਿਚ ਇਕ ਵੀ ਐਸੀ ਲੜਾਈ ਨਹੀਂ ਹੈ, ਜਿਸ ਵਿਚ ਹਿੰਦੁਸਤਾਨੀਆਂ ਦੀ ਫ਼ਤਹਿ ਹੋਈ ਹੋਵੇ। ਇਹ ਪਹਿਲੀ ਲੜਾਈ ਸੀ, ਜਿਸ ਵਿਚ ਪਹਿਲੀ ਵਾਰ ਹਿੰਦੁਸਤਾਨੀ ਲੋਕਾਂ ਨੇ ਵਿਦੇਸ਼ੀ ਸਾਮਰਾਜ ਨੂੰ ਹਰਾ ਕੇ ਆਪਣਾ ਰਾਜ ਸਥਾਪਿਤ ਕੀਤਾ ਸੀ। ਇਸ ਖਾਲਸਾ ਗਣਰਾਜ ਦਾ ਮੁਖੀ ਬੰਦਾ ਸਿੰਘ ਬਹਾਦਰ ਸੀ ਅਤੇ ਚੱਪੜਚਿੜੀ ਦੀ ਲੜਾਈ ਹਿੰਦੁਸਤਾਨ ਦੀ ਸੁਤੰਤਰਤਾ ਲਈ ਲੜੀ ਗਈ ਪਹਿਲੀ ਲੜਾਈ ਸੀ।

-0-

# ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਿੰਨੇ ਮਹਾਂਪੁਰਸ਼ਾਂ ਦੀ ਬਾਣੀ ਹੈ?

**-ਨਿਰਮਲ ਸਿੰਘ ਸੁਰ ਸਿੰਘ 98885-20250**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁੱਲ 35 ਮਹਾਂਪੁਰਸ਼, 6 ਗੁਰੂ ਸਾਹਿਬਾਨ, 15 ਭਗਤ, 11 ਭੱਟ, 3 ਗੁਰਸਿੱਖਾਂ ਦੀ ਬਾਣੀ ਦਰਜ ਹੈ, ਜਿਸਨੂੰ ਗੁਰੂ ਸਾਹਿਬ ਜੀ ਨੇ ਤਿੰਨ ਭਾਗਾਂ ਵਿਚ ਵੰਡਿਆ ਹੋਇਆ ਹੈ ।

ਨਿਤਨੇਮ ਦੀਆਂ ਬਾਣੀਆਂ ਜਪੁ, ਸੋ ਦਰੁ (5 ਸ਼ਬਦ), ਸੋ ਪੁਰਖ (4 ਸ਼ਬਦ), ਸੋਹਿਲਾ (5 ਸ਼ਬਦ) ਅੰਕ 1 ਤੋਂ 8 ਤੱਕ ਰਾਗ ਮੁਕਤ ਬਾਣੀ ਅੰਕਿਤ ਹੈ।

ਰਾਗਬੱਧ ਬਾਣੀ-31 ਰਾਗਾਂ ਵਿੱਚ ਸ੍ਰੀਰਾਗ ਤੋਂ ਜੈਜਾਵੰਤੀ ਤੱਕ 14 ਤੋਂ 1352 ਹੈ।

ਅੰਤ ਵਿੱਚ ਰਾਗ-ਮੁਕਤ ਬਾਣੀ ਸਲੋਕ ਸਹਸਕ੍ਰਿਤੀ ਮਹਲਾ 1, 1353 ਤੋਂ ਲੈ ਕੇ ਅਖੀਰ ਤੱਕ ਦਰਜ ਹੈ।

**6 ਗੁਰੂ ਸਾਹਿਬਾਨ**

ਗੁਰੂ ਨਾਨਕ ਸਾਹਿਬ 19 ਰਾਗ,
ਗੁਰੂ ਅੰਗਦ ਸਾਹਿਬ ਸਲੋਕ 93 ਸਲੋਕ,
ਗੁਰੂ ਅਮਰਦਾਸ ਸਾਹਿਬ 17 ਰਾਗ,
ਗੁਰੂ ਰਾਮਦਾਸ ਸਾਹਿਬ 30 ਰਾਗ,
ਗੁਰੂ ਅਰਜਨ ਸਾਹਿਬ 30 ਰਾਗ
ਗੁਰੂ ਤੇਗ ਬਹਾਦਰ ਸਾਹਿਬ 15 ਰਾਗ,

**15-ਭਗਤ ਸਾਹਿਬਾਨ**

ਭਗਤ ਸ਼ੇਖ਼ ਫ਼ਰੀਦ ਜੀ ।
ਭਗਤ ਕਬੀਰ ਜੀ।
ਭਗਤ ਤ੍ਰਿਲੋਚਨ ਜੀ ।
ਭਗਤ ਨਾਮਦੇਵ ਜੀ।
ਭਗਤ ਰਵਿਦਾਸ ਜੀ ।
ਭਗਤ ਸਧਨਾ ਜੀ ।
ਭਗਤ ਬੇਣੀ ਜੀ ।
ਭਗਤ ਜੈਦੇਵ ਜੀ
ਭਗਤ ਰਾਮਾਨੰਦ ਜੀ।
ਭਗਤ ਪਰਮਾਨੰਦ ਜੀ ।
ਭਗਤ ਪੀਪਾ ਜੀ ।
ਭਗਤ ਸੂਰਦਾਸ ਜੀ ।
ਭਗਤ ਸੈਣ ਜੀ ।
ਭਗਤ ਧੰਨਾ ਜੀ।
ਭਗਤ ਭੀਖਨ ਜੀ ।

**11 ਭੱਟ ਸਹਿਬਾਨ।**

ਭੱਟ ਕਲਸਹਾਰ ਜੀ।
ਭੱਟ ਜਾਲਪ ਜੀ।
ਭੱਟ ਕੀਰਤ ਜੀ।
ਭੱਟ ਭਿਖਾ ਜੀ।
ਭੱਟ ਸਲ੍ਯ ਜੀ।
ਭੱਟ ਭਲ੍ਯ ਜੀ।
ਭੱਟ ਨਲ੍ਯ ਜੀ।
ਭੱਟ ਗਯੰਦ ਜੀ।
ਭੱਟ ਮਥੁਰਾ ਜੀ।
ਭੱਟ ਬਲ੍ਯ ਜੀ।
ਭੱਟ ਹਰਿਬੰਸ ਜੀ।

**3 ਗੁਰਸਿੱਖ ।**

ਬਾਬਾ ਸੁੰਦਰ ਜੀ।
ਭਾਈ ਸੱਤਾ ਜੀ ।
ਭਾਈ ਬਲਵੰਡ ਜੀ।

ਕਈ ਸੱਜਣ ਬਿਹਾਗੜਾ ਰਾਗ ਦੀ ਵਾਰ ਵਿੱਚ 12 ਵੀਂ ਪਉੜੀ ਨਾਲ ਆਏ 3 ਸਲੋਕਾਂ ਨੂੰ ਭਾਈ ਮਰਦਾਨਾ ਜੀ ਦੀ ਰਚਨਾ ਦੱਸਦੇ ਹਨ ਜੋ ਕਿ ਵਾਜਬ ਗੱਲ ਨਹੀ ।

ਇਹ ਤਿੰਨੇ ਸਲੋਕ ਗੁਰੂ ਨਾਨਕ ਪਾਤਸ਼ਾਹ ਜੀ ਦੀ ਆਪਣੀ ਰਚਨਾ ਹੈ ਜਿਸ ਰਾਹੀਂ ਗੁਰੂ ਸਾਹਿਬ ਜੀ ਭਾਈ ਮਰਦਾਨਾ ਜੀ ਨੂੰ ਸੰਬੋਧਨ ਹੋ ਕੇ ਕਹਿ ਰਹੇ ਹਨ।

ਸਲੋਕ ਮਰਦਾਨਾ 1 ਲਲ

1-ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁਲਲ 553,

2-ਮਰਦਾਨਾ 1 ਲਲ

ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ ਲਲ 553,

3-ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸੁ ਕੀ ਧਾਰੁ ਲਲ

(ਬਿਨਾ ਸਿਰਲੇਖ ਤੋਂ ) 553,

ਹਾਲਾਂਕਿ ਹੱਥ-ਲਿਖਤ ਬੀੜਾਂ ਵਿੱਚ ਉਕਤ ਸਲੋਕਾਂ ਦੀ ਜਾਂਚ-ਪੜਤਾਲ ਕੀਤਿਆਂ ਕ੍ਰਮਵਾਰ ਸਲੋਕਾਂ ਦਾ ਸਿਰਲੇਖ 'ਸਲੋਕ ਮ: 1 ਮਰਦਾਨਾ ਅਤੇ ਮ: 1 ਮਰਦਾਨਾ' ਫਿਰ ਤੀਜੇ ਸਲੋਕ ਸਬੰਧੀ ਵੀ ਮ: 1 ਲਿਖਿਆ ਮਿਲਦਾ ਹੈ ।

ਤਿੰਨੇ ਸਲੋਕ ਗੁਰੂ ਨਾਨਕ ਸਾਹਿਬ ਜੀ ਦੇ ਹਨ ਅਤੇ ਭਾਈ ਮਰਦਾਨਾ ਜੀ ਪ੍ਰਤੀ ਉਚਾਰੇ ਹੋਣ ਕਾਰਣ ਸਿਰਲੇਖ ਵਿੱਚ 'ਮਰਦਾਨਾ' ਆਇਆ ਹੈ । ਠੀਕ ਏਵੇਂ ਜਿਸ ਤਰ੍ਹਾਂ ਸਾਰੰਗ ਰਾਗ ਦੀ ਭਗਤ ਬਾਣੀ ਵਿੱਚ ਇੱਕ ਸ਼ਬਦ ਦਾ ਸਿਰਲੇਖ 'ਸਾਰੰਗ ਮਹਲਾ 5 ਸੂਰਦਾਸ' (1253) ਸਪੱਸ਼ਟ ਕਰਦਾ ਹੈ ਕਿ, ਸਾਰੰਗ ਰਾਗ ਵਿੱਚ ਸ਼ਬਦ ਗੁਰੂ ਅਰਜਨ ਸਾਹਿਬ ਜੀ ਦਾ ਹੈ ਪਰ ਭਗਤ ਸੂਰਦਾਸ ਪ੍ਰਤੀ ਹੈ।

ਸੋ, ਬਿਹਾਗੜਾ ਰਾਗ ਦੀ ਵਾਰ ਵਿੱਚ ਆਏ ਤਿੰਨ ਸਲੋਕ ਭਾਈ ਮਰਦਾਨਾ ਜੀ ਦੇ ਨਹੀਂ, ਸਗੋਂ ਗੁਰੂ ਨਾਨਕ ਸਾਹਿਬ ਜੀ ਦੇ ਮੁਖਾਰਬਿੰਦ ਰਸਨਾ ਦੇ ਬੋਲ ਹਨ।

ਗੁਰਬਾਣੀ ਦੀ ਲਿਖਣ-ਸ਼ੈਲੀ ਤਰਤੀਬ ਮੁਤਾਬਿਕ ਸਲੋਕ ਦੀ ਅੰਤਲੀ ਪੰਗਤੀ ਵਿੱਚ 'ਨਾਨਕ' ਮੁਹਰ-ਛਾਪ ਵਰਤੀ ਗਈ ਹੈ।

**ਗੁਰਮੁਖਿ ਪਾਈਐ ਨਾਨਕਾ**
**ਖਾਧੈ ਜਾਹਿ ਬਿਕਾਰ ॥ (553)**

ਦੂਜੇ ਸਲੋਕ ਵਿੱਚ ਵੀ ਅੰਤਲੀ ਪੰਗਤੀ ਵਿੱਚ ਨਾਨਕ ਮੁਹਰ-ਛਾਪ ਵਰਤੀ ਗਈ ਹੈ।

**ਇਤੁ ਮਦਿ ਪੀਤੈ ਨਾਨਕਾ**
**ਬਹੁਤੇ ਖਟੀਅਹਿ ਬਿਕਾਰ॥ (553)**

**ਨਾਨਕ ਇਹੁ ਭੋਜਨੁ ਸਚੁ ਹੈ**
**ਸਚੁ ਨਾਮੁ ਆਧਾਰੁ ॥ (553)**

ਤੀਜੇ ਸਲੋਕ ਵਿੱਚ ਨਾ ਹੀ ਲਿਖਾਰੀ ਦੀ ਮੁਹਰ ਅਤੇ ਨਾ ਹੀ ਸਿਰਲੇਖ ਹੈ।

ਉਪਰੋਕਤ ਸਲੋਕਾਂ ਨੂੰ ਵਿਚਾਰੇ ਬਿਨਾ ਬਹੁਤਾਂਤ ਸੱਜਨ ਭਾਈ ਮਰਦਾਨਾ ਜੀ ਦੇ ਸਲੋਕ ਕਹਿ ਦਿੰਦੇ ਹਨ,ਜਦਕਿ ਇਹ ਗੁਰਮਤਿ-ਕਸੌਟੀ ਮੁਜਬ ਠੀਕ ਨਹੀਂ। ਗੁਰਬਾਣੀ ਦਾ ਗਹੁ ਨਾਲ ਪਾਠ ਕੀਤਿਆਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ, **ਨਾਨਕ** ਮੁਹਰ-ਛਾਪ ਹੇਠ ਓਹੀ ਬਾਣੀ ਹੋ ਸਕਦੀ ਹੈ ਜੋ ਗੁਰੂ ਨਾਨਕ ਸਾਹਿਬ ਜੀ ਦੀ ਆਪਣੀ ਕ੍ਰਿਤ ਹੈ ਜਾਂ ਨਾਨਕ ਰੂਪ ਪੰਜ ਹੋਰ ਗੁਰੂ ਸਾਹਿਬਾਨਾਂ ਦੀ। ਇਸ ਤੋਂ ਇਲਾਵਾ ਹੋਰ ਕਿਸੇ ਭਗਤ, ਭੱਟ ਜਾਂ ਕਿਸੇ ਵੀ ਸਤਿਗੁਰੂ ਦੇ ਅਤਿ-ਪਿਆਰੇ ਨਿਕਟ-ਵਰਤੀ ਸਿੱਖ ਨੂੰ ਆਪਣੀ ਬਾਣੀ ਵਿੱਚ **ਨਾਨਕ** ਛਾਪ ਵਰਤਣ ਦਾ ਅਧਿਕਾਰ ਨਹੀਂ ਹੈ।

ਡੇਢ ਦਰਜਨ ਦੇ ਕਰੀਬ ਬਹੁਗਿਣਤੀ ਵਿਦਵਾਨ ਸੱਜਣ ਵੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 36 ਨਹੀਂ ਬਲਕਿ 35 ਮਹਾਂਪੁਰਸ਼ਾਂ ਦੀ ਰਚਨਾ ਹੀ ਮੰਨਦੇ ਹਨ।

ਭਾਈ ਕਾਹਨ ਸਿੰਘ ਜੀ ਨਾਭਾ,
ਪ੍ਰੋ ਸਾਹਿਬ ਸਿੰਘ,
ਫਰੀਦਕੋਟੀ ਟੀਕਾ,
ਪ੍ਰੋ: ਤੇਜਾ ਸਿੰਘ ( ਸ਼ਬਦਾਰਥ ਪੋਥੀਆਂ),
ਗਿਆਨੀ ਹਰਬੰਸ ਸਿੰਘ,
ਜੋਗਿੰਦਰ ਸਿੰਘ ਤਲਵਾੜਾ,
ਜੋਗਿੰਦਰ ਸਿੰਘ ਵੇਦਾਂਤੀ ,
ਗਿਆਨੀ ਨਰੈਣ ਸਿੰਘ,

ਜੇਕਰ ਇਹ ਸਲੋਕ ਭਾਈ ਮਰਦਾਨਾ ਜੀ ਦੇ ਹਨ ਤਾਂ ਫਿਰ ਮਰਦਾਨਾ ਸ਼ਬਦ ਨਾਲ 1 ਲਿਖਣ ਦੀ ਲੋੜ ਕਿਉਂ ਪਈ ?

ਕੀ ਮਰਦਾਨਾ ਦੂਜਾ, ਤੀਜਾ, ਚੌਥਾ ਵੀ ਕੋਈ ਹੋਇਆ ਹੈ, ਜਿਹੜਾ ਗੁਰੂ ਸਾਹਿਬ ਜੀ ਨੂੰ ਸਪੱਸ਼ਟਤਾ ਲਈ ਵਿਸ਼ੇਸ਼ ਤੌਰ ਤੇ 1 ਲਿਖਣਾ ਪਿਆ ਤਾਂ ਜੋ ਇਥੋਂ ਪਤਾ ਲੱਗ ਸਕੇ ਕਿ ਮਰਦਾਨਾ ਕਿਹੜਾ ਹੈ ?

ਜਦੋਂ ਭਾਈ ਮਰਦਾਨਾ ਜੀ ਹੋਰ ਕੋਈ ਹੋਏ ਹੀ ਨਹੀਂ ਤਾਂ ਸਪੱਸ਼ਟ ਕਰਨ ਦੀ ਕੀ ਲੋੜ ਸੀ ? ਜੇਕਰ ਇਹ ਸਲੋਕ ਭਾਈ ਮਰਦਾਨਾ ਜੀ ਦੇ ਹਨ ਤਾਂ ਪੂਰੇ ਗੁਰੂ ਗ੍ਰੰਥ ਸਾਹਿਬ ਵਿੱਚ ਬਾਕੀ ਬਾਣੀਕਾਰਾਂ ਦੀ ਰਚਨਾ ਸਬੰਧੀ ਇਹੋ ਜਿਹੀ ਤਰਤੀਬ ਹੋਰ ਕਿਧਰੇ ਕਿਉਂ ਨਹੀਂ ਮਿਲਦੀ ? ਇਸ ਤੋਂ ਵੱਡੀ ਹੋਰ ਦਲੀਲ ਕੀ ਹੋ ਸਕਦੀ ਹੈ ਕਿ ਲਿਖਾਰੀ ਗੁਰੂ ਨਾਨਕ ਸਾਹਿਬ (ਕਰਤਾ ਕਵੀ) ਹੀ ਹਨ ਤੇ ਉਨ੍ਹਾਂ ਨੇ ਭਾਈ ਮਰਦਾਨਾ ਜੀ ਨੂੰ ਸੰਬੋਧਨੀ ਰੂਪ 'ਚ ਸਿਰਲੇਖ ਵਿਚ ਮਰਦਾਨਾ 1 ਲਿਖਿਆ ਹੈ।

ਸੋ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਤਰਤੀਬ ਤੇ ਵਿਦਵਾਨ ਸੱਜਣਾਂ ਦੀ ਰਾਇ ਮੁਤਾਬਿਕ 35 ਮਹਾਂਪੁਰਸ਼ਾਂ ਦੀ ਥਾਂ 36 ਕਹਿਣਾ, ਪ੍ਰਚਾਰਣਾ ਤੇ ਭਾਈ ਮਰਦਾਨਾ ਜੀ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਵਿੱਚ ਹੋਣ ਦਾ ਭ੍ਰਮ ਤੱਥਾਂ ਤੋਂ ਹੀਣਾ ਤੇ ਨਿਰਮੂਲ ਹੈ।

-0-

# ਲੁਧਿਆਣਾ ਵਿਖੇ ਪੰਥਕ ਅਸੈਂਬਲੀ ਦੌਰਾਨ ਪੰਥ ਦਰਦੀਆਂ ਦੀ ਇਕੱਤਰਤਾ

**ਰਿਪੋਰਟ ਕਰਤਾ: ਰਾਜਵਿੰਦਰ ਸਿੰਘ ਰਾਹੀ**

ਸਿੱਖ ਕੌਮ ਅਤੇ ਪੰਜਾਬ ਦੇ ਮੁੱਦਿਆਂ ਪ੍ਰਤੀ ਸੰਵੇਦਨਸ਼ੀਲ, ਚਿੰਤਨਸ਼ੀਲ ਅਤੇ ਫਿਕਰਵੰਦ ਬੁੱਧੀਜੀਵੀਆਂ ਵਲੋਂ ਤੀਜੀ ਪੰਥਕ ਇਕੱਤਰਤਾ ਦਾ ਆਯੋਜਨ 12 ਜੂਨ 2021 ਦਿਨ ਸ਼ਨਿਚਰਵਾਰ ਨੂੰ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ, ਲੁਧਿਆਣਾ ਵਿਖੇ ਕੀਤਾ ਗਿਆ। ਇਸ ਤੋਂ ਪਹਿਲਾਂ ਦੋ ਪੰਥਕ ਅਸੈਂਬਲੀਆਂ ਦਾ ਆਯੋਜਨ ਜਥੇ: ਸੁਖਦੇਵ ਸਿੰਘ ਭੌਰ, ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਅਤੇ ਐਡਵੋਕੇਟ ਜਸਵਿੰਦਰ ਸਿੰਘ ਦੇ ਉਦਮ ਸਦਕਾ ਸ੍ਰੀ ਅੰਮ੍ਰਿਤਸਰ ਅਤੇ ਲੁਧਿਆਣਾ ਵਿੱਚ ਹੋ ਚੁੱਕਾ ਹੈ। ਤੀਜੀ ਵਰਚੂਅਲ ਇਕੱਤਰਤਾ ਲਈ ਸ੍ਰੀ ਅੰਮ੍ਰਿਤਸਰ, ਜਲੰਧਰ ਅਤੇ ਚੰਡੀਗੜ੍ਹ ਵਿੱਚ ਤਿੰਨ ਕੇਂਦਰ ਬਣਾਏ ਗਏ ਸਨ, ਜਿਨ੍ਹਾਂ ਵਿਚ ਸਿੱਖ ਬੁੱਧੀਜੀਵੀ ਤੇ ਸਿੱਖ ਵਿਦਵਾਨ ਜੁੜੇ ਹੋਏ ਹਨ। ਅਸੈਂਬਲੀ ਦਾ ਮੁੱਖ ਕੇਂਦਰ ਲੁਧਿਆਣਾ ਵਿਚ ਸੀ। ਇਸ ਅਸੈਂਬਲੀ ਇਕੱਤਰਤਾ ਨਾਲ ਕੈਨੇਡਾ, ਅਮਰੀਕਾ, ਯੂ.ਕੇ., ਆਸਟਰੇਲੀਆ ਅਤੇ ਭਾਰਤ ਦੇ ਵੱਖ ਵੱਖ ਥਾਵਾਂ ਤੋਂ ਵੀ ਕਾਫੀ ਸੱਜਣ ਜੁੜੇ ਹੋਏ ਸਨ।



ਅਸੈਂਬਲੀ ਦੀ ਸ਼ੁਰੂਆਤ ਸਵੇਰੇ ਦਸ ਵਜੇ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਗੁਰਬਚਨ ਸਿੰਘ ਪੰਨਵਾਂ ਵਲੋਂ ਕੀਤੀ ਗਈ ਅਰਦਾਸ ਨਾਲ ਹੋਈ। ਉਪਰੰਤ ਸਪੀਕਰ ਦੀ ਕੁਰਸੀ 'ਤੇ ਜਥੇਦਾਰ ਸੁਖਦੇਵ ਸਿੰਘ ਭੌਰ ਬਿਰਾਜਮਾਨ ਹੋਏ। ਕਾਲਜ ਦੇ ਚੇਅਰਮੈਨ ਰਾਣਾ ਇੰਦਰਜੀਤ ਸਿੰਘ ਵਲੋਂ ਦੇਸ-ਬਦੇਸ 'ਚੋਂ ਜੁੜੇ ਹੋਏ ਸੱਜਣਾਂ ਨੂੰ 'ਜੀ ਆਇਆਂ' ਆਖਿਆ ਗਿਆ। ਗਿ: ਕੇਵਲ ਸਿੰਘ ਵਲੋਂ ਪਹਿਲਾਂ ਹੋਈਆਂ ਪੰਥਕ ਅਸੈਂਬਲੀਆਂ ਦਾ ਲੇਖਾ-ਜੋਖਾ ਪੇਸ਼ ਕੀਤਾ ਗਿਆ। ਚੰਡੀਗੜ੍ਹ ਕੇਂਦਰ ਤੋਂ ਸ: ਗੁਰਤੇਜ ਸਿੰਘ ਆਈ. ਏ. ਐੱਸ, ਖ਼ਾਲਸਾ ਪੰਚਾਇਤ ਦੇ ਸ. ਰਜਿੰਦਰ ਸਿੰਘ, ਜਲੰਧਰ ਤੋਂ ਪ੍ਰੋ. ਬਲਵਿੰਦਰਪਾਲ ਸਿੰਘ, ਸਿੱਖ ਚਿੰਤਕ ਰਾਜਵਿੰਦਰ ਸਿੰਘ ਰਾਹੀ, ਉੱਘੇ ਪੱਤਰਕਾਰ ਜਸਪਾਲ ਸਿੰਘ ਸਿੱਧੂ, ਕੈਨੇਡਾ ਤੋਂ ਡਾ. ਗੁਰਵਿੰਦਰ ਸਿੰਘ ਧਾਲੀਵਾਲ, ਸ੍ਰੀ ਨਗਰ ਤੋਂ ਜਗਮੋਹਨ ਸਿੰਘ ਰੈਨਾ, ਐਡਵੋਕੇਟ ਜਸਵਿੰਦਰ ਸਿੰਘ, ਐਡਵੋਕੇਟ ਹਰਪ੍ਰੀਤ ਸਿੰਘ, ਪੱਤਰਕਾਰ ਗੁਰਿੰਦਰ ਸਿੰਘ ਕੋਟਕਪੂਰਾ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਜਨਰਲ ਸਕੱਤਰ ਸ: ਖੁਸ਼ਹਾਲ ਸਿੰਘ, ਨਿਰਮਲਜੀਤ ਸਿੰਘ ਯੂ.ਕੇ, ਬਹਾਦਰ ਸਿੰਘ ਯੂ.ਕੇ, ਬੀਬੀ ਬਲਜੀਤ ਕੌਰ, ਬਰਜਿੰਦਰ ਸਿੰਘ ਭੋਪਾਲ, ਕਰਨਲ ਸੁਖਵਿੰਦਰ ਸਿੰਘ, ਨੌਜਵਾਨ ਗੌਰਵਦੀਪ ਸਿੰਘ, ਕਰਨੈਲ ਸਿੰਘ ਆਸਟਰੇਲੀਆ, ਕਰਮਵੀਰ ਸਿੰਘ ਗਾਂਧੀਨਗਰ, ਅਤੇ ਬਲਵਿੰਦਰ ਸਿੰਘ ਜੌੜਾਸਿੰਘਾ, ਵਲੋਂ ਪੰਥਕ ਮਸਲਿਆਂ 'ਤੇ ਵਿਸਥਾਰ ਪੂਰਨ ਆਪਣੇ ਵਿਚਾਰ ਰੱਖੇ ਗਏ। ਭਾਵੇਂ ਬੁਲਾਰਿਆਂ ਵਲੋਂ ਸਿੱਖ ਪੰਥ ਨੂੰ ਦਰਪੇਸ਼ ਵੱਖ ਵੱਖ ਮੁੱਦਿਆਂ ਅਤੇ ਮਸਲਿਆਂ ਨੂੰ ਛੋਹਿਆ ਗਿਆ ਸੀ ਪਰ ਫਿਰ ਵੀ ਵਿਚਾਰ ਚਰਚਾ ਮੁੱਖ ਤੌਰ 'ਤੇ ਪਵਿੱਤਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ਹੋਈਆਂ ਬੇਅਦਬੀਆਂ ਅਤੇ ਹਾਈਕੋਰਟ ਵਲੋਂ ਦੋਸ਼ੀਆਂ ਨੂੰ ਬਚਾਉਣ ਲਈ ਸਿੱਟ ਦੀ ਰੱਦ ਕੀਤੀ ਇਨਕੁਆਰੀ ਦੁਆਲੇ ਕੇਂਦਰਤ ਰਹੀ। ਨਾਲ ਹੀ ਬਾਦਲ ਪ੍ਰਵਾਰ ਵਲੋਂ ਜਿਸ ਤਰਾਂ ਸਿੱਖਾਂ ਦੀ ਸਿਰਮੌਰ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਉਪਰ ਕਬਜਾ ਕਰਕੇ ਆਪਣੇ ਰਾਜਸੀ ਹਿਤਾਂ ਦੀ ਪੂਰਤੀ ਲਈ, ਇਨ੍ਹਾਂ ਸੰਸਥਾਵਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ, ਬਾਰੇ ਵੀ ਦੀਰਘ ਵਿਚਾਰਾਂ ਕੀਤੀਆਂ ਗਈਆਂ। ਪੱਤਰਕਾਰ ਜਸਪਾਲ ਸਿੰਘ ਸਿੱਧੂ ਵੱਲੋਂ ਇਕ ਡਰਾਫਟ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਚੋਣ ਵਿਚ ਪੂਰੇ ਵਿਸ਼ਵ ਦੇ ਸਿੱਖ ਭਾਗ ਲੈ ਸਕਣ ਅਤੇ ਸ੍ਰੀ ਅਕਾਲ ਤਖਤ ਸਾਹਿਬ ਇਕ ਖੁਦ ਮੁਖਤਿਆਰ ਸੰਸਥਾ ਵਜੋਂ ਸਥਾਪਤ ਹੋ ਸਕੇ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੀ ਚੋਣ ਸਬੰਧੀ ਵੀ ਪ੍ਰੋਗਰਾਮ ਪੇਸ਼ ਕੀਤਾ, ਜਿਸ ਨਾਲ ਕਮੇਟੀ ਵਿਚ ਪੂਰੇ ਵਿਸ਼ਵ ਦੇ ਸਿੱਖਾਂ ਦੀ ਪ੍ਰਤੀਨਿੱਧਤਾ ਯਕੀਨੀ ਬਣ ਸਕੇ।

ਅਸੈਂਬਲੀ ਵਿੱਚ ਇੱਕ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਜੋ ਆਉਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਦੋਸ਼ੀਆਂ ਵਿਰੁੱਧ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੇ ਮੁੱਦੇ ਨੂੰ ਮੁੱਖ ਮੁੱਦੇ ਦੇ ਤੌਰ 'ਤੇ ਉਭਾਰਨ ਲਈ ਰਣਨੀਤੀ ਤਿਆਰ ਕਰ ਸਕੇ। ਇਸ ਕਮੇਟੀ ਵਿੱਚ ਸ: ਗੁਰਤੇਜ ਸਿੰਘ, ਜਸਪਾਲ ਸਿੰਘ ਸਿੱਧੂ, ਖੁਸ਼ਹਾਲ ਸਿੰਘ ਅਤੇ ਐਡਵੋਕੇਟ ਨਵਕਿਰਨ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ; ਬਾਕੀ ਮੈਂਬਰਾਂ ਨੂੰ ਨਾਮਜ਼ਦ ਕਰਨ ਦਾ ਅਧਿਕਾਰ ਵੀ ਉਹਨਾਂ ਨੂੰ ਦਿੱਤਾ ਗਿਆ। ਅਸੈਂਬਲੀ ਵਿੱਚ ਇਹ ਸ਼ਿੱਦਤ ਨਾਲ ਮਹਿਸੂਸ ਕੀਤਾ ਗਿਆ ਜਦ ਕਦੇ ਵੀ ਸਿੱਖ ਕੌਮ ਨੂੰ ਕੋਈ ਕਾਨੂੰਨੀ ਔਕੜ ਆਉਂਦੀ ਹੈ ਤਾਂ ਉਸ ਦੀ ਤੁਰੰਤ ਪੈਰਵਾਈ ਸ਼ੁਰੂ ਨਹੀਂ ਹੁੰਦੀ, ਇਸ ਕਰਕੇ ਵਕੀਲਾਂ ਦਾ ਪੱਕਾ ਪੈਨਲ ਹੋਣਾ ਚਾਹੀਦਾ ਹੈ, ਤਾਂ ਜੋ ਜਲਦੀ ਪੈਰਵਾਈ ਸ਼ੁਰੂ ਕਰ ਸਕੇ। ਇਸ ਮਕਸਦ ਲਈ ਐਡਵੋਕੇਟ ਸ. ਨਵਕਿਰਨ ਸਿੰਘ, ਸ. ਰਾਜਵਿੰਦਰ ਸਿੰਘ ਬੈਂਸ, ਸ. ਜਸਪਾਲ ਸਿੰਘ ਮੰਝਪੁਰ ਤੇ ਮੀਨਾ ਸਿੰਘ ਦਿੱਲੀ ਦਾ ਇੱਕ ਪੈਨਲ ਗਠਿਤ ਕੀਤਾ ਗਿਆ; ਪੰਜਵਾਂ ਮੈਂਬਰ ਇਹ ਵਕੀਲ ਸ਼ਾਮਲ ਕਰ ਸਕਦੇ ਹਨ। ਅਸੈਂਬਲੀ ਵਿੱਚ ਹਾਜ਼ਰ ਸਾਰੇ ਸੱਜਣਾਂ ਦਾ ਧੰਨਵਾਦ ਕਾਲਜ ਦੇ ਡਾਇਰੈਕਟਰ ਸ. ਪ੍ਰਭਸ਼ਰਨ ਸਿੰਘ ਜੀ ਵਲੋਂ ਕੀਤਾ ਗਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਅਸੈਂਬਲੀ ਦੇ ਪ੍ਰਬੰਧਾਂ ਨੂੰ ਨੇਪਰੇ ਚੜ੍ਹਾਉਣ ਲਈ ਕਾਲਜ ਦੇ ਆਈ.ਟੀ ਸੈੱਲ ਦੇ ਵਿਦਿਆਰਥੀਆਂ ਅਤੇ ਲੰਗਰ ਪਾਣੀ ਤਿਆਰ ਕਰਨ ਲਈ ਬੀਬੀਆਂ ਦਾ ਬਹੁਤ-ਬਹੁਤ ਧੰਨਵਾਦ ਕੀਤਾ। ਸਮਾਪਤੀ ਦੀ ਅਰਦਾਸ ਗਿ: ਕੇਵਲ ਸਿੰਘ ਵਲੋਂ ਕੀਤੀ ਗਈ। -0-




ਵਿਗਿਆਨੀਆਂ ਦਾ ਬਚਪਨ

# ਸੂਖਮ ਜੀਵ ਵਿਗਿਆਨ ਦਾ ਮੋਢੀ-ਲੂਈ ਪਾਸਚਰ

-ਪ੍ਰਿੰ. ਹਰੀ ਕ੍ਰਿਸ਼ਨ ਮਾਇਰ # 97806-67686



ਫਰਾਂਸ ਦਾ ਰਸਾਇਣ ਅਤੇ ਸੂਖਮ ਜੀਵ ਵਿਗਿਆਨੀ ਲੂਈ ਪਾਸਚਰ, ਕਿਸੇ ਰਸਮੀ ਜਾਣ-ਪਹਿਚਾਣ ਦਾ ਮੁਹਤਾਜ ਨਹੀਂ। ਵਿਗਿਆਨਕ ਤਕਨੀਕ ਅਤੇ ਦਵਾਈਆਂ ਦੇ ਖੇਤਰ 'ਚ ਉਸ ਦੀਆਂ ਲੱਭਤਾਂ ਬੇਮਿਸਾਲ ਹਨ। ਉਸ ਨੇ ਹੀ ਸਭ ਤੋਂ ਪਹਿਲਾਂ ਲੱਭਿਆ ਸੀ ਕਿ ਜੀਵਾਣੂ (germs) ਹੀ ਖਮੀਰਨ (fermentation) ਦਾ ਕਾਰਨ ਬਣਦੇ ਹਨ ਅਤੇ ਰੋਗ ਉਤਪੰਨ ਕਰਦੇ ਹਨ। ਜੀਵਾਣੂਆਂ ਦੇ ਅਧਿਐਨ ਕਾਰਨ ਹੀ ਪਾਸਚਰੀਕਰਨ (pasteurization process) ਹੋਂਦ ਵਿਚ ਆਇਆ ਸੀ। ਤਾਂ ਹੀ ਅਸੀਂ ਦੁੱਧ ਨੂੰ ਉਬਾਲਾ ਦੇ ਕੇ ਨਿਸ਼ਚਿੰਤ ਹੋ ਜਾਂਦੇ ਹਾਂ ਕਿ ਹੁਣ ਇਹ ਪੂਰਾ ਦਿਨ ਫਟੇਗਾ ਨਹੀਂ। ਇਹ ਵੀ ਪਾਸਚਰੀਕਰਨ ਹੀ ਹੈ। ਇਸ ਖੋਜ ਨੇ ਜੌਆਂ ਦੀ ਸ਼ਰਾਬ, ਫਲਾਂ ਤੋਂ ਤਿਆਰ ਸ਼ਰਾਬ ਅਤੇ ਫਰਾਂਸ ਵਿਚਲੇ ਰੇਸ਼ਮ ਦੇ ਕਾਰੋਬਾਰ ਨੂੰ ਸੁਰੱਖਿਅਤ ਕਰ ਦਿੱਤਾ ਸੀ। ਉਸ ਨੇ ਪਸ਼ੂਆਂ ਦੀ ਗੰਭੀਰ ਬਿਮਾਰੀ (anthrax) ਅਤੇ ਹਲਕੇ ਕੁੱਤੇ ਦੇ ਹਲਕ (rabbis) ਦੀ ਵੈਕਸੀਨ ਤਿਆਰ ਕੀਤੀ ਸੀ।

ਲੂਈਸ ਪਾਸਚਰ ਦਾ ਜਨਮ ਪੂਰਬੀ ਫਰਾਂਸ ਦੇ ਕਸਬੇ ਡੋਲ (Dole) ਵਿਚ, 27 ਦਸੰਬਰ, 1822 ਨੂੰ ਇਕ ਬਹੁਤ ਹੀ ਗਰੀਬ ਘਰ ਵਿਚ ਹੋਇਆ। ਉਸ ਦਾ ਪਿਤਾ ਜੀਨੇ ਜੋਜ਼ਫ ਪਾਸਚਰ, ਚਮੜਾ ਰੰਗਣ ਅਤੇ ਜੁੱਤੀਆਂ ਤਿਆਰ ਕਰਨ ਦਾ ਕੰਮ ਕਰਦਾ ਸੀ। ਕਦੀ ਉਹ ਨੈਪੋਲੀਅਨ ਦੀਆਂ ਲੜਾਈਆਂ ਵੇਲੇ ਲਸ਼ਕਰ ਵਿਚ ਸਾਰਜੈਂਟ ਮੇਜਰ ਹੁੰਦਾ ਸੀ। ਲੂਈ ਦੀ ਇਕ ਵੱਡੀ ਅਤੇ ਦੋ ਛੋਟੀਆਂ ਭੈਣਾਂ ਸਨ। ਬਚਪਨ ਤੋਂ ਹੀ ਲੂਈ ਦੇ ਮਨ ਵਿਚ ਦੇਸ਼ ਭਗਤੀ ਦੀ ਭਾਵਨਾ ਕੁੱਟ-ਕੁੱਟ ਕੇ ਭਰੀ ਹੋਈ ਸੀ। ਵੱਡੇ ਹੋਣ 'ਤੇ ਇਹੀ ਭਾਵਨਾ, ਉਸ ਦੇ ਚਰਿੱਤਰ ਦਾ ਇਕ ਹਿੱਸਾ ਬਣ ਗਈ ਸੀ। ਸ਼ੁਰੂ ਦੀ ਪੜ੍ਹਾਈ ਵੇਲੇ ਉਹ ਇਕ ਔਸਤ ਵਿਦਿਆਰਥੀ ਹੀ ਸੀ। ਉਹ ਡਰਾਇੰਗ ਬਣਾਉਣ ਅਤੇ ਗਾਉਣ ਵਿਚ ਰੁੱਚੀ ਰੱਖਦਾ ਸੀ। ਕਾਗ਼ਜ਼ਾਂ 'ਤੇ ਆਪਣੇ ਮਾਤਾ-ਪਿਤਾ, ਦੋਸਤਾਂ ਅਤੇ ਭੈਣਾਂ-ਭਾਈਆਂ ਦੇ ਚਿਹਰਿਆਂ ਦੇ ਚਿੱਤਰ ਬਣਾਉਂਦਾ ਰਹਿੰਦਾ ਸੀ। ਉਸ ਦੇ ਬਣਾਏ ਕੁਝ ਚਿੱਤਰ ਪੈਰਿਸ ਵਿਖੇ, ਪਾਸਚਰ ਇੰਸਟੀਚਿਊਟ ਦੇ ਅਜਾਇਬ ਘਰ ਵਿਚ ਰੱਖੇ ਹੋਏ ਹਨ। ਉਦੋਂ ਉਹ ਚਾਰ ਸਾਲ ਦਾ ਸੀ ਜਦੋਂ, ਉਨ੍ਹਾਂ ਦਾ ਪਰਿਵਾਰ ਡੋਲ ਤੋਂ ਆਰਬੋਇਸ ਆ ਗਿਆ ਸੀ। ਉਦੋਂ ਉਹ ਅੱਠ ਸਾਲਾਂ ਦਾ ਸੀ ਜਦੋਂ ਉਹ ਆਰਬੋਇਸ (Arbios) ਦੇ ਇਕੋਲ ਨੌਰਮੇਲ ਪ੍ਰਾਇਮਰੀ ਸਕੂਲ ਵਿਚ ਦਾਖਲ ਹੋਇਆ ਸੀ। ਉਸ ਦੇ ਸਕੂਲ ਵਿਚ ਕੇਵਲ ਇਕੋ ਕਮਰਾ ਸੀ। ਉਹ ਸਕੂਲ ਲੱਗਣ ਤੋਂ ਪਹਿਲਾਂ ਆਪਣੇ ਪਿਤਾ ਤੋਂ ਥੋੜ੍ਹਾ ਬਹੁਤ ਪੜ੍ਹਨਾ ਸਿੱਖ ਗਿਆ ਸੀ। ਉਥੋਂ ਹੀ ਉਸ ਨੇ ਮੁਢਲੀ ਸਿੱਖਿਆ ਪ੍ਰਾਪਤ ਕੀਤੀ। ਫਿਰ ਉਹ ਬੀਸਨਕੋਨ ਸੈਕੰਡਰੀ ਸਕੂਲ ਵਿਚ ਦਾਖ਼ਲ ਹੋ ਗਿਆ। ਇੱਥੇ ਪੜ੍ਹਦਿਆਂ ਲੂਈ ਨੇ ਆਪਣੇ ਪਿਤਾ ਦੇ ਇਕ ਕਰੀਬੀ ਦੋਸਤ ਕੋਲੋਂ ਟਿਊਸ਼ਨ ਤੇ ਪੜ੍ਹਾਈ ਵੀ ਕੀਤੀ ਸੀ। ਇਥੋਂ ਦਸਵੀਂ ਪਾਸ ਕਰਕੇ ਉਸ ਨੇ ਰਾਇਲ ਕਾਲਜ ਆਫ ਬੀਸਨਕੋਨ ਤੋਂ ਸੰਨ 1840 ਵਿਚ ਬੀ.ਏ. ਅਤੇ ਸੰਨ 1842 ਵਿਚ ਬੀ. ਐਸ.ਸੀ. ਦੀ ਡਿਗਰੀ ਪ੍ਰਾਪਤ ਕੀਤੀ।

ਚੰਗੀ ਤਕਦੀਰ ਨਾਲ ਇਕ ਰਸਾਇਣ ਵਿਗਿਆਨ ਦਾ ਅਧਿਆਪਕ ਐਂਟੋਨੀ ਜੀਰੋਮ ਬਲਾਰਡ ਪਾਸਚਰ ਨੂੰ ਮਿਹਨਤੀ ਹੋਣ ਕਾਰਨ ਬੜਾ ਚਾਹੁੰਦਾ ਸੀ। ਉਸ ਨੇ ਲੂਈ ਪਾਸਚਰ ਨੂੰ ਸਹਾਇਕ ਦੇ ਤੌਰ 'ਤੇ ਰੱਖ ਲਿਆ। ਉਹ ਅਧਿਆਪਕ ਇਕ ਵੱਡਾ ਵਿਗਿਆਨੀ ਸੀ। 'ਬ੍ਰੋਮਾਈਡ ਤੱਤ' ਖੋਜਣ ਕਰਕੇ ਉਸ ਦੀ ਮਸ਼ਹੂਰੀ ਵਿਸ਼ਵ ਪੱਧਰ 'ਤੇ ਸੀ। ਪਾਸਚਰ ਲਈ ਖੋਜ ਕਰਨ ਅਤੇ ਅੱਗੇ ਡਾਕਟਰੇਟ ਕਰਨ ਦਾ ਇਹ ਸੁਨਹਿਰੀ ਮੌਕਾ ਸੀ। ਇਸੇ ਮੌਕੇ ਦਾ ਫ਼ਾਇਦਾ ਉਠਾ ਕੇ ਉਸ ਨੇ ਬਾਅਦ ਵਿਚ ਪੀ. ਐਚ.ਡੀ. ਦੀ ਡਿਗਰੀ ਹਾਸਲ ਕੀਤੀ ਅਤੇ ਯੂਨੀਵਰਸਿਟੀ ਆਫ ਸਟਰਾਸਬਰਗ ਵਿਚ ਕੈਮਿਸਟਰੀ ਦਾ ਪ੍ਰੋਫੈਸਰ ਬਣ ਗਿਆ ਸੀ। ਲੂਈ ਪਾਸਚਰ 28 ਸਤੰਬਰ, 1895 ਨੂੰ 72 ਸਾਲ ਦੀ ਉਮਰ ਵਿਚ ਪੈਰਿਸ ਵਿਚ ਸਾਥੋਂ ਸਦਾ ਲਈ ਵਿਛੜ ਗਿਆ।

# ਆਓ ਬੁੱਧ ਗ੍ਰਹਿ ਬਾਰੇ ਜਾਣੀਏ

-ਸ਼ਮਸ਼ੇਰ ਸਿੰਘ ਸੋਹੀ
sohishera786@gmail.com



ਪਿਆਰੇ ਬੱਚਿਓ, ਬੁੱਧ ਗ੍ਰਹਿ ਸਾਡੇ ਸੌਰ ਮੰਡਲ ਦਾ ਸਭ ਤੋਂ ਛੋਟਾ ਅਤੇ ਸੂਰਜ ਦੇ ਸਭ ਤੋਂ ਨੇੜੇ ਦਾ ਗ੍ਰਹਿ ਹੈ। ਇਸ ਗ੍ਰਹਿ ਦਾ ਅੰਗਰੇਜ਼ੀ ਨਾਂਅ 'ਮਰਕਰੀ' ਹੈ, ਜੋ ਕਿ ਰੋਮਨ ਡੇਟੀ ਮਰਕਰੀ ਦੇ ਨਾਂਅ 'ਤੇ ਰੱਖਿਆ ਗਿਆ ਹੈ। ਜਿਸ ਦਾ ਅਰਥ ਹੈ ਰੱਬ ਦਾ ਦੂਤ। ਬੁੱਧ ਗ੍ਰਹਿ ਦੀ ਸੂਰਜ ਤੋਂ ਦੂਰੀ ਕਰੀਬ 58 ਲੱਖ ਕਿਲੋਮੀਟਰ ਹੈ। ਇਸ ਗ੍ਰਹਿ 'ਤੇ ਇਕ ਦਿਨ ਧਰਤੀ ਦੇ 59 ਦਿਨਾਂ ਦੇ ਬਰਾਬਰ ਹੁੰਦਾ ਹੈ। ਇਸ ਦਾ ਕਾਰਨ ਬੁੱਧ ਗ੍ਰਹਿ ਦਾ ਆਪਣੀ ਧੁਰੀ 'ਤੇ ਬਹੁਤ ਹੌਲੀ ਘੁੰਮਣਾ ਹੈ। ਇਸ ਗ੍ਰਹਿ ਦਾ ਕੋਈ ਉਪਗ੍ਰਹਿ ਨਹੀਂ ਹੈ। ਸੂਰਜ ਦੁਆਲੇ ਇਹ ਇਕ ਚੱਕਰ 88 ਦਿਨਾਂ ਵਿਚ ਪੂਰਾ ਕਰਦਾ ਹੈ। ਜੇਕਰ ਅਸੀਂ ਬੁੱਧ ਗ੍ਰਹਿ ਤੋਂ ਸੂਰਜ ਨੂੰ ਦੇਖਦੇ ਹਾਂ ਤਾਂ ਇਹ ਧਰਤੀ ਨਾਲੋਂ ਤਿੰਨ ਗੁਣਾ ਵੱਡਾ ਦਿਸੇਗਾ। ਸੂਰਜ ਦੇ ਬਹੁਤ ਨਜ਼ਦੀਕ ਹੋਣ ਕਾਰਨ ਇਸ 'ਤੇ ਵਾਯੂਮੰਡਲ ਨਾਮਾਤਰ ਹੈ। ਇਸ ਗ੍ਰਹਿ 'ਤੇ ਮਨੁੱਖ ਦਾ ਰਹਿਣਾ ਕਦੇ ਸੰਭਵ ਨਹੀਂ ਹੋ ਸਕਦਾ। ਰਾਤ ਵੇਲੇ ਇਸ ਗ੍ਰਹਿ 'ਤੇ ਤਾਪਮਾਨ ਮਨਫ਼ੀ 180 ਡਿਗਰੀ ਤੇ ਦਿਨ ਵੇਲੇ 430 ਡਿਗਰੀ ਤੱਕ ਪਹੁੰਚ ਜਾਂਦਾ ਹੈ। ਜਿਸ ਕਾਰਨ ਇਸ ਗ੍ਰਹਿ 'ਤੇ ਕਿਸੇ ਵੀ ਪੁਲਾੜੀ ਜ਼ਹਾਜ ਨੂੰ ਭੇਜਣਾ ਵਿਗਿਆਨੀਆਂ ਲਈ ਇਕ ਵੱਡੀ ਚੁਣੌਤੀ ਰਿਹਾ ਹੈ। ਬੁੱਧ ਗ੍ਰਹਿ ਤੇ ਲਗਾਤਾਰ ਸੌਰ ਵਿਕਿਰਣ ਅਤੇ ਸੌਰ ਪਵਨ ਦੀ ਵਰਖਾ ਹੁੰਦੀ ਰਹਿੰਦੀ ਹੈ। ਇਸ ਦਾ ਭਾਰ ਧਰਤੀ ਦੀ ਤੁਲਨਾ 'ਚ ਮਾਤਰ 5.5 ਫ਼ੀਸਦੀ ਹੈ। ਸੂਰਜ ਛੁਪਣ ਤੋਂ ਬਾਅਦ ਅਤੇ ਚੜ੍ਹਨ ਤੋਂ ਪਹਿਲਾਂ ਅਸੀਂ ਇਸ ਨੂੰ ਆਕਾਸ਼ ਵਿਚ ਚਮਕਦੇ ਤਾਰੇ ਦੀ ਤਰ੍ਹਾਂ ਦੇਖ ਸਕਦੇ ਹਾਂ। ਹੁਣ ਤੱਕ ਅਮਰੀਕੀ ਪੁਲਾੜ ਏਜੰਸੀ ਨਾਸਾ ਦੁਆਰਾ ਦੋ ਰੋਬੋਟਿਕ ਮਿਸ਼ਨ ਬੁੱਧ ਗ੍ਰਹਿ ਲਈ ਭੇਜੇ ਜਾ ਚੁੱਕੇ ਹਨ। ਪਹਿਲਾ ਮਿਸ਼ਨ ਮੈਰੀਨਰ-10 ਸੰਨ 1973 ਵਿਚ ਭੇਜਿਆ ਗਿਆ ਸੀ। ਇਸ ਤੋਂ ਬਾਅਦ ਮੈਸੇਂਜਰ ਜਹਾਜ਼ ਨੇ ਇਸ ਦੇ ਧੁਰੇ ਦਾ ਚੱਕਰ ਲਗਾਇਆ ਸੀ ਤੇ ਸਾਨੂੰ ਇਸ ਗ੍ਰਹਿ ਬਾਰੇ ਬਹੁਤ ਮਹੱਤਵਪੂਰਨ ਜਾਣਕਾਰੀ ਦਿੱਤੀ ਸੀ। ਕਿਉਂਕਿ ਬੁੱਧ

# ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਜੋੜਨ ਦੀ ਲੋੜ

**-ਹਰਕੀਰਤ ਕੌਰ 97791-18066**



ਅਸੀਂ ਬਹੁਤ ਭਾਗਾਂ ਵਾਲੇ ਹਾਂ ਕਿ ਸਾਡੇ ਕੋਲ ਸਿੱਖ ਇਤਿਹਾਸ ਵਰਗਾ ਮਹਾਨ ਇਤਿਹਾਸ ਅਤੇ ਗੁਰੂ ਗ੍ਰੰਥ ਸਾਹਿਬ ਜੀ ਵਰਗੇ ਗੁਰੂ ਹਨ। ਜਿਨ੍ਹਾਂ ਤੋਂ ਸੇਧ ਲੈ ਕੇ ਅਸੀਂ ਇਕ ਬਹੁਤ ਹੀ ਸ਼ਾਂਤੀ ਭਰਪੂਰ ਜੀਵਨ ਬਿਤਾ ਸਕਦੇ ਹਾਂ। ਪਰ ਸਮੇਂ ਦੀ ਖੇਡ ਵੇਖੋ, ਜਿਨ੍ਹਾਂ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੋੜਨਾ ਸੀ, ਜਿਸ ਬਚਪਨ ਨੂੰ ਗੁਰਬਾਣੀ ਨਾਲ ਜੋੜਨਾ ਸੀ, ਉਸ ਨੂੰ ਅੱਜ ਮਾਪੇ ਭਾਂਤ-ਭਾਂਤ ਦੇ ਬੇਲੋੜੇ ਅਰਥਾਂ ਵਾਲੇ ਗੀਤਾਂ ਨਾਲ ਜੋੜ ਰਹੇ ਹਨ। ਟਿਕਟਾਕ, ਇੰਸਟਾਗ੍ਰਾਮ ਉੱਪਰ ਛੋਟੇ ਬੱਚਿਆਂ ਨੂੰ ਜਦੋਂ ਨੱਚਦੇ ਤੇ ਹਰ ਗਾਣੇ ਦੇ ਬੋਲ ਮੂੰਹ ਜ਼ਬਾਨੀ ਯਾਦ ਦੇਖਦੀ ਹਾਂ ਤਾਂ ਸੋਚਦੀ ਹਾਂ ਕਿ ਕਿੰਨਾ ਚੰਗਾ ਹੁੰਦਾ ਜੇ ਜਪੁਜੀ ਸਾਹਿਬ ਦੀ ਗੁਰਬਾਣੀ ਵੀ ਐਦਾਂ ਹੀ ਯਾਦ ਹੁੰਦੀ। ਬਹੁਤ ਘੱਟ ਪਰਿਵਾਰ ਨੇ ਜਿਨ੍ਹਾਂ ਵਿਚ ਬੱਚਿਆਂ ਨੂੰ ਸਿੱਖ ਇਤਿਹਾਸ ਤੇ ਗੁਰਬਾਣੀ ਦੀ ਸਿੱਖਿਆ ਦਿੱਤੀ ਜਾਂਦੀ ਹੈ। ਆਪਣੀ ਜੜ੍ਹ ਨਾਲੋਂ ਜੁਦਾ ਹੋਏ ਫਲ, ਫੁੱਲ, ਪੱਤੇ ਹਮੇਸ਼ਾ ਹਰੇ ਨਹੀਂ ਰਹਿੰਦੇ, ਉਨ੍ਹਾਂ ਦੇ ਜੜ੍ਹ ਤੋਂ ਅਲੱਗ ਹੋਣ ਦੀ ਦੇਰ ਨਹੀਂ ਕਿ ਉਹ ਮੁਰਝਾ ਜਾਂਦੇ ਨੇ। ਬਿਲਕੁਲ ਇਸੇ ਤਰ੍ਹਾਂ ਸਾਡਾ ਮੂਲ ਸਾਡਾ ਇਤਿਹਾਸ ਹੈ ਗੁਰਬਾਣੀ ਹੈ, ਜੇਕਰ ਅਸੀਂ ਮੂਲ ਨਾਲੋਂ ਟੁੱਟ ਗਏ ਤਾਂ ਸਾਡਾ ਬਿਖਰਨਾ ਸੁਭਾਵਿਕ ਹੈ। ਅਸੀਂ ਬਹੁਤ ਹੀ ਵਡਮੁੱਲੇ ਇਤਹਾਸ ਦੇ ਵਾਰਿਸ ਹਾਂ, ਇਸ ਇਤਿਹਾਸ ਦੀ ਸ਼ਾਨ ਨੂੰ ਬਣਾਈ ਰੱਖਣਾ ਸਾਡਾ ਫ਼ਰਜ਼ ਹੈ, ਜ਼ਿੰਮੇਵਾਰੀ ਹੈ। ਜੇ ਬੱਚਿਆਂ ਨੂੰ ਬਚਪਨ ਤੋਂ ਹੀ ਨਚਾਰ ਬਣਾਉਣਾ ਸ਼ੁਰੂ ਕਰ ਦਿੱਤਾ ਤਾਂ ਭਵਿੱਖ ਵਿਚ ਇਸ ਦੇ ਨਤੀਜੇ ਕੁਝ ਜ਼ਿਆਦਾ ਸਾਰਥਿਕ ਨਹੀਂ ਹੋਣਗੇ, ਫੋਕੀ ਸ਼ੁਹਰਤ, ਨਾਂਅ, ਪੈਸਾ ਸਭ ਮਿਲ ਸਕਦਾ ਹੈ ਪਰ ਆਪਣੇ ਸਮਾਜ ਨੂੰ ਸਹੀ ਸੇਧ ਦੇਣ ਵਾਲੇ ਜ਼ਿੰਮੇਵਾਰ ਨਾਗਰਿਕ ਨਹੀਂ। ਇਸ ਲਈ ਸਕੂਲਾਂ, ਕਾਲਜਾਂ ਵਿਚ ਵੀ ਬਹੁਤ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਸਕਦੇ ਹਨ। ਸਮੇਂ-ਸਮੇਂ 'ਤੇ ਧਾਰਮਿਕ ਮੁਕਾਬਲੇ ਕਰਾ ਕੇ ਗੁਰਬਾਣੀ ਕੰਠ ਵਰਗੀਆਂ ਬਹੁਤ ਸਾਰੀਆਂ ਨਵੀਆਂ ਲਹਿਰਾਂ ਚਲਾ ਕੇ ਬੱਚਿਆਂ ਨੂੰ ਸਿੱਖ ਧਰਮ ਵੱਲ ਮੋੜਿਆ ਜਾ ਸਕਦਾ ਹੈ। ਮਾਪੇ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਇਸ ਗੱਲ ਨੂੰ ਗੰਭੀਰਤਾ ਨਾਲ ਸੋਚਣ। ਚੰਦ ਲਾਈਕਸ ਦੇ ਕਰਕੇ ਆਪਣੇ ਬੱਚਿਆਂ ਦੀ ਸ਼ਖ਼ਸੀਅਤ ਨਾ ਬਦਲੋ, ਉਨ੍ਹਾਂ ਨੂੰ ਜ਼ਿੰਦਗੀ ਦੇ ਅਸਲ ਅਰਥ ਦੱਸਣ ਲਈ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਮਾਣਮੱਤੇ ਇਤਿਹਾਸ ਤੋਂ ਜਾਣੂ ਕਰਵਾਇਆ ਜਾਵੇ ਅਤੇ ਗੁਰਬਾਣੀ ਨਾਲ ਜੋੜਿਆ ਜਾਵੇ। -0-

# ਮੈਡੀਕਲ ਆਕਸੀਜਨ

**-ਗਗਨਦੀਪ ਕੌਰ ਮੁਕਤਸਰ**

ਪਿਆਰੇ ਬੱਚਿਓ, ਤੁਸੀਂ ਜਾਣਦੇ ਹੋਵੋਗੇ ਕਿ ਆਕਸੀਜਨ ਧਰਤੀ 'ਤੇ ਮਿਲਣ ਵਾਲੇ ਸਾਰੇ ਤੱਤਾਂ ਵਿਚੋਂ ਜੀਵਨ ਲਈ ਸਭ ਤੋਂ ਵਧੇਰੇ ਜ਼ਰੂਰੀ ਤੱਤ ਹੈ। ਮੈਡੀਕਲ ਆਕਸੀਜਨ ਦੀ ਕਿੱਲਤ ਹੋ ਗਈ ਹੈ। ਮੈਡੀਕਲ ਆਕਸੀਜਨ ਤੋਂ ਭਾਵ ਉਸ ਆਕਸੀਜਨ ਤੋਂ ਹੈ ਜੋ ਉੱਚ ਪੱਧਰ 'ਤੇ ਸ਼ੁੱਧ ਕੀਤੀ ਗਈ ਹੋਵੇ ਅਤੇ ਮਨੁੱਖੀ ਸਰੀਰ ਦੀ ਜ਼ਰੂਰਤ ਲਈ ਤਿਆਰ ਕੀਤੀ ਗਈ ਹੋਵੇ। ਇਸ ਦੀ ਵਰਤੋਂ ਮਨੁੱਖੀ ਸਰੀਰ ਵਿਚ ਆਕਸੀਜਨ ਸਿਲੰਡਰਾਂ ਰਾਹੀਂ ਕੀਤੀ ਜਾਂਦੀ ਹੈ।

ਕੁਦਰਤੀ ਤੌਰ 'ਤੇ ਹਵਾ ਵਿਚ ਆਕਸੀਜਨ ਸਾਰੇ ਕਿਸਮ ਦੇ ਪੌਦਿਆਂ ਦੁਆਰਾ ਪ੍ਰਕਾਸ਼ ਸੰਲੇਸ਼ਨ ਪ੍ਰਕਿਰਿਆ ਰਾਹੀਂ ਪੈਦਾ ਕਰਕੇ ਪਹੁੰਚਾਈ ਜਾਂਦੀ ਹੈ। ਇਸੇ ਤਰ੍ਹਾਂ ਮੈਡੀਕਲ ਆਕਸੀਜਨ ਨੂੰ ਹਵਾ ਵਿਚੋਂ ਨਿਖੇੜ ਕੇ ਫੈਕਟਰੀ ਵਿਚ ਤਿਆਰ ਕੀਤਾ ਜਾਂਦਾ ਹੈ। ਇਹ ਕਾਰਵਾਈ ਏਅਰ ਸੈਪੇਰੇਸ਼ਨ ਯੂਨਿਟ ਨਾਂਅ ਦੇ ਪਲਾਂਟ ਵਿਚ ਨੇਪਰੇ ਚੜ੍ਹਦੀ ਹੈ। ਇਸ ਪਲਾਂਟ ਵਿਚ ਹਵਾ ਦਾ ਅੰਸ਼ਿਕ ਕਸੀਦਣ ਕੀਤਾ ਜਾਂਦਾ ਹੈ। ਅੰਸ਼ਿਕ ਕਸੀਦਣ ਦੇ ਪਹਿਲੇ ਪੜਾਅ 'ਤੇ ਹਵਾ ਵਿਚੋਂ ਸਾਰੀਆਂ ਅਸ਼ੁੱਧੀਆਂ ਜਿਵੇਂ ਕਾਰਬਨ ਡਾਈਆਕਸਾਈਡ, ਪਾਣੀ, ਧੂਲ ਮਿੱਟੀ ਦੇ ਕਣ ਅਤੇ ਦੂਜੀਆਂ ਗੈਸਾਂ ਨੂੰ ਫਿਲਟਰ ਕਰਕੇ ਵੱਖ ਕੀਤਾ ਜਾਂਦਾ ਹੈ। ਅਗਲੇ ਪੜਾਅ 'ਤੇ ਸਾਫ਼ ਹਵਾ ਨੂੰ ਠੰਢਾ ਕਰਕੇ ਦ੍ਰਵਿਤ ਅਵਸਥਾ ਵਿਚ ਲਿਆਂਦਾ ਜਾਂਦਾ ਹੈ। ਆਕਸੀਜਨ ਗੈਸ 183 ਡਿਗਰੀ ਸੈਲਸੀਅਸ ਤਾਪਮਾਨ 'ਤੇ ਦ੍ਰਵਿਤ ਹੋ ਜਾਂਦੀ ਹੈ ਪਰ ਹਵਾ ਵਿਚ ਮੌਜੂਦ ਆਰਗਨ ਗੈਸ ਜਿਸ ਦਾ ਦ੍ਰਵ ਮਾਨ -186 ਡਿਗਰੀ ਸੈਲਸੀਅਸ ਹੁੰਦਾ ਹੈ, ਵੀ ਕੁਝ ਮਾਤਰਾ ਵਿਚ ਇਸ ਦੇ ਨਾਲ ਹੀ ਦ੍ਰਵਿਤ ਹੋ ਜਾਂਦੀ ਹੈ। ਤੀਜੇ ਪੜਾਅ 'ਤੇ ਇਸ ਮਿਸ਼ਰਣ ਨੂੰ ਘੱਟ ਦਬਾਉਣ ਵਾਲੇ ਡਿਸਟੀਲੇਸ਼ਨ ਕਾਲਮ ਵਿਚ ਫਿਲਟਰ ਕਰਕੇ ਆਕਸੀਜਨ ਨੂੰ ਨਿਖੇੜ ਲਿਆ ਜਾਂਦਾ ਹੈ। ਇਸ ਦ੍ਰਵਿਤ ਆਕਸੀਜਨ ਨੂੰ ਕ੍ਰਾਇਓਜੈਨਿਕ ਕੰਟੇਨਰਾਂ ਵਿਚ ਭਰ ਕੇ ਰੱਖਿਆ ਜਾਂਦਾ ਹੈ ਅਤੇ ਲੋੜ ਮੁਤਾਬਿਕ ਜ਼ਰੂਰਤ ਦੀਆਂ ਥਾਵਾਂ 'ਤੇ ਭੇਜਿਆ ਜਾਂਦਾ ਹੈ। ਕ੍ਰਾਇਓਜੈਨਿਕ ਕੰਟੇਨਰਾਂ ਤੋਂ ਭਾਵ ਉਨ੍ਹਾਂ ਵੱਡੇ ਤਾਪਰੋਧੀ ਸਿਲੰਡਰਾਂ ਤੋਂ ਹੈ ਜਿਨ੍ਹਾਂ ਵਿਚ ਗੈਸਾਂ ਨੂੰ ਵੱਡੀ ਮਾਤਰਾ ਵਿਚ ਬਹੁਤ ਘੱਟ ਤਾਪਮਾਨ 'ਤੇ ਤਰਲ ਅਵਸਥਾ ਵਿਚ ਭਰਿਆ ਜਾਂਦਾ ਹੈ। ਕੋਰੋਨਾ ਮਹਾਂਮਾਰੀ ਕਾਰਨ ਮੈਡੀਕਲ ਆਕਸੀਜਨ ਦੀ ਵਧੀ ਹੋਈ ਮੰਗ ਦੀ ਪੂਰਤੀ ਲਈ ਭਾਰਤੀ ਰੇਲਵੇ ਵਲੋਂ ਕ੍ਰਾਇਓਜੈਨਿਕ ਕੰਟੇਨਰਾਂ ਦੀ ਇਧਰ-ਉਧਰ ਢੋਆ-ਢੁਆਈ ਲਈ ਆਕਸੀਜਨ ਐਕਸਪ੍ਰੈੱਸ ਰੇਲ ਗੱਡੀਆਂ ਵੀ ਚਲਾਈਆਂ ਜਾ ਰਹੀਆਂ ਹਨ। ਕਈ ਮਿੱਤਰ ਦੇਸ਼ਾਂ ਵਲੋਂ ਹਵਾਈ ਮਾਰਗ ਰਾਹੀਂ ਵੀ ਭਾਰਤ ਵਿਚ ਮੈਡੀਕਲ ਆਕਸੀਜਨ ਭੇਜੀ ਜਾ ਰਹੀ ਹੈ।

**ਬਾਲ ਗੀਤ:**

# ਵਰਖਾ ਆਈ

**-ਮੁਖ਼ਤਾਰ ਸਿੰਘ ਗਿੱਲ 94647-80299**

ਵਰਖਾ ਆਈ, ਵਰਖਾ ਆਈ।
ਖੁਸ਼ੀਆਂ ਖੇੜੇ ਨਾਲ ਲਿਆਈ।
ਫੁੱਲ ਬੂਟੇ ਵੀ ਟਹਿਕਣ ਲੱਗੇ।
ਬਾਗ ਬਗੀਚੇ ਮਹਿਕਣ ਲੱਗੇ।
ਆਈਆਂ ਜਦੋਂ ਫੁਹਾਰਾਂ ਅਰਸ਼ੋਂ,
ਤਪਦੀ ਧਰਤ ਨੇ ਖੁਸ਼ੀ ਮਨਾਈ-
ਵਰਖਾ ਆਈ...।
ਪੌਣ ਪੁਰੇ ਦੀ ਠੰਢੀ ਵਗਦੀ।
ਬਹੁਤ ਸੁਹਾਵੀ ਸੋਹਣੀ ਲੱਗਦੀ।
ਤਪਦੇ ਹਿਰਦੇ ਸ਼ਾਂਤ ਹੋ ਗਏ,
ਕੁਦਰਤ ਐਸੀ ਬਣਤ ਬਣਾਈ-
ਵਰਖਾ ਆਈ...।
ਫਸਲਾਂ ਹਰੀਆਂ ਹਰੀਆਂ ਲੱਗਣ।
ਕਾਲੇ ਬੱਦਲ ਮਨ ਨੂੰ ਠੱਗਣ।
ਮੋਰ ਪਪੀਹੇ ਰਾਗ ਛੇੜਦੇ,
ਵੇਖ ਘੋਰ ਘਟਾ ਜਦ ਛਾਈ-
ਵਰਖਾ ਆਈ...।
ਆਓ ਸਾਰੇ ਮਤਾ ਪਕਾਈਏ।
ਇਕ ਇਕ ਸਾਰੇ ਰੁੱਖ ਲਗਾਈਏ।
ਹਰੀ ਭਰੀ ਜਦ ਹੋਈ ਧਰਤੀ,
ਬਾਰਿਸ਼ ਦੀ ਦੇਵੀ ਮੁਸਕਰਾਈ।
ਵਰਖਾ ਆਈ ਵਰਖਾ ਆਈ।
ਖੁਸ਼ੀਆਂ ਖੇੜੇ ਨਾਲ ਲਿਆਈ।

-0-

## ਆਓ ਬੁੱਧ ਗ੍ਰਹਿ ਬਾਰੇ ਜਾਣੀਏ

ਗ੍ਰਹਿ ਦੀਆਂ ਭੂਗੋਲਿਕ ਪ੍ਰਤੀਕਿਰਿਆਵਾਂ ਅਰਬਾਂ ਸਾਲ ਪਹਿਲਾਂ ਰੁਕ ਗਈਆਂ ਸਨ, ਇਸ ਲਈ ਅੱਜ ਵੀ ਇਸ ਦੇ ਤਲ 'ਤੇ ਪੁਰਾਤਨ ਉਲਕਾ ਪਿੰਡਾਂ ਦੇ ਟਕਰਾਉਣ ਨਾਲ ਹੋਈ ਤਬਾਹੀ ਦੇ ਸਬੂਤ ਦੇਖੇ ਜਾ ਸਕਦੇ ਹਾਂ। ਇਨ੍ਹੀਂ ਦਿਨੀਂ ਇਕ ਧੂਮਕੇਤੂ ਦੀ ਪੂਛ ਵਾਂਗ ਬੁੱਧ ਗ੍ਰਹਿ ਦੀ ਵੀ ਹਲਕੇ ਨਾਰੰਗੀ ਤੇ ਪੀਲੇ ਰੰਗ ਦੀ ਲੰਬੀ ਪੂਛ ਦਿਖਾਈ ਦੇ ਰਹੀ ਹੈ। 20 ਅਕਤੂਬਰ, 2018 'ਚ ਬੁੱਧ ਗ੍ਰਹਿ ਬਾਰੇ ਨਵੀਂ ਜਾਣਕਾਰੀ ਇਕੱਤਰ ਕਰਨ ਲਈ ਯੂਰਪੀ ਪੁਲਾੜ ਏਜੰਸੀ ਤੇ ਜਾਪਾਨ ਏਅਰੋਸਪੇਸ ਐਕਸਪਲੋਰੇਸ਼ਨ ਏਜੰਸੀ ਦੀ ਸਾਂਝੀ ਮੁਹਿੰਮ 'ਬੇਪੀਕੋਲੰਬੋ ਮਿਸ਼ਨ' ਤੋਂ ਵਿਗਿਆਨੀਆਂ ਨੂੰ ਬਹੁਤ ਵੱਡੀਆਂ ਉਮੀਦਾਂ ਹਨ, ਜੋ 2025 'ਚ ਆਪਣਾ ਅਸਲੀ ਕੰਮ ਸ਼ੁਰੂ ਕਰੇਗਾ। ਅੱਜ ਤੋਂ ਗਿਆਰਾਂ ਸਾਲਾਂ ਬਾਅਦ 13 ਨਵੰਬਰ, 2032 ਨੂੰ ਮਰਕਰੀ ਟ੍ਰਾਂਜਿਟ ਹੋਵੇਗਾ ਜੋ ਕਿ ਇਕ ਬਹੁਤ ਹੀ ਰੌਚਕ ਘਟਨਾ ਹੋਵੇਗੀ।

-0-

# ਹਾਏ ਕੋਰੋਨਾ! ਉ.ਫ ਕੋਰੋਨਾ!!

-ਕੁਲਵੰਤ ਕੌਰ (ਡਾ) 98156-20515

ਕੋਰੋਨਾ ਮਹਾਂਮਾਰੀ ਨੂੰ ਪਿਛਲਾ ਇਕ ਮਹੀਨਾ, ਆਪਣੇ ਪਿੰਡੇ 'ਤੇ ਝੇਲਦਿਆਂ, ਨਾ ਤਾਂ ਚਾਹੁੰਦਿਆਂ ਹੋਇਆਂ ਵੀ ਕਿਸਾਨ ਅੰਦੋਲਨ ਬਾਰੇ ਆਪਣੀ ਤੜਪ ਜ਼ਾਹਿਰ ਕਰ ਸਕੀ ਹਾਂ ਅਤੇ ਨਾਹੀ ਸੁੱਖ ਸ਼ਾਂਤੀ ਦੇ ਕੋਈ ਸਕੂਨਵੇਂ ਪਲ ਨਸੀਬ ਹੋਏ ਹਨ। ਲੰਮੇ ਅਰਸੇ ਬਾਅਦ ਅੱਜ ਕਲਮ ਤਾਂ ਚੁੱਕੀ ਸੀ ਆਪਣੇ ਕਿਸਾਨ ਵੀਰਾਂ ਤੇ ਭੈਣਾਂ ਦੇ ਹੱਕ ਵਿਚ ਲਿਖਣ ਲਈ ਪਰ ਭਾਰੂ ਹੋ ਗਿਆ ਇਹ ਜਾਨਲੇਵਾ ਕੋਰੋਨਾ ਜਿਸ ਨੇ ਸਾਰੀ ਦੁਨੀਆ ਵਿਚ ਨਾ ਸਿਰਫ਼ ਤਰਥੱਲੀ ਹੀ ਮਚਾਈ ਹੋਈ ਹੈ ਬਲਕਿ ਸਾਰੇ ਮੁਲਕਾਂ ਦਾ ਅਰਥਚਾਰਾ, ਸਮਾਜਿਕ ਤਾਣਾ ਬਾਣਾ ਅਤੇ ਮਨੋਵਿਗਿਆਨਕ ਪੱਧਰ ਹਿਲਾ ਕੇ ਰੱਖ ਦਿੱਤਾ ਹੈ। ਹਾਲਾਤ ਇੱਥੋਂ ਤੱਕ ਗਰਕ ਗਏ ਕਿ ਵਿਸ਼ਵ ਗੁਰੂ ਹੋਣ ਦੀਆਂ ਡੀਂਗਾਂ ਮਾਰਨ ਵਾਲੇ ਸਾਡੇ ਦੇਸ਼ ਦੇ ਚੌਧਰੀਆਂ ਨੂੰ ਪਾਕਿਸਤਾਨ, ਬੰਗਲਾ ਦੇਸ਼ ਅਤੇ ਨੇਪਾਲ ਵਰਗੇ ਆਮ ਮੁਲਕਾਂ ਤੋਂ ਸਹਾਇਤਾ ਲੈਣੀ ਪਈ। ਆਓ, ਅੱਜ ਇਸੇ ਮਹਾਂਮਾਰੀ ਬਾਰੇ ਕੁਝ ਵਿਚਾਰ-ਚਰਚਾ ਕਰ ਲਈਏ ਕਿਉਂਕਿ ਪਹਿਲੀ ਲਹਿਰ ਤੋਂ ਕਿਤੇ ਵੱਧ ਜਾਨਲੇਵਾ ਸਿੱਧ ਹੋਈ ਦੂਜੀ। ਹੁਣੇ ਤੋਂ ਡਾਕਟਰ ਤੇ ਵਿਗਿਆਨੀ ਸਤੰਬਰ-ਅਕਤੂਬਰ ਤੋਂ ਤੀਸਰੀ ਲਹਿਰ ਦੀ ਆਰੰਭਤਾ ਦੇ ਅਨੁਮਾਨ ਲਾ ਰਹੇ ਹਨ। ਚੌਥੀ, ਪੰਜਵੀਂ ਤੇ ਛੇਵੀਂ ਬਾਰੇ ਕਿਆਸ ਅਰਾਈਆਂ ਵੀ ਨਾਲੋ ਨਾਲ ਚਲ ਰਹੀਆਂ ਹਨ। ਰੱਬ ਮਿਹਰ ਕਰੇ।



ਦਸੰਬਰ 2019 ਵਿਚ, ਚੀਨ ਦੇ ਮਹਾਂਨਗਰ ਵੂਹਾਨ ਦੀ ਇਕ ਪ੍ਰਯੋਗਸ਼ਾਲਾ ਤੋਂ ਜਾਣੇ ਜਾਂ ਅਣਜਾਣੇ ਵਿਚ ਖਿੰਡੇ ਇਸ ਕੋਰੋਨਾ ਵਾਇਰਸ ਨੇ ਪੂਰੀ ਦੁਨੀਆ ਨੂੰ ਆਪਣੇ ਖ਼ੂਨੀ ਪੰਜਿਆਂ ਵਿਚ ਜਕੜ ਲਿਆ। ਕੀ ਵਿਕਸਿਤ ਤੇ ਕੀ ਵਿਕਾਸਸ਼ੀਲ ਦੇਸ਼, ਸਾਰੇ ਇਸ ਮਹਾਂਮਾਰੀ ਦੀ ਲਪੇਟ ਵਿਚ ਆ ਗਏ। ਅਮਰੀਕਾ, ਯੋਰਪ, ਇਟਲੀ, ਬ੍ਰਾਜ਼ੀਲ ਦੀ ਹਾਲਤ ਕਿਸੇ ਕਿਸੇ ਵਕਤ ਭਾਰਤ ਦੀ ਮੌਜੂਦਾ ਦਸ਼ਾ ਤੋਂ ਵੀ ਬਦਤਰ ਰਹੀ ਹੈ। ਨਿਊਯਾਰਕ ਕਿਵੇਂ ਤੜਪਿਆ! ਲਾਸ਼ਾਂ ਢੋਣ ਵਾਲੇ ਘਟ ਗਏ। ਮੁਰਦਾਘਰ ਥੁੜ ਗਏ। ਲਾਸ਼ਾਂ ਰੁਲੀਆਂ। ਤੇ ਸਾਡੇ ਦੇਸ਼ ਵਿਚ? ਕੀ ਕੀ ਨਹੀਂ ਹੋਇਆ? ਜੇਬ ਵਿਚ ਪੈਸੇ ਸਨ ਪਰ ਸਾਬਕਾ ਰਾਜਦੂਤ ਸਾਹਿਬ ਹਸਪਤਾਲ ਅੰਦਰ ਬੈੱਡ ਨਾ ਮਿਲਣ ਕਰਕੇ ਪਾਰਕਿੰਗ ਵਿਚ ਖੜ੍ਹੀ ਗੱਡੀ ਵਿਚ ਹੀ ਰੱਬ ਨੂੰ ਪਿਆਰੇ ਹੋ ਗਏ। ਆਹਲਾ ਅਫ਼ਸਰ, ਵਿਸ਼ਵ ਵਿਦਿਆਲਿਆ ਦੇ ਪ੍ਰੋਫੈਸਰ, ਸਰਕਾਰੀ ਬੰਦੇ, ਡਾਕਟਰ, ਪੁਲਿਸ ਕਰਮੀ, ਅਧਿਆਪਕ, ਚੋਣ ਅਮਲੇ, ਵਜ਼ੀਰ, ਉੱਚ ਅਧਿਕਾਰੀ ਵਿਸ਼ੇਸ਼ ਕਰਕੇ ਆਮ ਭੋਲੀ ਜਨਤਾ ਲੱਖਾਂ ਦੀ ਗਿਣਤੀ ਵਿਚ ਸਾਥੋਂ ਵਿਛੜ ਗਈ। ਘਰਾਂ ਦੇ ਘਰ ਉੱਜੜ ਗਏ, ਤਬਾਹ ਹੋ ਗਏ। ਬੱਚੇ ਅਨਾਥ! ਕੁਰਲਾਉਂਦੀਆਂ ਮਾਵਾਂ ਦੇ ਸਾਹਮਣੇ ਉਨ੍ਹਾਂ ਦੇ ਜਿਗਰ ਦੇ ਟੋਟੇ ਚਲੇ ਗਏ। ਰੋਂਦੀਆਂ ਬੀਵੀਆਂ, ਤੜਪਦੀਆਂ ਭੈਣਾਂ ਅਤੇ ਮਰ ਮਰ ਜਾਂਦੇ ਬਜ਼ੁਰਗਾਂ ਸਾਹਮਣੇ ਉਨ੍ਹਾਂ ਦੀ ਕਮਾਊ ਔਲਾਦ ਰੱਬ ਨੂੰ ਪਿਆਰੀ ਹੋ ਗਈ। ਕੁਝ ਅਰਸਾ ਤਾਂ ਨਵੇਂ ਮਰੀਜ਼ਾਂ ਦੀ ਰੋਜ਼ਾਨਾ ਗਿਣਤੀ ਚਾਰ ਲੱਖ ਤੱਕ ਜਾ ਪੁੱਜੀ ਤੇ ਮੌਤਾਂ ਦੇ ਅੰਕੜੇ (ਜੋ ਸਰਾਸਰ ਝੂਠੇ ਅਤੇ ਗ਼ਲਤ ਦੱਸੇ ਗਏ) ਸਾਢੇ ਚਾਰ-ਚਾਰ ਹਜ਼ਾਰ ਤੋਂ ਪਾਰ ਚਲੇ ਗਏ ਸਨ। ਅੱਜ ਕੱਲ੍ਹ ਭਾਵੇਂ ਨਵੇਂ ਬੀਮਾਰਾਂ ਦੀ ਗਿਣਤੀ ਸਵਾ ਕੁ ਲੱਖ ਦੱਸਦੇ ਹਨ ਪਰ ਮੌਤਾਂ ਦੀ ਗਿਣਤੀ ਅਜੇ ਵੀ ਸਰਕਾਰੀ ਤੌਰ 'ਤੇ ਤਿੰਨ ਹਜ਼ਾਰ ਤੋਂ ਵਧੇਰੇ ਹੈ। ਕਿਤੇ ਪਰਿਵਾਰ ਦੇ ਅੱਠ ਜੀਅ ਕੋਰੋਨਾ ਦੀ ਭੇਟ ਚੜ੍ਹ ਗਏ ਹਨ ਅਤੇ ਕਿਤੇ ਚਾਰ। ਇੰਡੀਅਨ ਮੈਡੀਕਲ ਐਸੋਸੀਏਸ਼ਨ ਵੱਲੋਂ ਮਿਲੀ ਸੂਚਨਾ ਅਨੁਸਾਰ ਦੂਜੀ ਲਹਿਰ ਦੌਰਾਨ ਸਾਢੇ ਛੇ ਸੌ ਤੋਂ ਜ਼ਿਆਦਾ ਕਹਿੰਦੇ ਕਹਾਉਂਦੇ ਡਾਕਟਰ ਕੋਰੋਨਾ ਪੀੜਤਾਂ ਦਾ ਇਲਾਜ ਕਰਦੇ ਕਰਦੇ ਮੌਤ ਦੇ ਜਬਾੜਿਆਂ ਨੇ ਨਿਗਲ ਲਏ ਹਨ। ਪੈਰਾ ਮੈਡੀਕਲ ਸਟਾਫ਼ ਅਤੇ ਡਿਊਟੀਆਂ 'ਤੇ ਖੜ੍ਹੇ ਕਿੰਨੇ ਹੀ ਪੁਲਿਸ ਅਫ਼ਸਰ ਇਸੇ ਮਰਜ਼ ਨਾਲ ਆਪਣੀਆਂ ਜਾਨਾਂ ਗਵਾ ਚੁੱਕੇ ਹਨ। ਮੌਤਾਂ ਲਗਾਤਾਰ ਹੋ ਰਹੀਆਂ ਹਨ। ਲੋਕ ਸਹਿਮ ਦੇ ਸਾਏ ਹੇਠ ਜੀਅ ਰਹੇ ਹਨ। ਪਿੰਡਾਂ ਵਿਚ ਠੀਕਰੀ ਪਹਿਰੇ ਲਾਉਣੇ ਪਏ। ਪੰਜਾਬ ਸਰਕਾਰ ਨੇ ਕੋਰੋਨਾ-ਮੁਕਤ ਪਿੰਡਾਂ ਲਈ ਦਸ-ਦਸ ਲੱਖ ਮਦਦ ਐਲਾਨੀ ਹੈ।



ਇਤਿਹਾਸ ਗਵਾਹ ਹੈ ਕਿ 1918 ਵਿਚ, ਅਮਰੀਕਾ ਤੇ ਹੋਰ ਮੁਲਕਾਂ ਵਿਚ ਫ਼ੈਲੇ ਸਪੈਨਿਸ਼ ਫਲੂ ਨੇ ਕਰੋੜਾਂ ਜ਼ਿੰਦੜੀਆਂ ਤਬਾਹ ਕਰ ਦਿੱਤੀਆਂ ਸਨ। ਉਦੋਂ ਹਾਲਾਤ ਅੱਜ ਨਾਲੋਂ ਵੱਖਰੇ ਸਨ, ਵਿਗਿਆਨਕ ਤਰੱਕੀ ਅੱਜ ਵਰਗੀ ਨਹੀਂ ਸੀ। ਸਾਧਨ ਇਸ ਕਦਰ ਸੰਪੰਨ ਨਹੀਂ ਸਨ। ਸੰਚਾਰ ਪ੍ਰਣਾਲੀ ਐਨੀ ਤੁਰਤ-ਫੁਰਤ ਨਹੀਂ ਸੀ ਪਰ ਬਾਵਜੂਦ ਇਸ ਸਭ ਕੁਝ ਦੇ ਵੂਹਾਨ ਸ਼ਹਿਰ ਤੋਂ ਤੁਰੀ ਇਸ ਬੀਮਾਰੀ ਨੇ ਕਿਸੇ ਨੂੰ ਵੀ ਨਹੀਂ ਬਖਸ਼ਿਆ। ਰਾਸ਼ਟਰਪਤੀ ਟਰੰਪ ਤਾਂ ਚੀਨੀ ਰਾਸ਼ਟਰਪਤੀ ਨਾਲ ਮਿਹਣੋ ਮਿਹਣੀ ਵੀ ਹੋ ਗਿਆ ਸੀ ਕਿ ਤੁਸੀਂ ਹੀ ਸਭ ਕਾਸੇ ਲਈ ਜ਼ਿੰਮੇਵਾਰ ਹੋ ਪਰੰਤੂ ਯੂ.ਐਨ.ਓ ਤੇ ਹੋਰ ਦੇਸ਼ਾਂ ਕੋਲ ਪੁਖਤਾ ਸਬੂਤਾਂ ਦੀ ਘਾਟ ਕਰਕੇ ਸ਼ਤ ਪ੍ਰਤਿਸ਼ਤ ਚੀਨ ਨੂੰ ਜ਼ਿੰਮੇਵਾਰ ਠਹਿਰਾਉਣਾ ਹਾਲੇ ਔਖਾ ਹੈ। ਉਂਞ ਜੋਅ-ਬਾਈਡਨ ਸਰਕਾਰ ਤੇ ਕੈਨੇਡਾ ਵਾਲੇ ਤਿੰਨ ਮਹੀਨਿਆਂ ਦੇ ਅੰਦਰ ਇਸ ਵਾਇਰਸ ਦੀ ਉਤਪਤੀ, ਜਨਮ ਅਤੇ ਸਫ਼ਰ ਬਾਰੇ ਲੋੜੀਂਦੇ ਸਬੂਤ ਜੁਟਾ ਕੇ ਬਾਕੀ ਦੁਨੀਆਂ ਨੂੰ ਵਿਆਪਤ ਅਨਿਸਚਿਤਤਾ, ਧੁੰਦਲਕੇ ਅਤੇ ਪਰੇਸ਼ਾਨੀ 'ਚੋਂ ਕੱਢਣਾ ਚਾਹੁੰਦੇ ਹਨ ਕਿਉਂਕਿ ਮੀਡੀਏ ਵਿਚ ਤਾਂ ਇਥੋਂ ਤੱਕ ਛਪ ਚੁੱਕਾ ਹੈ ਕਿ ਜਿਹੜੇ ਜਪਾਨੀ ਵਿਗਿਆਨੀ ਵੂਹਾਨ ਦੀ ਪ੍ਰਯੋਗਸ਼ਾਲਾ ਵਿਚ ਸਾਲਾਂ ਤੋਂ ਖੋਜ ਕਰ

ਰਹੇ ਸਨ, ਉਨ੍ਹਾਂ ਵਿੱਚੋਂ ਕਈਆਂ ਨੂੰ ਮਾਰ ਦਿੱਤਾ ਗਿਆ ਜਾਂ ਗ਼ਾਇਬ ਕਰ ਦਿੱਤਾ ਗਿਆ ਪਰ ਪੰਜਾਬੀ ਅਖਾਣ ਕਿ 'ਖੂਹ ਪੁੱਟਦੇ ਨੂੰ ਖ਼ਾਤਾ ਤਿਆਰ' ਅਨੁਸਾਰ, ਦੂਸਰਿਆਂ ਨੂੰ ਨੁਕਸਾਨ ਪਹੁੰਚਾਉਣ ਲਈ ਕੀਤੀ ਜਾ ਰਹੀ ਖੋਜ ਦਾ ਪਹਿਲਾ ਖਮਿਆਜਾ ਚੀਨ ਨੂੰ ਖ਼ੁਦ ਹੀ ਭੁਗਤਣਾ ਪਿਆ। ਜਿਵੇਂ ਓਥੇ, ਸੜਕਾਂ, ਗਲੀਆਂ, ਬਾਜ਼ਾਰਾਂ ਤੇ ਹਸਪਤਾਲਾਂ ਵਿਚ ਫਰਵਰੀ 2020 ਦੇ ਕੋਰੋਨਾ ਪੀੜਤਾਂ ਦੇ ਦ੍ਰਿਸ਼ ਦਿਖਾਏ ਗਏ, ਉਸ ਨੂੰ ਤੱਕ ਕੇ ਹਰ ਬੰਦੇ ਦੀ ਰੂਹ ਕੰਬਦੀ ਰਹੀ। ਖ਼ੌਫ਼ ਆਉਂਦਾ ਰਿਹਾ।



'ਨਿਊਯਾਰਕ ਟਾਈਮਜ਼' ਅਤੇ 'ਗਾਰਡੀਅਨ' ਵਰਗੇ ਅਖ਼ਬਾਰਾਂ ਨੇ ਭਾਰਤ ਵਿਚ ਮਰਨ ਵਾਲਿਆਂ ਦੀ ਗਿਣਤੀ 42 ਲੱਖ ਤੋਂ ਪਾਰ ਦੱਸੀ ਹੈ ਜਦੋਂ ਕਿ ਸਾਡੀ ਸਰਕਾਰ ਦੇ ਅੰਕੜੇ ਤਿੰਨ ਲੱਖ ਤੋਂ ਵੀ ਘੱਟ ਹਨ। ਲਖਨਊ ਵਿਚ ਜੇਕਰ 115 ਸਿਵੇ ਬਲੇ ਤਾ ਸਰਕਾਰੀ ਐਲਾਨ ਦਰਜਨ ਮੌਤਾਂ ਦਾ ਹੀ ਹੁੰਦਾ ਸੀ। ਗੰਗਾ ਦੇ ਕੰਢਿਆਂ ਤੋਂ ਹਜ਼ਾਰਾਂ ਲਾਸ਼ਾਂ ਰੋੜ੍ਹੀਆਂ ਜਾਣ ਲੱਗੀਆਂ, ਬਰੇਤੀ ਵਿਚ ਬੇਸ਼ੁਮਾਰ ਦੇਹਾਂ ਦਫ਼ਨਾ ਦਿੱਤੀਆਂ ਗਈਆਂ। ਚੂਹੇ ਖਾ ਗਏ। ਕਾਕਰੋਚ ਟੁਕ ਗਏ। ਤਿੰਨ ਤਿੰਨ ਦਿਨ ਮਰੀਜ਼ਾਂ ਦੇ ਕੋਲ ਪਈਆਂ ਰਹੀਆਂ ਲਾਸ਼ਾਂ। ਅਮਲ ਫੈਲਾ ਘਟ ਗਿਆ ਜਿਉਂਦੇ ਜੀਅ ਨਾਲੋਂ ਮਰ ਕੇ ਹੋਰ ਵੀ ਬੇਕਦਰੀ ਹੋਈ ਇੱਥੇ। ਸਰਕਾਰੀ ਤੰਤਰ ਫੇਲ੍ਹ। ਪੰਜ ਰਾਜਾਂ ਦੀਆਂ ਚੋਣਾਂ ਵਿਚ ਮਸਤ ਤੇ ਵਿਅਸਤ। ਮਮਤਾ ਦੀਦੀ ਨੂੰ ਹਰਾਉਂਦਾ ਖ਼ੁਦ ਮੂਧੇ ਮੂੰਹ ਆਣ ਡਿੱਗਾ। ਯੂ.ਪੀ. ਪੰਚਾਇਤੀ ਚੋਣਾਂ ਨਾ ਰੋਕੀਆਂ ਪਰ 1641 ਅਧਿਆਪਕਾਂ ਦੀ ਚੋਣ-ਡਿਊਟੀ ਦੌਰਾਨ ਬਲੀ ਦੇ ਦਿੱਤੀ। ਕੇਂਦਰੀ ਸਰਕਾਰ ਤਮਾਸ਼ਬੀਨ ਬਣੀ ਰਹੀ। ਆਕਸੀਜਨ ਦੀ ਸਪਲਾਈ ਨੂੰ ਹੀ ਕਾਬੂ ਨਹੀਂ ਕਰ ਸਕੀ। ਪ੍ਰਧਾਨ ਮੰਤਰੀ ਕੇਅਰ ਫੰਡ ਜੋ ਕਿ ਕੋਰੋਨਾ ਦੀ ਪਹਿਲੀ ਲਹਿਰ ਸਮੇਂ ਲੋਕਾਂ ਵੱਲੋਂ ਮਦਦ ਕਰਕੇ ਜੋੜਿਆ ਗਿਆ ਸੀ, ਨਾਲ ਖਰੀਦੇ ਵੈਂਟੀਲੇਟਰ ਨਾਕਸ ਨਿਕਲੇ, ਲੋੜ ਵੇਲੇ ਕੰਮ ਨਹੀਂ ਆਏ। ਸਰਕਾਰ ਦੇ ਸਿਰ ਵਿਚ ਸੁਆਹ ਪਈ, ਲੋਕ ਅੰਞਾਈ ਮਰਦੇ ਗਏ, ਲੋੜੀਂਦੀਆਂ ਸਹੂਲਤਾਂ ਨਹੀਂ ਮਿਲ ਸਕੀਆਂ। ਜਿਨ੍ਹਾਂ ਨੂੰ ਵੋਟਾਂ ਪਾ ਕੇ ਸਿਰ 'ਤੇ ਬਿਠਾਇਆ ਸੀ, ਉਹ ਤਾਂ ਮੁਸੀਬਤ ਵੇਲੇ ਸਿਰ 'ਤੇ ਖੜ੍ਹੇ ਹੀ ਨਹੀਂ। ਕੰਮ ਆਏ ਸਰਦਾਰ ਤੇ ਗੁਰਦਵਾਰੇ ਜਿਨ੍ਹਾਂ ਨੇ ਲੱਖਾਂ ਲੋਕਾਂ ਨੂੰ ਲੰਗਰ ਵੀ ਛਕਾਏ, ਲਾਸ਼ਾਂ ਦੇ ਸਸਕਾਰ ਵੀ ਕਰਵਾਏ, ਗੁਰਦਵਾਰਿਆਂ ਵੱਲੋਂ ਹਜ਼ਾਰਾਂ ਹਜ਼ਾਰਾਂ ਲੋਕਾਂ ਨੂੰ ਮੁਫ਼ਤ ਆਕਸੀਜਨ ਵੀ ਮੁਹੱਈਆ ਕਰਵਾਈ। ਬਹੁਗਿਣਤੀ ਸਰਕਾਰ ਦੀ ਸੰਵੇਦਨਹੀਣਤਾ, ਬੇਰੁਖੀ ਅਤੇ ਅਣਗੌਲਣਾ ਦੀ ਇਕ ਉਦਾਹਰਨ ਯੂ.ਪੀ. ਤੋਂ ਦੇਣੀ ਚਾਹੁੰਦੀ ਹਾਂ ਜਿੱਥੇ ਕੋਰੋਨਾ-ਪੀੜਤ ਬੀਵੀ ਦੀ ਮੌਤ ਉਪਰੰਤ ਪਿੰਡ ਵਾਲਿਆਂ ਨੇ ਨਾ ਤਾਂ ਬਜ਼ੁਰਗ ਦਾ ਸਾਥ ਦਿੱਤਾ ਤੇ ਨਾ ਸਿਵਿਆਂ ਵਿਚ ਸਸਕਾਰ ਦੀ ਇਜਾਜ਼ਤ। ਸਾਈਕਲ ਦੇ ਕੈਰੀਅਰ 'ਤੇ ਮਰੀ ਪਤਨੀ ਦੀ ਲਾਸ਼ ਢੋਂਦਾ ਜਦੋਂ ਉਹ ਖ਼ੁਦ ਅੱਕ ਥੱਕ ਗਿਆ ਤਾਂ ਕਿਸੇ ਨੇ ਪੁਲਿਸ ਨੂੰ ਇਤਲਾਹ ਦਿੱਤੀ ਜਿਨ੍ਹਾਂ ਨੇ ਆ ਕੇ ਉਸ ਦੀ ਮਦਦ ਕੀਤੀ।



ਨੋਬਲ ਇਨਾਮ ਜੇਤੂ, ਭਾਰਤੀ ਮੂਲ ਦੇ ਅਰਥ ਸ਼ਾਸਤਰੀ ਸ੍ਰੀ ਅੰਮਰਤਿਆ ਸੇਨ ਨੇ ਭਾਰਤ ਸਰਕਾਰ ਨੂੰ 'ਸਕਿਜ਼ੋਫਰੇਨੀਆ' ਦੀ ਸ਼ਿਕਾਰ ਦੱਸਿਆ ਹੈ ਜਿਹੜੀ ਕੋਰੋਨਾ ਦੀ ਦੂਜੀ ਲਹਿਰ ਵੇਲੇ ਦੇ ਅਸਲ ਹਾਲਾਤ ਨਾਲ ਨਜਿੱਠਣ ਵਿਚ ਪੂਰੀ ਤਰ੍ਹਾਂ ਨਾਕਾਮ ਰਹੀ। ਜ਼ਿਕਰਯੋਗ ਹੈ ਕਿ ਸਕਿਜ਼ੋਫਰੇਨੀਆ ਇਕ ਗੰਭੀਰ ਮਨੋਰੋਗ ਹੈ ਜਿਸ ਵਿਚ ਰੋਗੀ ਅਸਲੀਅਤ ਤੇ ਕਾਲਪਨਿਕ ਸੰਸਾਰ ਵਿਚ ਫ਼ਰਕ ਨਹੀਂ ਕਰ ਸਕਦਾ। ਕੇਂਦਰ ਸਰਕਾਰ ਨੇ ਵੀ ਭਰਮ-ਭੁਲੇਖੇ ਵਿਚ ਰਹਿੰਦਿਆਂ, ਕੋਰੋਨਾ ਦੀ ਰੋਕਥਾਮ ਦੀ ਥਾਂ ਫੋਕੀ ਵਾਹ-ਵਾਹ 'ਚ ਸਮਾਂ ਗਵਾਇਆ ਤੇ ਲੱਖਾਂ ਲੋਕਾਂ ਨੂੰ ਅਣਿਆਈ ਮੌਤ ਮਰਨ ਦਿੱਤਾ। ਵੈਕਸੀਨੇਸ਼ਨ ਦੀ ਵੰਡ ਨੇ ਰਹਿੰਦੀ ਖੂੰਹਦੀ ਕਸਰ ਪੂਰੀ ਕਰ ਦਿੱਤੀ ਅਤੇ ਜਦੋਂ ਰਾਜਾਂ ਨੇ ਹਰ ਵਰਗ ਉਮਰ ਲਈ ਟੀਕੇ ਮੰਗੇ ਤਾਂ ਪ੍ਰਧਾਨ ਮੰਤਰੀ ਦਫ਼ਤਰ ਨੇ ਕਹਿ ਦਿੱਤਾ ਕਿ ਆਪੋ ਆਪਣੇ ਪੱਧਰ 'ਤੇ ਵਿਦੇਸ਼ੀ ਜਾਂ ਦੇਸੀ ਕੰਪਨੀਆਂ ਨਾਲ ਸੰਪਰਕ ਕਰੋ, ਗਲੋਬਲ ਟੈਂਡਰ ਕੱਢੋ ਜਿਸ ਨੂੰ ਕਿਸੇ ਵੀ ਕੰਪਨੀ ਨੇ ਪ੍ਰਵਾਨ ਨਹੀਂ ਕੀਤਾ। ਦਿੱਲੀ ਦੇ ਮੁੱਖ ਮੰਤਰੀ ਨੇ ਬਿਲਕੁਲ ਸਹੀ ਕਿਹਾ ਕਿ ਕੱਲ ਨੂੰ ਪਾਕਿਸਤਾਨ ਦਾ ਹਮਲਾ ਹੋ ਜਾਵੇ ਤਾਂ ਕੇਂਦਰ ਸਰਕਾਰ ਰਾਜਾਂ ਨੂੰ ਇਹ ਹੁਕਮ ਦੇਵੇਗੀ ਕਿ ਆਪੋ ਆਪਣੇ ਟੈਂਕ ਲੈ ਕੇ ਪਹੁੰਚੋ। ਜੇਕਰ ਬਜਟ ਵਿਚ ਐਲਾਨਿਆ 35,000 ਕਰੋੜ ਇਸ ਕੰਮ ਲਈ ਰਾਖਵੇਂ ਰੱਖੇ ਗਏ ਸਨ ਤਾਂ ਟੀਕਾ ਹਰ ਭਾਰਤੀ ਨੂੰ ਮੁਫ਼ਤ ਅਤੇ ਜ਼ਰੂਰ ਮਿਲਣਾ ਚਾਹੀਦਾ ਹੈ।

ਅੰਤ ਵਿਚ ਮੈਂ ਆਪਣੇ ਸੁਹਿਰਦ ਪਾਠਕਾਂ ਨਾਲ ਕੋਰੋਨਾ ਦੀਆਂ ਕੁਝ ਉਹ ਗੱਲਾਂ ਸਾਂਝੀਆਂ ਕਰਨੀਆਂ ਚਾਹੁੰਦੀ ਹਾਂ ਕਿ ਜੋ ਨੇੜ ਭਵਿੱਖ ਵਿਚ ਸਾਡੇ 'ਤੇ ਹਾਵੀ ਹੋ ਸਕਦੀਆਂ ਹਨ। ਜੇਕਰ ਅਸੀਂ ਪੂਰੀ ਤਰ੍ਹਾਂ ਸੁਚੇਤ ਅਤੇ ਸਾਵਧਾਨ ਨਾ ਰਹੇ ਤਾਂ ਵਿਗਿਆਨੀਆਂ ਅਨੁਸਾਰ ਕਿਉਂਕਿ ਪੂਰੀ ਦੁਨੀਆਂ ਵਿਚ ਜ਼ਮੀਨ ਦੀ ਵਰਤੋਂ ਦਾ ਢੰਗ ਬਦਲ ਰਿਹਾ ਹੈ। ਜੰਗਲਾਂ ਦੀ ਵਿਧੀਵਤ ਕਟਾਈ ਹੋ ਰਹੀ ਹੈ ਅਤੇ ਖੇਤੀ ਦਾ ਵਿਸਤਾਰ ਹੋ ਰਿਹਾ ਹੈ। ਇਸ ਦੇ ਨਾਲ-ਨਾਲ ਜਾਨਵਰਾਂ ਦਾ ਵੱਡੇ ਪੱਧਰ 'ਤੇ ਉਤਪਾਦਨ ਹੋ ਰਿਹਾ ਹੈ। ਇਹ ਸਭ ਕੁਝ ਦੁਨੀਆ ਵਿਚ ਕਈ ਥਾਵਾਂ 'ਤੇ ਮੌਜੂਦ ਚਮਗਿੱਦੜਾਂ ਤੇ ਉਨ੍ਹਾਂ ਅੰਦਰ ਮੌਜੂਦ ਕੋਰੋਨਾ ਵਾਇਰਸ ਲਈ ਢੁਕਵੇਂ ਹਾਲਾਤ ਪੈਦਾ ਕਰ ਰਹੇ ਹਨ। ਬਰਕਲੇ ਯੂਨੀਵਰਸਿਟੀ ਦੇ ਸਾਇੰਸਦਾਨਾਂ ਨੇ ਨਿਚੋੜ ਕੱਢਿਆ ਹੈ ਕਿ ਇਹ ਪਹਿਲਾਂ ਵੀ ਚਮਗਿੱਦੜਾਂ ਰਾਹੀਂ ਫੈਲਿਆ ਹੈ ਤੇ ਅੱਗੋਂ ਵੀ ਬਹੁਤ ਅਨੁਕੂਲ ਪਰਿਸਥਿਤੀਆਂ ਚੀਨ, ਜਪਾਨ ਤੇ ਫਿਲਪੀਨਜ਼ ਆਦਿ ਦੇਸਾਂ ਵਿਚ ਬਣ ਰਹੀਆਂ ਹਨ ਕਿਉਂਕਿ ਇਹ ਸਾਰੇ ਮਾਸ ਮੱਛੀ ਖਾਣ ਵਾਲੇ ਦੇਸ਼ ਹਨ। ਸਮੁੱਚੇ ਤੌਰ 'ਤੇ ਕਿਹਾ ਜਾ ਸਕਦੈ ਕਿ ਖਤਰਾ ਹਾਲੇ ਟਲਿਆ ਨਹੀਂ, ਰੁਕ ਰਿਹਾ ਜ਼ਰੂਰ ਜਾਪਦਾ ਹੈ। ਸਾਨੂੰ ਭਵਿੱਖ ਲਈ ਪੂਰੀ ਸਾਵਧਾਨੀ ਤੇ ਨਿਗਰਾਨੀ ਵਰਤਣੀ ਪਵੇਗੀ। ਜੰਗਲਾਂ ਦੀ ਕਟਾਈ ਰੋਕਣੀ ਪਵੇਗੀ। ਆਕਸੀਜਨ ਦੇ ਸੋਮੇ ਪੈਦਾ ਕਰਨੇ ਪੈਣਗੇ। ਦੂਰੀਆਂ ਬਣਾਈ ਰੱਖਣੀਆਂ ਪੈਣਗੀਆਂ ਤਾਂ ਜਾ ਕੇ ਅਸੀਂ ਅਗਲੀਆਂ ਮਾਰੂ ਲਹਿਰਾਂ ਨੂੰ ਮਾਤ ਦੇ ਸਕਾਂਗੇ।

-0-

# ਕੀ ਕੋਵਿਡ ਮਹਾਂਮਾਰੀ ਸਾਡੀਆਂ ਅੱਖਾਂ ਖੋਲ੍ਹੇਗੀ?



–ਡਾ. ਹਰਸ਼ਿੰਦਰ ਕੌਰ
ਐੱਮ.ਡੀ.
0175-2216783

ਅਸੀਂ ਅੱਜ ਫੁੱਟਪਾਥਾਂ ਉੱਤੇ ਰੁਲਦੀਆਂ ਲਾਸ਼ਾਂ, ਇੱਕੋ ਚਿਤਾ ਉੱਤੇ ਦੱਸ ਮੁਰਦਾ ਸਰੀਰਾਂ ਦਾ ਸਾੜਿਆ ਜਾਣਾ, ਮੁਰਦਾਘਰਾਂ ਵਿਚ ਥਾਂ ਦੀ ਘਾਟ, ਐਂਬੂਲੈਂਸਾਂ ਵਿਚ ਆਕਸੀਜਨ ਲਈ ਤੜਫ਼ਦੇ ਮਰੀਜ਼ ਤੇ ਆਪਣਿਆਂ ਦੇ ਆਖ਼ਰੀ ਦਰਸ਼ਨਾਂ ਨੂੰ ਤਰਸਦੇ ਰਿਸ਼ਤੇਦਾਰਾਂ ਦੀਆਂ ਖ਼ਬਰਾਂ ਪੜ੍ਹਨ ਉੱਤੇ ਮਜਬੂਰ ਹੋ ਚੁੱਕੇ ਹਾਂ।

ਇਸ ਸਭ ਦਾ ਜ਼ਿੰਮੇਦਾਰ ਕੌਣ ਹੈ? ਪਹਿਲੀ ਉਂਗਲ ਸਾਡੇ ਵੱਲ ਹੀ ਉੱਠਦੀ ਹੈ! ਕਿਉਂ?

1. ਪੂਰੀ ਕਾਇਨਾਤ ਹਥਿਆ ਲੈਣ ਦੀ ਚਾਹ
2. ਕੁਦਰਤੀ ਸੋਮਿਆਂ ਦੀ ਤਬਾਹੀ
3. ਹੋਰ ਜੀਵ ਜੰਤੂਆਂ ਤੇ ਬਨਸਪਤੀ ਨੂੰ ਮੁਕਾਉਣ ਦੇ ਜਤਨ
4. ਧਰਮ ਨੂੰ ਉਗਰਾਹੀ ਦਾ ਮਾਧਿਅਮ ਬਣਾ ਕੇ ਰੱਖ ਦੇਣਾ
5. ਸਿਹਤ ਨਾਲੋਂ ਪੱਬਾਂ, ਹੋਟਲਾਂ, ਮੂਰਤੀਆਂ ਤੇ ਸੈਰ ਸਪਾਟਿਆਂ ਵਾਲੀਆਂ ਥਾਵਾਂ ਉੱਤੇ ਵਾਧੂ ਖ਼ਰਚਾ ਕਰਨਾ
6. ਅਨਪੜ੍ਹ ਸਿਆਸੀ ਆਗੂਆਂ ਹੱਥ ਤਾਕਤ ਫੜਾ ਕੇ ਉਨ੍ਹਾਂ ਦੀਆਂ ਗ਼ਲਤ ਨੀਤੀਆਂ ਉੱਤੇ ਫਿਰ ਹਾਹਾਕਾਰ ਮਚਾਉਣੀ।

**ਕੁਝ ਖ਼ਬਰਾਂ ਵੱਲ ਧਿਆਨ ਕਰੀਏ :–**

1. ਰੈਲੀਆਂ ਵਿਚ ਵੱਡੇ-ਵੱਡੇ ਇਕੱਠ ਕਰ ਕੇ ਸਿਆਸਤਦਾਨਾਂ ਵੱਲੋਂ ਆਪਣੀ ਪਿੱਠ ਠੋਕਣੀ ਕਿ ਅਸੀਂ ਹਰਮਨ ਪਿਆਰੇ ਹਾਂ। ਕੌਣ ਹਨ ਰੈਲੀਆਂ ਦੇ ਇਕੱਠ ਵਿਚ? ਕੌਣ ਜ਼ਿੰਮੇਵਾਰ ਹੈ ਉਸ ਇਕੱਠ ਤੋਂ ਬਾਅਦ ਫੈਲੀ ਬੀਮਾਰੀ ਨਾਲ ਵਧਦੀਆਂ ਮੌਤਾਂ ਦਾ?

2. ਇੰਦੌਰ ਵਿਚ ਆਕਸੀਜਨ ਦੇ ਭਰੇ ਟਰੱਕਾਂ ਨੂੰ ਪੌਣਾ ਘੰਟਾ ਰੋਕ ਕੇ ਸਿਆਸੀ ਆਗੂਆਂ ਨੇ ਆਪਣੀਆਂ ਤਸਵੀਰਾਂ ਖਿਚਾ ਕੇ ਖ਼ਬਰਾਂ ਲੁਆਈਆਂ। ਉਸ ਤੋਂ ਬਾਅਦ ਟਰੱਕਾਂ ਅੱਗੇ ਦੋ ਵੱਖੋ-ਵੱਖ ਥਾਵਾਂ ਉੱਤੇ ਕਈ ਘੰਟੇ ਪੂਜਾ ਕੀਤੀ ਗਈ। ਟਰੱਕ ਡਰਾਈਵਰ ਸ਼ੈਲੇਂਦਰ ਖ਼ੁਸ਼ਵਾਹ ਨੇ ਮੀਡੀਆ ਕਰਮੀਆਂ ਨੂੰ ਦੱਸਿਆ ਕਿ ਉਹ 700 ਕਿਲੋਮੀਟਰ ਲਗਾਤਾਰ ਟਰੱਕ ਚਲਾ ਕੇ ਆ ਰਿਹਾ ਹੈ ਤੇ ਰਾਹ ਵਿਚ ਉਸ ਨੇ ਅੱਖ ਵੀ ਨਹੀਂ ਝਪਕੀ। ਸਿਰਫ਼ ਇੱਕ ਵਾਰ 15 ਮਿੰਟ ਰੁੱਕ ਕੇ ਰੋਟੀ ਖਾਧੀ ਤਾਂ ਜੋ ਮਰੀਜ਼ਾਂ ਨੂੰ ਬਚਾਉਣ ਲਈ ਛੇਤੀ ਤੋਂ ਛੇਤੀ ਆਕਸੀਜਨ ਪਹੁੰਚਾਈ ਜਾ ਸਕੇ। ਹੁਣ ਇੱਥੇ ਸਾਢੇ ਤਿੰਨ ਘੰਟੇ ਸਿਰਫ਼ ਫੋਟੋਆਂ ਖਿਚਵਾਉਣ ਅਤੇ ਪੂਜਾ ਕਰਨ ਉੱਤੇ ਖ਼ਰਾਬ ਕਰਨ ਦਾ ਕੀ ਮਤਲਬ? ਓਨੀ ਦੇਰ ਵਿਚ ਹਸਪਤਾਲਾਂ ਵਿਚ ਆਕਸੀਜਨ ਦੀ ਕਮੀ ਨਾਲ 26 ਬੰਦੇ ਮਰ ਗਏ।

ਇਸ ਦਾ ਜਵਾਬ ਅਸੀਂ ਦੇਣਾ ਹੈ! ਇਸ ਭਾਰੀ ਗੁਨਾਹ ਲਈ ਕੌਣ ਜ਼ਿੰਮੇਵਾਰ ਹੈ? ਕਿਸ ਨੇ ਇਹ ਸਿਆਸੀ ਆਗੂ ਚੁਣੇ?

3. ਵੱਡੇ ਛੋਟੇ ਧਾਰਮਿਕ ਸਮਾਗਮਾਂ ਬਾਅਦ ਕੋਵਿਡ ਬੀਮਾਰੀ ਨਾਲ ਪੀੜਤ ਮਰੀਜ਼ਾਂ ਦਾ ਵਾਧਾ ਹੋਣ ਦਾ ਮਤਲਬ ਕੀ ਅਸੀਂ ਸਮਝ ਸਕੇ ਹਾਂ? ਇਨ੍ਹਾਂ ਬੇਅੰਤ ਮੌਤਾਂ ਲਈ ਕੀ ਅਸੀਂ ਹੀ ਜ਼ਿੰਮੇਵਾਰ ਨਹੀਂ? ਕੀ ਅਸੀਂ ਧਰਮ ਨੂੰ ਪਾਖੰਡ ਵਿਚ ਤਾਂ ਨਹੀਂ ਤਬਦੀਲ ਕਰ ਦਿੱਤਾ? ਕਿਉਂ ਹੁਣ ਕਈ ਧਾਰਮਿਕ ਅਦਾਰਿਆਂ ਨੇ ਦਰਵਾਜ਼ੇ ਬੰਦ ਕਰ ਕੇ ਧਾਰਮਿਕ ਸਥਾਨ ਦੇ ਬਾਹਰਵਾਰ ਪੈਸਿਆਂ ਦੀ ਗੋਲਕ ਰੱਖ ਦਿੱਤੀ ਹੈ?

ਦੋ ਲੱਖ ਤੋਂ ਵੱਧ ਮੌਤਾਂ, 20 ਲੱਖ ਤੋਂ ਵੱਧ ਦਾਖ਼ਲ ਮਰੀਜ਼, ਸਾਢੇ ਤਿੰਨ ਲੱਖ ਤੋਂ ਵੱਧ ਰੋਜ਼ ਦੇ ਨਵੇਂ ਕੇਸ, (21 ਅਪਰੈਲ 2021 ਦੀ ਰਿਪੋਰਟ) ਲਈ ਕੌਣ-ਕੌਣ ਜ਼ਿੰਮੇਵਾਰ ਹੈ?

4. ਟੀਕਾ ਤਿਆਰ ਕਰਨ ਵੱਲ ਧਿਆਨ ਕਰੀਏ। ਅਮਰੀਕਾ ਤੇ ਯੂਰਪ ਵਿਚ ਟੀਕਾ ਤਿਆਰ ਕਰਨ ਲਈ ਸਰਕਾਰ ਵੱਲੋਂ ਵੱਖ ਫੰਡ ਐਡਵਾਂਸ ਵਿਚ ਦੇ ਦਿੱਤੇ ਗਏ। ਕੁੱਝ ਪੱਤਰਕਾਰਾਂ ਦੀ ਨਿਰਪੱਖ ਪੱਤਰਕਾਰੀ ਰਾਹੀਂ ਕੱਢੀ ਰਿਪੋਰਟ ਅਨੁਸਾਰ ਭਾਰਤ ਵਿਚ ਸੀਰਮ ਇੰਸਟੀਚਿਊਟ ਤੇ ਭਾਰਤ ਬਾਇਓਟੈਕ ਕੰਪਨੀਆਂ ਨੂੰ ਟੀਕਾ ਤਿਆਰ ਕਰਨ ਲਈ ਕੁੱਝ ਵੀ ਨਹੀਂ ਦਿੱਤਾ ਗਿਆ। ਖ਼ਬਰਾਂ ਅਨੁਸਾਰ ਸੀਰਮ ਇੰਸਟੀਚਿਊਟ ਨੇ 2000 ਕਰੋੜ ਰੁਪੈ ਪੱਲਿਓਂ ਲਾਏ ਤੇ ਬਾਕੀ 2200 ਕਰੋੜ ਦਾ ਖ਼ਰਚਾ ਬਿੱਲ ਗੇਟਸ ਤੇ ਮੈਲਿੰਡਾ ਫਾਊਂਡੇਸ਼ਨ ਨੇ ਦਿੱਤਾ।

ਭਾਰਤ ਬਾਇਓਟੈਕ ਨੂੰ ਤਾਂ ਕੁੱਝ ਵੀ ਹਾਸਲ ਨਹੀਂ ਹੋਇਆ। ਸਭ ਕੁੱਝ ਉਸ ਆਪਣੇ ਪੱਲਿਓਂ ਲਾਇਆ। ਕੌਣ ਜ਼ਿੰਮੇਵਾਰ ਹੈ?

5. ਅਮਰੀਕਾ ਸਰਕਾਰ ਨੇ ਅਗਸਤ 2020 ਤੱਕ 44,700 ਕਰੋੜ ਰੁਪੈ ਟੀਕਾ ਬਣਾਉਣ ਵਾਲੀਆਂ ਕੰਪਨੀਆਂ ਨੂੰ ਦਿੱਤਾ। ਯਾਨੀ 6 ਬਿਲੀਅਨ ਡਾਲਰ! ਅਸੀਂ ਉਨ੍ਹਾਂ ਮਹੀਨਿਆਂ ਵਿਚ ਕੀ ਕਰ ਰਹੇ ਸੀ?

ਥਾਲੀਆਂ ਖੜਕਾਈਆਂ, ਸੂਰਜੀ ਪੂਜਾ, ਧਾਰਮਿਕ ਆਸਥਾ ਅਧੀਨ ਮੋਮਬੱਤੀਆਂ ਜਗਾਈਆਂ ਤੇ ਹੋਰ ਵੀ ਹਰ ਹੀਲੇ ਸਮੇਤ ਪ੍ਰਾਰਥਨਾ ਕੀਤੀ। ਉਸ ਸਭ ਦੇ ਬਾਵਜੂਦ ਅੱਜ ਮੌਤਾਂ ਤੇ ਬੀਮਾਰਾਂ ਦੀ ਗਿਣਤੀ ਵਿਚ ਪੂਰੀ ਦੁਨੀਆ ਵਿਚ ਪਹਿਲੇ ਨੰਬਰ ਉੱਤੇ ਹਾਂ।

ਖ਼ਬਰਾਂ ਅਨੁਸਾਰ 19 ਅਪਰੈਲ 2021 ਨੂੰ ਭਾਰਤ ਸਰਕਾਰ ਵੱਲੋਂ 4500 ਕਰੋੜ ਰੁਪੈ ਟੀਕਾ ਬਣਾਉਣ ਵਾਲੀਆਂ ਕੰਪਨੀਆਂ ਨੂੰ ਦਿੱਤਾ ਗਿਆ। ਅੱਜ ਦੇ ਦਿਨ (24/4/21 ਤੱਕ) ਜੇ ਟੀਕਿਆਂ ਦੀ ਗਿਣਤੀ ਵੱਲ ਝਾਤ ਮਾਰੀਏ ਤਾਂ ਭਾਰਤ ਨੂੰ ਹਰ ਮਹੀਨੇ 150 ਤੋਂ 200 ਮਿਲੀਅਨ ਟੀਕੇ ਚਾਹੀਦੇ ਹਨ ਪਰ, ਸਾਡੇ ਕੋਲ ਅੱਧੇ ਤੋਂ ਵੀ ਘੱਟ ਹਨ। ਇਸ ਦਾ ਮਤਲਬ ਹੈ ਕਿ ਸਾਨੂੰ ਬਾਹਰੋਂ ਟੀਕੇ ਮੰਗਵਾਉਣ ਦੀ ਲੋੜ ਸੀ ਜੋ ਲਗਭਗ 100 ਮਿਲੀਅਨ ਦੇ ਨੇੜੇ ਤੇੜੇ ਸਨ। ਕੋਈ ਤਿਆਰੀ ਕੀਤੀ ਗਈ?

ਅਮਰੀਕਾ ਵਿਚ ਲੋਕਾਂ ਦੇ ਭਲੇ ਲਈ ਸਰਕਾਰ ਨੇ ਪਹਿਲਾਂ ਹੀ ਅਗਸਤ 2020 ਵਿਚ 400 ਮਿਲੀਅਨ ਟੀਕਿਆਂ ਲਈ 4 ਕੰਪਨੀਆਂ ਨੂੰ ਪੈਸੇ ਫੜਾ ਦਿੱਤੇ ਸਨ।

ਖ਼ਬਰਾਂ ਅਨੁਸਾਰ ਯੂਰਪ ਨੇ ਵੀ ਨਵੰਬਰ 2020 ਵਿਚ ਕੰਪਨੀਆਂ ਤੋਂ 800 ਮਿਲੀਅਨ ਟੀਕੇ ਖ਼ਰੀਦਣ ਲਈ ਪੈਸੇ ਐਡਵਾਂਸ ਫੜਾ ਦਿੱਤੇ ਸਨ।

ਭਾਰਤ ਵੱਲੋਂ ਜਨਵਰੀ 2021 ਵਿਚ ਸਿਰਫ਼ 16 ਮਿਲੀਅਨ ਟੀਕਿਆਂ ਲਈ ਪੈਸੇ ਫੜਾਏ ਗਏ। ਚੇਤੇ ਰਹੇ ਕਿ ਸੰਨ 2019 ਵਿਚ ਇੱਕ ਮੂਰਤੀ ਵਾਸਤੇ ਭਾਰਤ ਸਰਕਾਰ ਨੇ 2,063 ਕਰੋੜ (370 ਮਿਲੀਅਨ ਡਾਲਰ) ਖ਼ਰਚ ਦਿੱਤੇ ਸਨ।

1.3 ਬਿਲੀਅਨ ਲੋਕਾਂ ਲਈ ਸਿਰਫ਼ 16 ਮਿਲੀਅਨ ਟੀਕੇ ਤੇ ਉਹ ਵੀ ਏਨੇ ਲੇਟ! ਕੌਣ ਜ਼ਿੰਮੇਵਾਰ ਹੈ? ਕੀ ਸਰਕਾਰ?

ਨਹੀਂ, ਸਾਡਾ ਕਸੂਰ ਹੈ। ਇਹ ਨੁਮਾਇੰਦੇ ਅਸੀਂ ਹੀ ਚੁਣਦੇ ਹਾਂ। ਆਪਣੀਆਂ ਵੋਟਾਂ ਵੇਚਣ ਦਾ ਇਹੀ ਨਤੀਜਾ ਹੁੰਦਾ ਹੈ।

ਇਸ ਸਰਕਾਰੀ ਕੁਸ਼ਾਸ਼ਨ ਲਈ ਪੂਰੇ ਜ਼ਿੰਮੇਵਾਰੀ ਸਾਨੂੰ ਹੀ ਚੁੱਕਣੀ ਪੈਣੀ ਹੈ ਤੇ ਉਹ ਵੀ ਆਪਣੀ ਅਤੇ ਆਪਣਿਆਂ ਦੀਆਂ ਜਾਨਾਂ ਗੁਆ ਕੇ।

6. ਲੋਕਾਂ ਵਿਚ ਅਤੇ ਵਿਸ਼ਵ ਪੱਧਰ ਉੱਤੇ ਹਾਹਾਕਾਰ ਮਚਣ ਬਾਅਦ ਹੁਣ ਹੋਰਨਾਂ ਮੁਲਕਾਂ ਵੱਲੋਂ ਟੀਕੇ ਮੰਗਵਾਉਣ ਦਾ ਸਿਲਸਿਲਾ ਸ਼ੁਰੂ ਹੋਇਆ ਹੈ। ਸਵਾਲ ਇਹ ਹੈ ਕਿ ਉਹ ਕੰਪਨੀਆਂ ਪਹਿਲਾਂ ਆਪਣੇ ਮੁਲਕ ਦੇ ਬਾਸ਼ਿੰਦਿਆਂ ਨੂੰ ਟੀਕੇ ਲਾਉਣਗੀਆਂ, ਤਾਂ ਕੀ ਭਾਰਤ ਲਈ ਪੂਰੇ ਟੀਕੇ ਵੇਲੇ ਸਿਰ ਸਪਲਾਈ ਹੋ ਸਕਣਗੇ? ਜੇ ਹਜ਼ਾਰਾਂ ਲੱਖਾਂ ਮੌਤਾਂ ਹੋ ਜਾਣ ਬਾਅਦ ਟੀਕੇ ਪਹੁੰਚੇ, ਤਾਂ ਇਸ ਤਬਾਹੀ ਦੀ ਕੌਣ ਜ਼ਿੰਮੇਵਾਰੀ ਲਏਗਾ? ਪਾਲਿਸੀ ਬਣਾਉਣ ਵਾਲੇ, ਅਨਪੜ੍ਹ ਸਿਆਸਤਦਾਨ ਜਾਂ ਵੋਟਾਂ ਵੇਚਣ ਵਾਲੇ?

ਇਹ ਜ਼ਿੰਦਗੀਆਂ ਬਚਾਈਆਂ ਜਾ ਸਕਦੀਆਂ ਸਨ! ਸਿਰਫ਼ ਆਮ ਲੋਕਾਂ ਨੂੰ ਜਾਗਣ ਦੀ ਲੋੜ ਹੈ!

7. ਆਕਸੀਜਨ ਲਈ ਮਚੀ ਹਾਹਾਕਾਰ ਬਾਰੇ ਛਪੀਆਂ ਖ਼ਬਰਾਂ ਦਿਲ ਕੰਬਾਊ ਹਨ। ਓਨੀਆਂ ਮੌਤਾਂ ਵਾਇਰਸ ਤੋਂ ਹੋਈ ਬੀਮਾਰੀ ਨਾਲ ਨਹੀਂ ਹੋਈਆਂ,

ਜਿੰਨੀਆਂ ਆਕਸੀਜਨ ਦੀ ਕਮੀ ਨਾਲ ਹੋ ਚੁੱਕੀਆਂ ਹਨ।

8. ਅਕਤੂਬਰ 2020 ਵਿਚ ਖ਼ਬਰਾਂ ਵੀ ਛਪੀਆਂ ਸਨ ਅਤੇ ਐਲਾਨ ਵੀ ਹੋਏ ਕਿ ਪੂਰੇ ਭਾਰਤ ਵਿਚਲੇ 150 ਜ਼ਿਲਾ ਪੱਧਰੀ ਹਸਪਤਾਲਾਂ ਵਿਚ 162 ਆਕਸੀਜਨ ਬਣਾਉਣ ਵਾਲੇ ਯੂਨਿਟ ਲਾਏ ਜਾਣਗੇ। ਇਸ ਵਾਸਤੇ ਸਿਰਫ਼ 201 ਕਰੋੜ ਰੁਪੈ ਲੱਗਣੇ ਸਨ ਜੋ ਪ੍ਰਧਾਨ ਮੰਤਰੀ ਕੇਅਰ ਫੰਡ ਵਿੱਚੋਂ ਵਰਤੇ ਜਾਣੇ ਸਨ। ਛੇ ਮਹੀਨੇ ਬਾਅਦ ਤੱਕ ਸਿਰਫ਼ 33 ਹੀ ਯੂਨਿਟ ਲੱਗ ਸਕੇ ਹਨ। ਉੱਤਰ ਪ੍ਰਦੇਸ ਵਿਚਲੇ 14 ਆਕਸੀਜਨ ਯੂਨਿਟਾਂ ਵਿੱਚੋਂ ਇੱਕ ਵੀ ਹਾਲੇ ਤੱਕ ਨਹੀਂ ਲਾਇਆ ਜਾ ਸਕਿਆ। ਹੁਣ ਤਾਂ ਅਸੀਂ ਫ਼ੈਸਲਾ ਕਰ ਹੀ ਸਕਦੇ ਹਾਂ ਕਿ ਆਕਸੀਜਨ ਦੀ ਕਮੀ ਲਈ ਕੌਣ ਜ਼ਿੰਮੇਵਾਰ ਹੈ? ਡਾਕਟਰ? ਸਿਆਸਤਦਾਨ? ਕੰਪਨੀਆਂ?

ਇਨ੍ਹਾਂ ਮੌਤਾਂ ਲਈ ਕੌਣ ਫਾਹੇ ਟੰਗਿਆ ਜਾਣਾ ਚਾਹੀਦਾ ਹੈ? ਕਿਸ ਨੇ ਸਿਆਸੀ ਆਗੂ ਚੁਣੇ?

9. ਇਸ ਵੇਲੇ ਮਾਰੂ ਕੋਰੋਨਾ ਦੀ ਦੋਧਾਰੀ ਬਦਲੀ ਸ਼ਕਲ ਦਾ ਨਾਂ ਬੀ.1.167 ਹੈ ਜੋ ਧੜਾਧੜ ਹਜ਼ਾਰਾਂ ਨੂੰ ਮੌਤ ਦੇ ਮੂੰਹ ਵੱਲ ਧੱਕ ਰਹੀ ਹੈ। ਇਸ ਬਾਰੇ ਪਹਿਲੀ ਵਾਰ 5 ਅਕਤੂਬਰ 2020 ਨੂੰ ਸਾਇੰਸਦਾਨਾਂ ਨੇ ਖੋਜ ਕਰ ਕੇ ਦੱਸ ਦਿੱਤਾ ਸੀ। ਕੀ ਕਿਸੇ ਨੂੰ ਉਸ ਸਮੇਂ ਖ਼ਿਆਲ ਆਇਆ ਕਿ ਝਟਪਟ ਇਸ ਕੀਟਾਣੂ ਉੱਤੇ ਹੋਰ ਖੋਜਾਂ ਦੀ ਲੋੜ ਹੈ ਜਿਸ ਵਾਸਤੇ ਤੁਰੰਤ ਪੈਸੇ ਦੇ ਕੇ ਇਲਾਜ ਲੱਭਿਆ ਜਾਵੇ?

ਚੋਣ ਪ੍ਰਕਿਰਿਆ ਬਾਰੇ ਲਗਾਤਾਰ ਮੀਟਿੰਗਾਂ ਬਾਅਦ ਅਖ਼ੀਰ ਵਿਹਲੇ ਹੋ ਕੇ ਸਿਆਸਤਦਾਨਾਂ ਵੱਲੋਂ ਸੰਨ 2021 ਜਨਵਰੀ ਵਿਚ ਭਾਰਤ ਵਿਚ 10 ਲੈਬਾਰਟਰੀਆਂ ਖੋਲ੍ਹੀਆਂ ਗਈਆ ਜਿਨ੍ਹਾਂ ਨੇ ਵਾਇਰਸ ਦੀ ਜੀਨੋਮ ਸੀਕੂਐਂਸਿੰਗ ਕਰਨੀ ਸੀ। ਅਪਰੈਲ 2021 ਤੱਕ ਖੋਜਾਂ ਹਾਲੇ ਜਾਰੀ ਸਨ ਕਿਉਂਕਿ ਜਿਹੜੇ 115 ਕਰੋੜ ਰੁਪੈ ਇਨ੍ਹਾਂ ਲੈਬਾਰੇਟਰੀਆਂ ਨੂੰ ਦਿੱਤੇ ਜਾਣੇ ਸਨ, ਉਹ ਹਾਲੇ ਤੱਕ ਦਿੱਤੇ ਹੀ ਨਹੀਂ ਗਏ। ਹੁਣ ਬਾਇਓਟੈਕਨਾਲੋਜੀ ਵਿਭਾਗ ਨੂੰ ਇਹ ਪੈਸੇ ਆਪਣੇ ਵੱਲੋਂ ਹੀ ਕਿਸੇ ਵਸੀਲੇ ਹਾਸਲ ਕਰਨ ਲਈ ਕਿਹਾ ਗਿਆ ਹੈ।

ਵਿਭਾਗ ਬਹੁਤ ਮੁਸ਼ਕਲ ਨਾਲ ਸਿਰਫ਼ 80 ਕਰੋੜ ਹੀ ਹਾਸਲ ਕਰ ਸਕਿਆ ਜੋ ਕਿ ਉਸ ਨੂੰ 31 ਮਾਰਚ 2021 ਨੂੰ ਮਿਲੇ। ਇਨ੍ਹਾਂ ਛੇ ਮਹੀਨਿਆਂ ਵਿਚਲੇ ਲੱਖਾਂ ਮਰੀਜ਼ ਤੇ ਹਜ਼ਾਰਾਂ ਮੌਤਾਂ ਦਾ ਜ਼ਿੰਮੇਵਾਰ ਕੌਣ ਹੈ? ਕੀ ਸਾਨੂੰ ਹਾਲੇ ਵੀ ਸਮਝ ਨਹੀਂ ਆ ਰਹੀ ਕਿ ਸੂਬੇ ਦੀ ਹੋਵੇ ਜਾਂ ਮੁਲਕ ਦੀ ਤਰੱਕੀ, ਇਸ ਵਾਸਤੇ ਸਾਡੀ ਅਕਲ ਅਨੁਸਾਰ ਚੁਣੇ ਨੁਮਾਇੰਦਿਆਂ ਦਾ ਹੀ ਰੋਲ ਹੁੰਦਾ ਹੈ। ਉਨ੍ਹਾਂ ਨੁਮਾਇੰਦਿਆਂ ਨੇ ਆਪਣੀ ਸਮਝ ਅਨੁਸਾਰ ਪਹਿਲ ਦੇ ਆਧਾਰ ਉੱਤੇ ਕੰਮ ਕਰਨੇ ਹੁੰਦੇ ਹਨ ਕਿ ਪਹਿਲਾਂ ਆਪਣੀ ਸੀਟ ਪੱਕੀ ਕਰਨੀ ਹੈ, ਜੁਮਲੇ ਛੱਡਣੇ ਹਨ, ਲੋਕਾਂ ਨੂੰ ਲੁਭਾਉਣਾ ਹੈ ਜਾਂ ਉਨ੍ਹਾਂ ਦੀ ਜਾਨ ਬਚਾਉਣੀ ਹੈ!

10. ਕੀ ਸਿਹਤ ਤੇ ਸਿੱਖਿਆ ਨੂੰ ਕਿਸੇ ਸਿਆਸਤਦਾਨ ਨੇ ਪਹਿਲ ਦੇ ਆਧਾਰ ਉੱਤੇ ਲਿਆ ਹੈ? ਚੋਣ ਰੈਲੀਆਂ ਦੌਰਾਨ ਫੈਲੇ ਕੋਰੋਨਾ ਅਤੇ ਮਾਸਕ ਨਾ ਪਾਉਣ ਲਈ ਕਿਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ? ਸਿਆਸਤਦਾਨਾਂ ਨੂੰ ਜਾਂ ਆਮ ਲੋਕਾਂ ਨੂੰ?

11. ਲਾਕਡਾਊਨ ਕਿਸ ਨੇ ਲਾਇਆ ਤੇ ਇਸ ਨਾਲ ਕਿਸ ਨੂੰ ਵੱਧ ਨੁਕਸਾਨ ਹੋਇਆ? ਲੱਖਾਂ ਬੇਰੁਜ਼ਗਾਰ ਹੋਏ ਤੇ ਅਨੇਕ ਘਰੋਂ ਬੇਘਰ ਹੋਏ। ਇਸ ਸਾਰੇ ਵਰਤਾਰੇ ਲਈ ਕੌਣ ਆਪਣੀ ਪਿੱਠ ਉੱਤੇ ਥਾਪੜਾ ਦੇ ਰਿਹਾ ਹੈ? ਕੀ ਸਾਨੂੰ ਦਿੱਸਣਾ ਤੇ ਸੁਣਨਾ ਬੰਦ ਹੋ ਚੁੱਕਿਆ ਹੈ? ਕਦੋਂ ਸਮਝਾਂਗੇ?

12. ਇਸ ਮਹਾਂਮਾਰੀ ਅਤੇ ਮੌਤ ਦੇ ਤਾਂਡਵ ਦੌਰਾਨ ਭਾਰਤ ਵਿਚ ਆਈ.ਪੀ.ਐਲ. ਮੈਚ ਜਾਰੀ ਰਿਹਾ ਜਿਸ ਵਿਚ ਹਰ ਖਿਡਾਰੀ ਨੂੰ ਕਰੋੜਾਂ ਰੁਪੈ ਦਿੱਤੇ ਗਏ। ਕੀ ਕਿਸੇ ਨੇ ਆਵਾਜ਼ ਚੁੱਕੀ ਕਿ ਅਜਿਹੇ ਮੌਕੇ ਉਨ੍ਹਾਂ ਕਰੋੜਾਂ ਰੁਪਇਆਂ ਨਾਲ ਵਧੀਆ ਮੁਫ਼ਤ ਸਹੂਲਤਾਂ ਦੇਣ ਵਾਲੇ ਹਸਪਤਾਲ ਕਿਉਂ ਨਹੀਂ ਖੋਲ੍ਹੇ ਗਏ? ਕੀ ਕਿਸੇ ਭਾਰਤੀ ਖਿਡਾਰੀ ਨੇ ਇਸ ਬਾਰੇ ਸੋਚਿਆ? ਇਨ੍ਹਾਂ ਪੈਸਿਆਂ ਨਾਲ ਹਰ ਸੂਬੇ ਵਿੱਚ ਸੈਂਕੜੇ ਵਧੀਆ ਐਂਬੂਲੈਂਸਾਂ ਮੁਹੱਈਆ ਹੋ ਸਕਦੀਆਂ ਸਨ।

13. ਭਾਰਤ ਦੀ ਅਰਥ ਵਿਵਸਥਾ ਕਿੱਧਰ ਜਾ ਰਹੀ ਹੈ? ਕੀ ਤੁਸੀਂ ਤੇ ਮੈਂ ਫਜ਼ੂਲ ਖਰਚੀ ਕਰ ਰਹੇ ਹਾਂ? ਕੌਣ ਖ਼ਰਬਾਂ ਦਾ ਹੇਰ ਫੇਰ ਕਰ ਕੇ, ਬੈਂਕ ਹਜ਼ਮ ਕਰ ਕੇ ਗਾਇਬ ਹੋ ਜਾਂਦਾ ਹੈ ਤੇ ਫਿਰ ਸਾਹਮਣੇ ਫਿਰਦਾ ਵੀ ਪਕੜ ਵਿਚ ਨਹੀਂ ਆਉਂਦਾ? ਕੌਣ ਗ਼ਰੀਬਾਂ ਲਈ ਦਿੱਤੇ ਫੰਡਾਂ ਦਾ ਗ਼ਬਨ ਕਰਦਾ ਹੈ? ਕੌਣ ਆਪਣੇ ਹੀ ਟੱਬਰ ਅਤੇ ਨਾਮਲੇਵਿਆਂ ਨੂੰ ਸਿਆਸਤ ਦੇ 'ਕਿੱਤੇ' ਵਿਚ ਕਮਾਈ ਕਰਨ ਲਈ ਅਗਾਂਹ ਧੱਕਦਾ ਹੈ?

14. ਕੀ ਕਿਸੇ ਨੂੰ ਪਤਾ ਹੈ ਕਿ ਅਸਲ ਵਿਚ ਆਕਸੀਜਨ ਦੀ ਕਮੀ ਤਾਂ ਭਾਰਤ ਵਿਚ ਹੈ ਹੀ ਨਹੀਂ! ਗੁਜਰਾਤ ਦੀ ਰਿਲਾਇੰਸ ਕੰਪਨੀ ਵਿਚ ਰੋਜ਼ 22,000 ਟਨ ਆਕਸੀਜਨ ਤਿਆਰ ਹੋ ਰਹੀ ਹੈ। ਪੂਰੇ ਭਾਰਤ ਵਿਚ ਰੋਜ਼ ਇੱਕ ਲੱਖ ਟਨ ਆਕਸੀਜਨ ਬਣਦੀ ਹੈ ਜਿਸ ਵਿੱਚੋਂ 80 ਫੀਸਦੀ ਸਟੀਲ ਪਲਾਂਟਾਂ ਵਿਚ ਵਰਤੀ ਜਾਂਦੀ ਹੈ। ਇੰਡਸਟਰੀਅਲ ਤੇ ਮੈਡੀਕਲ ਆਕਸੀਜਨ ਵਿਚ ਨਾ-ਮਾਤਰ ਹੀ ਫ਼ਰਕ ਹੁੰਦਾ ਹੈ।

ਫਿਰ ਆਖ਼ਰ ਦਿੱਕਤ ਕੀ ਹੈ? ਕਿਉਂ ਆਕਸੀਜਨ ਦੀ ਲੋੜ ਪੂਰੀ ਨਹੀਂ ਕੀਤੀ ਜਾ ਰਹੀ?

ਭਾਰਤ ਕੋਲ ਇੱਕ ਥਾਂ ਤੋਂ ਦੂਜੇ ਥਾਂ ਤੱਕ ਆਕਸੀਜਨ ਲਿਜਾਉਣ ਦੇ ਪੂਰਨ ਪ੍ਰਬੰਧ ਨਹੀਂ ਹਨ। ਇੱਕ ਆਕਸੀਜਨ ਟੈਂਕਰ ਨੂੰ ਭਾਰਤ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਜਾਣ ਲਈ 4 ਕੁ ਦਿਨ ਲੱਗਦੇ ਹਨ। ਵਾਪਸ ਪਰਤਣ ਤੱਕ ਪੂਰੇ 10 ਕੁ ਦਿਨ ਲੱਗ ਜਾਂਦੇ ਹਨ। ਇਸ ਟੈਂਕਰ ਦਾ ਖ਼ਰਚ 45 ਲੱਖ ਪੈਂਦਾ ਹੈ। ਇੱਕ ਆਕਸੀਜਨ ਦਾ ਸਿਲੰਡਰ 10,000 ਦਾ ਪੈਂਦਾ ਹੈ ਜੋ 300 ਰੁਪੈ ਵਿਚ ਵੇਚਿਆ ਜਾਂਦਾ ਹੈ।

ਸਵਾਲ ਇਹ ਹੈ ਕਿ ਕੀ ਆਕਸੀਜਨ ਹੋਰ ਮੁਲਕਾਂ ਤੋਂ ਮੰਗਵਾਉਣ ਦੀ ਲੋੜ ਹੈ? ਬਿਲਕੁਲ ਨਹੀਂ! ਸਿਰਫ਼ ਸਟੀਲ ਪਲਾਂਟਾਂ ਦਾ ਕੰਮ ਅੱਧਾ ਕਰ ਦਿੱਤਾ ਜਾਵੇ ਤਾਂ ਹਜ਼ਾਰਾਂ ਮਰੀਜ਼ ਬਚ ਸਕਦੇ ਹਨ ਕਿਉਂਕਿ ਲਿਕੂਇਡ ਆਕਸੀਜਨ ਦਾ ਭੰਡਾਰ ਭਾਰਤ ਵਿਚ ਪਿਆ ਹੈ!

ਗੱਲ ਉੱਥੇ ਹੀ ਟਿਕੀ ਹੈ! ਇਸ ਸਭ ਲਈ ਜ਼ਿੰਮੇਵਾਰ ਕੌਣ? ਕੀ ਸਾਡੇ ਕੋਲ ਪੜ੍ਹੇ ਲਿਖੇ ਜਾਂ ਸਮਝਦਾਰ ਲੋਕਾਂ ਦੀ ਘਾਟ ਹੈ? ਉਹ ਸਿਆਸਤ ਵਿਚ ਕਿਉਂ ਨਹੀਂ ਜਾਂਦੇ? ਕੌਣ ਆਪਣੀਆਂ ਵੋਟਾਂ ਦੀ ਦੁਰਵਰਤੋਂ ਕਰ ਕੇ ਇਨ੍ਹਾਂ ਸਮਝਦਾਰ ਲੋਕਾਂ ਨੂੰ ਦਰਕਿਨਾਰ ਕਰਦਾ ਹੈ?

ਜੇ ਆਪਣੀ ਮੌਤ ਦੇ ਜਾਂ ਆਪਣੇ ਲੁੱਟੇ ਜਾਣ ਦੇ ਜ਼ਿੰਮੇਵਾਰ ਅਸੀਂ ਹਾਂ ਤਾਂ ਫਿਰ ਸਹੀ ਵੀ ਅਸੀਂ ਹੀ ਕਰਨਾ ਹੈ! ਕਦੋਂ? ਆਖ਼ਰ ਕਦੋਂ ਕੁੰਭਕਰਨੀ ਨੀਂਦਰ ਤੋਂ ਜਾਗਾਂਗੇ?

ਇੱਕ ਸਿਆਣਾ ਸਿਆਸਤਦਾਨ ਹੀ ਵੇਲੇ ਸਿਰ ਸਹੀ ਕਦਮ ਪੁੱਟ ਕੇ ਅਤੇ ਕਿਹੜੇ ਕੰਮ ਨੂੰ ਤਰਜੀਹ ਦੇਣੀ ਹੈ, ਬਾਰੇ ਚੰਗਾ ਫ਼ੈਸਲਾ ਲੈ ਸਕਦਾ ਹੈ।

ਅਖ਼ੀਰ ਵਿਚ ਸਿਰਫ਼ ਇੱਕ ਕਹਾਣੀ ਸਾਂਝੀ ਕਰਨਾ ਚਾਹੁੰਦੀ ਹਾਂ ਜੋ ਸਾਡੇ ਯੋਗਦਾਨ ਨੂੰ ਬਾਖ਼ੂਬੀ ਸਮਝਾ ਦਿੰਦਾ ਹੈ। ਇੱਕ ਸਮੁੰਦਰੀ ਤੂਫ਼ਾਨ ਬਾਅਦ ਹਜ਼ਾਰਾਂ ਮੱਛੀਆਂ ਕਿਨਾਰੇ ਬਾਹਰ ਤੜਫ਼ ਰਹੀਆਂ ਸਨ। ਉੱਥੇ ਇੱਕ ਸੱਤ ਸਾਲਾਂ ਦਾ ਬੱਚਾ ਆਪਣੀ ਮਾਂ ਨਾਲ ਬਹਿ ਕੇ ਸਾਰਾ ਨੁਕਸਾਨ ਵੇਖ ਰਿਹਾ ਸੀ। ਤੜਫ਼ਦੀਆਂ ਮੱਛੀਆਂ ਨੂੰ ਵੇਖ ਉਸ ਨੇ ਇੱਕ ਮੱਛੀ ਨੂੰ ਚੁੱਕ ਕੇ ਵਾਪਸ ਸਮੁੰਦਰ ਵਿਚ ਸੁੱਟ ਦਿੱਤਾ। ਮੱਛੀ ਤੈਰਦੀ ਹੋਈ ਅਗਾਂਹ ਲੰਘ ਗਈ। ਇੰਜ ਹੀ ਉਸ ਨੇ 20-25 ਹੋਰ ਮੱਛੀਆਂ ਸਮੁੰਦਰ ਵਿਚ ਸੁੱਟੀਆਂ ਤਾਂ ਉਸ ਦੀ ਮਾਂ ਕਹਿਣ ਲੱਗੀ, ''ਇਸ ਨਾਲ ਕੀ ਫ਼ਰਕ ਪੈਣਾ? ਤੂੰ ਸਿਰਫ਼ ਆਪਣਾ ਵਕਤ ਜ਼ਾਇਆ ਕਰ ਰਿਹੈਂ! ਕਿੰਨੀਆਂ ਬਚਾ ਲਵੇਂਗਾ।'' ਬੱਚਾ ਅੱਗੋਂ ਅੱਖਾਂ ਪੂੰਝਦਾ ਹੋਇਆ ਬੋਲਿਆ, ''ਮਾਂ ਤੈਨੂੰ ਤੇ ਮੈਨੂੰ ਫ਼ਰਕ ਨਾ ਵੀ ਪਵੇ, ਪਰ ਜਿਹੜੀ ਇੱਕ ਮੱਛੀ ਬਚ ਗਈ, ਉਸ ਨੂੰ ਜ਼ਰੂਰ ਫ਼ਰਕ ਪੈਣਾ ਹੈ।''

ਬਿਲਕੁਲ ਇਹੋ ਕੁੱਝ ਸਾਡੇ ਉੱਤੇ ਲਾਗੂ ਹੁੰਦਾ ਹੈ। ਚੁਫ਼ੇਰੇ ਮੌਤ ਦਾ ਤਾਂਡਵ ਵੇਖਦੇ ਹੋਏ ਜੇ ਅਸੀਂ ਸਿਰਫ਼ ਮਾਸਕ ਪਾ ਕੇ ਇੱਕ ਦੀ ਵੀ ਜਾਨ ਬਚਾ ਸਕਦੇ ਹਾਂ ਤਾਂ ਉਸ ਜਣੇ ਨੂੰ ਤੇ ਉਸ ਦੇ ਟੱਬਰ ਨੂੰ ਤਾਂ ਫ਼ਰਕ ਪੈਂਦਾ ਹੀ ਹੈ। ਜੇ ਹਰ ਜਣਾ ਇਹ ਜ਼ਿੰਮੇਵਾਰੀ ਸਮਝ ਲਵੇ ਤਾਂ ਅਸੀਂ ਰਲ ਮਿਲ ਕੇ ਇਹ ਜੰਗ ਜਿੱਤ ਸਕਦੇ ਹਾਂ।

ਪਰ, ਇਹ ਨਾ ਭੁੱਲਿਓ ਕਿ ਅਸਲ ਮੁਜਰਮ ਕੌਣ ਹੈ? ਮਦਰਾਸ ਹਾਈ ਕੋਰਟ ਨੇ ਤਾਂ ਇਲੈਕਸ਼ਨ ਕਮਿਸ਼ਨ ਵਾਲਿਆਂ ਉੱਤੇ 302 ਦਾ ਮੁਕੱਦਮਾ ਦਰਜ ਕਰਨ ਨੂੰ ਕਹਿ ਦਿੱਤਾ ਹੈ। ਕੀ ਹੁਣ ਅਸੀਂ ਆਪਣੀਆਂ ਵੋਟਾਂ ਦੀ ਸਹੀ ਵਰਤੋਂ ਕਰਨਾ ਸਿੱਖ ਸਕਾਂਗੇ ਜਾਂ ਹਾਲੇ ਹੋਰ ਮੌਤਾਂ ਦੀ ਉਡੀਕ ਕਰਾਂਗੇ?

-0-

# ਕਿਉਂ ਕਰ ਰਿਹਾ ਹੈ ਸਵੈ ਘੋਸ਼ਿਤ ਯੋਗ ਗੁਰੂ ਐਲੋਪੈਥੀ ਦੀ ਵਿਰੋਧਤਾ?

**-ਬਲਰਾਜ ਸਿੰਘ (ਕਮਾਂਡੈਂਟ) ਪੰਡੋਰੀ ਸਿੱਧਵਾਂ 95011-00062**

ਭਾਰਤ ਦਾ ਇੱਕ ਸਵੈ ਘੋਸ਼ਿਤ ਯੋਗ ਗੁਰੂ ਅਤੇ ਆਯੁਰਵੈਦਿਕ ਦਵਾਈ ਨਿਰਮਾਤਾ ਆਪਣੇ ਬੇਤੁਕੇ ਬਿਆਨਾਂ ਕਾਰਨ ਹਮੇਸ਼ਾਂ ਚਰਚਾ ਵਿੱਚ ਰਹਿੰਦਾ ਹੈ। ਕਦੇ ਸੰਜੀਵਨੀ ਬੂਟੀ ਦੀ ਖੋਜ ਕਰਨ ਦਾ ਦਾਅਵਾ, ਕਦੇ ਕੈਂਸਰ, ਸ਼ੂਗਰ, ਬਲੱਡ ਪ੍ਰੈਸ਼ਰ ਅਤੇ ਏਡਜ਼ ਸਮੇਤ ਹਰੇਕ ਬਿਮਾਰੀ ਦਾ ਇਲਾਜ਼ ਕਰਨ ਦੀਆਂ ਗੱਪਾਂ ਅਤੇ ਹੁਣ ਕਰੋਨਾ ਠੀਕ ਕਰਨ ਦੀ ਦਵਾਈ ਲੱਭਣ ਸਬੰਧੀ ਝੂਠਮਾਰ ਰਿਹਾ ਹੈ। ਅੰਧ ਭਗਤ ਉਸ ਦੀ ਹਰੇਕ ਗੱਪ ਨੂੰ ਇਲਾਹੀ ਹੁਕਮ ਸਮਝ ਕੇ ਉਸ ਵੱਲੋਂ ਤਿਆਰ ਕੀਤੀ ਜਾਣ ਵਾਲੀ ਖੇਹ ਸਵਾਹ ਅਤੇ ਗਊ ਮੂਤਰ ਆਦਿ ਨੂੰ ਅੰਮ੍ਰਿਤ ਸਮਝ ਕੇ ਪੀ ਜਾਂਦੇ ਹਨ। ਬਿਨਾਂ ਕਿਸੇ ਮੈਡੀਕਲ ਡਿਗਰੀ ਤੋਂ ਇੱਕ ਅਨਪੜ੍ਹ ਵਿਅਕਤੀ ਦੁਆਰਾ ਐਨਾ ਵੱਡਾ ਮੈਡੀਕਲ ਸਾਮਰਾਜ ਕਾਇਮ ਕਰ ਲੈਣਾ ਸਿਰਫ ਭਾਰਤ ਵਿੱਚ ਹੀ ਸੰਭਵ ਹੈ। ਜੇ ਕਿਸੇ ਪੱਛਮੀ ਦੇਸ਼ ਵਿੱਚ ਇਸ ਨੇ ਅਜਿਹੀ ਫੈਕਟਰੀ ਲਗਾਈ ਹੁੰਦੀ ਜਾਂ ਅਜਿਹੇ ਦਾਅਵੇ ਕੀਤਾ ਹੁੰਦੇ ਤਾਂ ਕਦੇ ਦਾ ਜੇਲ੍ਹ ਯਾਤਰਾ ਕਰ ਚੁੱਕਾ ਹੁੰਦਾ। ਇਹ ਅਜਿਹੇ ਦਾਅਵੇ ਕਰਨ ਲੱਗਿਆਂ ਬਿਲਕੁਲ ਵੀ ਸ਼ਰਮ ਨਹੀਂ ਮੰਨਦਾ ਕਿ ਕੁਝ ਮਹੀਨੇ ਪਹਿਲਾਂ ਹੀ ਇਸ ਦਾ ਸਭ ਤੋਂ ਚਹੇਤਾ ਚੇਲਾ ਤੇ ਅਰਬਾਂ ਖਰਬਾਂ ਦੀਆਂ ਦਵਾਈ ਕੰਪਨੀਆਂ ਦਾ ਐਮ.ਡੀ. ਆਪਣੇ ਦਿਲ ਦਾ ਅਪਰੇਸ਼ਨ ਏਮਜ਼ ਵਿੱਚੋਂ ਕਰਵਾ ਕੇ ਆਇਆ ਹੈ। ਜੇ ਇਸ ਦੀਆਂ ਦਵਾਈਆਂ ਅਤੇ ਯੋਗ ਆਸਨਾਂ ਵਿੱਚ ਐਨੀ ਸ਼ਕਤੀ ਹੁੰਦੀ ਤਾਂ ਇਹ ਆਪਣੇ ਚੇਲੇ ਨੂੰ ਕਦੇ ਵੀ ਐਲੋਪੈਥੀ ਇਲਾਜ਼ ਨਾ ਕਰਵਾਉਣ ਦੇਂਦਾ। ਇਸ ਤੋਂ ਇਲਾਵਾ ਜਦੋਂ ਇਹ ਖੁਦ ਜਨਾਨੀਆਂ ਵਾਲੇ ਕੱਪੜੇ ਪਹਿਨ ਕੇ ਦਿੱਲੀ ਤੋਂ ਭੱਜਾ ਸੀ ਤੇ ਡਰ ਕਾਰਨ ਬਿਮਾਰ ਹੋ ਗਿਆ ਸੀ ਤਾਂ ਸਰਕਾਰੀ ਹਸਪਤਾਲ ਵਿੱਚ ਦਾਖਲ ਹੋ ਕੇ ਹੀ ਠੀਕ ਹੋਇਆ ਸੀ। ਇਸ ਦੀਆਂ ਗੁਲੂਕੋਜ਼ ਲੱਗੇ ਦੀਆਂ ਫੋਟੋਆਂ ਪ੍ਰਮੁੱਖਤਾ ਨਾਲ ਅਨੇਕਾਂ ਅਖਬਾਰਾਂ ਵਿੱਚ ਛਪੀਆਂ ਸਨ।

ਹੁਣ ਕੁਝ ਦਿਨ ਪਹਿਲਾਂ ਹੀ ਇਸ ਦੀ ਇੱਕ ਵੀਡੀਉ ਵਾਇਰਲ ਹੋਈ ਸੀ ਜਿਸ ਵਿੱਚ ਇਹ ਆਪਣੇ ਕੁਝ ਚਾਟੜਿਆਂ ਨਾਲ ਬੈਠਾ ਐਲੋਪੈਥੀ (ਮੈਡੀਕਲ ਸਾਇੰਸ) ਦੀਆਂ ਬੁਰਾਈਆਂ ਕਰ ਰਿਹਾ ਸੀ ਤੇ ਉਸ ਨੂੰ ਮੂਰਖਾਂ ਦੀ ਸਾਇੰਸ ਦੱਸ ਰਿਹਾ ਸੀ। ਉਸ ਮੁਤਾਬਕ ਐਲੋਪੈਥੀ ਨਾਲ ਕਰੋਨਾ ਠੀਕ ਨਹੀਂ ਹੋ ਸਕਦਾ ਤੇ ਮਰੀਜ਼ਾਂ ਦੀ ਮੌਤ ਨਿਸ਼ਚਿਤ ਹੈ। ਕਰੋਨਾ ਸਿਰਫ ਉਸ ਦੀ ਬਣਾਈ ਕੋਰੋਨਿਲ ਨਾਮਕ ਦਵਾਈ ਖਾਣ ਨਾਲ ਤੇ ਯੋਗ ਕਰਨ ਨਾਲ ਹੀ ਠੀਕ ਹੋਵੇਗਾ। ਉਸ ਮੁਤਾਬਕ ਰੋਜ਼ਾਨਾਯੋਗ ਕਰਨ ਵਾਲੇ ਵਿਅਕਤੀ ਨੂੰ ਕਦੇ ਵੀ ਕਰੋਨਾ ਨਹੀਂ ਹੋ ਸਕਦਾ ਤੇ ਨਾ ਹੀ ਆਕਸੀਜਨ ਸਿਲੰਡਰ ਦੀ ਜਰੂਰਤ ਪੈ ਸਕਦੀ ਹੈ। ਉਹ ਐਨਾ ਢੀਠ ਹੈ ਕਿ ਜਦੋਂ ਇਸ ਸਬੰਧੀ ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਉਸ ਨੂੰ ਨੋਟਿਸ ਭੇਜਿਆ ਅਤੇ ਮੀਡੀਆ ਵਿੱਚ ਭਾਰੀ ਬਦਨਾਮੀ ਹੋਈ ਤਾਂ ਵੀ ਉਸ ਨੇ ਕੋਈ ਪ੍ਰਵਾਹ ਨਹੀਂ




ਕੀਤੀ। ਉਸ ਨੇ ਸਿਰਫ ਉਦੋਂ ਹੀ ਢਿੱਲੀ ਜਿਹੀ ਮਾਫੀ ਮੰਗੀ ਤੇ ਆਪਣਾ ਬਿਆਨ ਵਾਪਸ ਲਿਆ ਜਦੋਂ ਦੇਸ਼ ਦੇ ਸਿਹਤ ਮੰਤਰੀ ਨੇ ਉਸ ਨੂੰ ਸਖਤ ਚੇਤਾਵਨੀ ਦਿੱਤੀ। ਇੰਡੀਅਨ ਮੈਡੀਕਲ ਐਸੋਸੀਏਸ਼ਨ ਨੂੰ ਤਰਕਸ਼ੀਲਾਂ ਵਾਂਗ ਇਸ ਨੂੰ ਚੈਲੇਂਜ਼ ਕਰਨਾ ਚਾਹੀਦਾ ਹੈ ਕਿ ਉਹ ਉਸ ਨੂੰ ਕਰੋਨਾ ਨਾਲ ਇਨਫੈਕਟਿਡ ਕਰਨਗੇ ਤੇ ਉਹ ਹਸਪਤਾਲ ਵਿੱਚ ਦਾਖਲ ਹੋਣ ਦੀ ਬਜਾਏ ਆਪਣੀਆਂ ਖੁਦ ਦੀਆਂ ਦਵਾਈਆਂ ਖਾ ਕੇ ਠੀਕ ਹੋ ਕੇ ਵਿਖਾਵੇ। 100% ਉਮੀਦ ਹੈ ਕਿ ਉਹ ਇਹ ਚੈਲੇਂਜ਼ ਸਵੀਕਾਰ ਨਹੀਂ ਕਰ ਸਕੇਗਾ ਜਿਵੇਂ ਹੁਣ ਤੱਕ ਕੋਈ ਸਾਧ, ਬਾਬਾ, ਤਾਂਤਰਿਕ, ਮਾਂਤਰਿਕ ਜਾਂ ਜੋਤਸ਼ੀ ਤਰਕਸ਼ੀਲਾਂ ਵੱਲੋਂ ਘੋਸ਼ਿਤ ਕੀਤੇ ਗਏ ਕਰੋੜਾਂ ਦੇ ਇਨਾਮ ਨੂੰ ਨਹੀਂ ਜਿੱਤ ਸਕਿਆ।

ਅਜਿਹੇ ਮੂਰਖਾਂ ਵੱਲੋਂ ਦਿੱਤੇ ਜਾਂਦੇ ਅਜਿਹੇ ਬੇਤੁਕੇ ਤੇ ਵਾਹਯਾਤ ਬਿਆਨਾਂ ਦਾ ਸਭ ਤੋਂ ਵੱਡਾ ਕਾਰਨ ਇਹ ਕਿ ਪ੍ਰਚੀਨ ਕਾਲ ਤੋਂ ਹੀ ਬਾਦਸ਼ਾਹਾਂ ਅਤੇ ਧਰਮ ਦੇ ਠੇਕੇਦਾਰਾਂ ਦਾ ਖੋਜੀਆਂ, ਵਿਗਿਆਨੀਆਂ, ਫਿਲਾਸਫਰਾਂ, ਵਿਚਾਰਕਾਂ ਅਤੇ ਸੱਚ ਬੋਲਣ ਵਾਲਿਆਂ ਨਾਲ ਵੈਰ ਰਿਹਾ ਹੈ। ਉਨ੍ਹਾਂ ਨੂੰ ਹਮੇਸ਼ਾਂ ਇਸ ਗੱਲ ਦਾ ਖਤਰਾ ਰਹਿੰਦਾ ਹੈ ਕਿ ਜੇ ਆਮ ਲੋਕਾਂ ਨੂੰ ਸੱਚ ਦਾ ਪਤਾ ਲੱਗ ਗਿਆ ਤਾਂ ਉਨ੍ਹਾਂ ਦੀਆਂ ਝੂਠ ਦੀਆਂ ਦੁਕਾਨਾਂ ਬੰਦ ਹੋ ਜਾਣਗੀਆਂ। ਅਜਿਹੇ ਲੋਕਾਂ ਦਾ ਸਭ ਤੋਂ ਪਹਿਲਾ ਸ਼ਿਕਾਰ ਸੁਕਰਾਤ ਹੋਇਆ ਸੀ ਜਿਸ ਨੂੰ ਜ਼ਹਿਰ ਦਾ ਪਿਆਲਾ ਪੀਣ ਲਈ ਮਜ਼ਬੂਰ ਕੀਤਾ ਗਿਆ ਸੀ। ਇਸ ਤੋਂ ਬਾਅਦ ਈਸਾ ਮਸੀਹ, ਮੰਨਸੂਰ, ਭਗਤ ਕਬੀਰ, ਸਰਮਦ ਅਤੇ ਗੁਰੂ ਸਾਹਿਬਾਨ ਸਮੇਤ ਅਨੇਕਾਂ ਪੀਰਾਂ, ਪੈਗੰਬਰਾਂ, ਭਗਤਾਂ ਅਤੇ ਵਿਚਾਰਕਾਂ ਨੂੰ ਅਜਿਹੇ ਕੱਟੜਵਾਦੀਆਂ ਦੇ ਜ਼ੁਲਮ ਸਹਿਣੇ ਪਏ ਹਨ। ਗੈਲੀਲਿਉ ਜਿਹੇ ਮਹਾਨ ਖਗੋਲ ਸ਼ਾਸ਼ਤਰੀ ਨੂੰ ਇਹ ਕਹਿਣ ਲਈ ਮਜ਼ਬੂਰ ਕੀਤਾ ਗਿਆ ਸੀ ਕਿ ਧਰਤੀ ਸੂਰਜ ਦੁਆਲੇ ਨਹੀਂ, ਬਲਕਿ ਸੂਰਜ ਧਰਤੀ ਦੁਆਲੇ ਘੁੰਮਦਾ ਹੈ। ਧਰਮ ਦੇ ਠੇਕੇਦਾਰ ਹਮੇਸ਼ਾਂ ਵਿਗਿਆਨੀਆਂ ਦੁਆਰਾ ਕੀਤੀਆਂ ਜਾਂਦੀਆਂ ਨਵੀਆਂ ਖੋਜਾਂ ਦਾ ਧਿਆਨ ਰੱਖਦੇ ਹਨ ਤਾਂ ਜੋ ਇਹ ਕਹਿ ਸਕਣ ਕਿ ਇਹ ਤਾਂ ਪਹਿਲਾਂ ਹੀ ਉਨ੍ਹਾਂ ਦੇ ਧਰਮ ਗ੍ਰੰਥਾਂ ਵਿੱਚ ਲਿਖੀਆਂ ਹੋਈਆਂ ਹਨ। ਰੂੜੀਵਾਦੀ ਲੋਕ ਕਦੇ ਵੀ ਆਪਣੇ ਸੜੇ ਗਲੇ ਵਿਚਾਰ ਤਿਆਗਣ ਲਈ ਤਿਆਰ ਨਹੀਂ ਹੁੰਦੇ। ਬਹੁਤੇ ਲੋਕ ਵੀ ਵਿਗਿਆਨੀਆਂ ਦੀਆਂ ਦਲੀਲਾਂ ਸੁਣਨ ਦੀ ਬਜਾਏ ਇਨ੍ਹਾਂ ਪਾਖੰਡੀਆਂ ਮਗਰ ਲੱਗਣ ਨੂੰ ਹੀ ਠੀਕ ਸਮਝਦੇ ਹਨ।

ਭਾਰਤ ਵਿੱਚ ਤਾਂ ਕਰੋੜਾਂ ਲੋਕ ਪਹਿਲਾਂ ਹੀ ਇੰਟਰਨੈੱਟ 'ਤੇ ਫੈਲਾਈਆਂ ਜਾ ਰਹੀਆਂ ਅਫਵਾਹਾਂ ਕਾਰਨ ਕਰੋਨਾ ਦਾ ਟੀਕਾ ਲਗਵਾਉਣ ਨੂੰ ਤਿਆਰ ਨਹੀਂ। ਹੁਣ ਉਹ ਇਸ ਕਥਿੱਤ ਯੋਗ ਗੁਰੂ ਦੁਆਰਾ ਫੈਲਾਏ ਜਾ ਰਹੇ ਝੂਠ ਕਾਰਨ ਹੋਰਵੀ ਸ਼ੰਕਾਲੂ ਹੋ ਜਾਣਗੇ। ਲੋਕਾਂ ਦੀ ਤਾਂ ਗੱਲ ਹੀ ਛੱਡੀਏ, ਪੰਜਾਬ ਦੇ ਇੱਕ ਗੁਆਂਢੀ ਸੂਬੇ ਦੀ ਸਰਕਾਰ ਵੀ ਇਸ ਦੁਆਰਾ ਬਣਾਈ ਗਈ ਗੈਰ ਪ੍ਰਵਾਣਿਤ ਕੋਰੋਨਿਲ ਦਵਾਈ ਨੂੰ ਲੱਖਾਂ ਦੀ ਗਿਣਤੀ ਵਿੱਚ ਖਰੀਦ ਕੇ ਜਨਤਾ ਵਿੱਚ ਵੰਡ ਰਹੀ ਹੈ। ਇਹ ਵੀ ਵਰਨਣਯੋਗ ਹੈ ਕਿ ਇਸ ਦਵਾਈ ਨੂੰ ਜਾਰੀ ਕਰਨ ਦੇ ਸਮਾਗਮ ਵਿੱਚ ਦੋ ਕੇਂਦਰੀ ਮੰਤਰੀ (ਸਿਹਤ ਮੰਤਰੀ ਸਮੇਤ) ਵੀ ਸ਼ਾਮਲ ਹੋਏ ਸਨ। ਹੁਣ ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਇਸ ਨੂੰ ਨੋਟਿਸ ਜਾਰੀ ਕੀਤਾ ਹੈ ਕਿ ਜਾਂ ਤਾਂ ਇਹ 15 ਦਿਨਾਂ ਵਿੱਚ ਆਪਣੇ ਬਿਆਨ ਬਾਰੇ ਮਾਫੀ ਮੰਗੇ, ਜਾਂ ਫਿਰ 1000 ਕਰੋੜ ਦੇ ਹਰਜ਼ਾਨੇ ਦੇ ਕੇਸ ਲਈ ਤਿਆਰ ਰਹੇ। ਉਸ ਦੇ ਜਵਾਬ ਵਿੱਚ ਇਸ ਦੀ ਇੱਕ ਹੋਰ ਵੀਡੀਉ ਸਾਹਮਣੇ ਆਈ ਹੈ, ਜਿਸ ਵਿੱਚ ਇਹ ਮਾਫੀ ਮੰਗਣ ਦੀ ਬਜਾਏ ਕਹਿ ਰਿਹਾ ਹੈ ਕਿ ਮੇਰੇ 'ਤੇ ਮੁਕੱਦਮਾ ਤਾਂ ਇਨ੍ਹਾਂ ਦਾ ਬਾਪ ਵੀ ਦਰਜ਼ ਨਹੀਂ ਕਰਵਾ ਸਕਦਾ। ਇਸ 'ਤੇ ਪੰਜਾਬੀ ਦਾ ਇਹ ਅਖਾਣ ਪੂਰੀ ਤਰਾਂ ਨਾਲ ਢੁੱਕਦਾ ਹੈ ਕਿ ਚੱਕੀ ਹੋਈ ਲੰਬੜਾਂ ਦੀ, ਠਾਣੇਦਾਰ ਦੇ ਬਰਾਬਰ ਬੋਲੇ।

-0-

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨ ਕਲਾ ਤੇ ਕਸਵੱਟੀ

ਭਾਈ ਗੁਰਦਾਸ ਜੀ ਨੇ ਗੁਰਸਿੱਖਾਂ ਦੀ ਅਜਿਹੀ ਸੂਰਤ ਨੂੰ ਆਪਣੀ ਰਚਨਾ ਵਿਚ ਇਉਂ ਪ੍ਰਗਟ ਕੀਤਾ ਹੈ :

**ਜੈਸੇ ਅਨਚਰ (ਨੌਕਰ) ਨਰਪਤ ਕੀ ਪਛਾਨੈਂ ਭਾਖਾ**
**ਬੋਲਤ ਬਚਨ ਖਿਨ ਬੂਝ ਬਿਨ ਦੇਖ ਹੀ।**
**ਜੈਸੇ ਜੌਹਰੀ ਪਰਖ ਜਾਨਤ ਹੈ ਰਤਨ ਕੀ**
**ਦੇਖਤ ਹੀ ਕਹੈ ਖਰੌ ਖੋਟੋ ਰੂਪ ਰੇਖ ਹੀ।**
**ਜੈਸੇ ਖੀਰ ਨੀਰ ਕੋ ਨਿਬੇਰੋ ਕਰਿ ਜਾਨੈ ਹੰਸ**
**ਰਾਖੀਐ ਮਿਲਾਇ ਭਿੰਨ ਭਿੰਨ ਕੈ ਸਰੇਖ ਹੀ।**
**ਤੈਸੇ ਗੁਰ ਸਬਦ ਸੁਨਤ ਪਹਿਚਾਨੈ ਸਿਖ**
**ਆਨ ਬਾਨੀ ਕ੍ਰਿਤਮੀ ਨ ਗਨਤ ਹੈ ਲੇਖ ਹੀ ॥570॥**

ਦੂਜੀ ਸਫਲ ਕਸਵੱਟੀ ਸੀ ਗੁਰਬਾਣੀ ਵਿਚ ਕਾਇਮ ਕੀਤੀ ਹੋਈ ਸੱਚੀ ਤੇ ਕੱਚੀ ਬਾਣੀ ਦੀ ਪ੍ਰੀਭਾਸ਼ਾ, ਜਿਸ ਦੀ ਰੋਸ਼ਨੀ ਵਿਚ ਨਿਰਨਾ ਕਰ ਲਿਆ ਜਾਂਦਾ ਸੀ। ਕਿ ਇਹ " ਧੁਰ ਕੀ ਬਾਣੀ ਹੈ ਜਾਂ " ਪਉਣ ਕੀ ਬਾਣੀ। ਜਿਵੇਂ :

( 1 ) ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁ, ਹੋਰ ਕਚੀ ਬਾਣੀ ॥ ਕਹਦੇ ਕਚੇ, ਸੁਣਦੇ ਕਚੇ, ਕਚੀ ਆਖਿ ਵਖਾਣੀ ॥ ( ਰਾਮਕਲੀ ਮਹਲਾ ੩ ਅਨੰਦੁ, ਪੰਨਾ 920 )। ਅਰਥਾਤ, ਗੁਰੂ - ਆਸ਼ੇ ਤੋਂ ਉਲਟ ਬਾਣੀ ਕੱਚੀ ਹੁੰਦੀ ਹੈ। ਅਜੇਹੀ ਬਾਣੀ ਪੜ੍ਹਨ ਸੁਣਨ ਵਾਲਿਆਂ ਦੇ ਮਨ ਮਾਇਆ ਦੇ ਟਾਕਰੇ ਤੇ ਕਮਜ਼ੋਰ ਹੋ ਜਾਂਦੇ ਹਨ। ਭਗਤ ਕਾਨ੍ਹਾ : ਛੱਜੂ, ਪੀਲੇ ਤੇ ਸ਼ਾਹ ਹੁਸੈਨ ਦੀਆਂ ਰਚਨਾਵਾਂ ਇਸ ਕਸਵੱਟੀ 'ਤੇ ਪੂਰੀਆਂ ਨਾ ਉਤਰੀਆਂ।

(2) ਸਫਲ ਸੁ ਬਾਣੀ ਜਿਤੁ ਨਾਮੁ ਵਖਾਣੀ ॥ ਮਾਝ ਮਹਲਾ ੫, ਪੰਨਾ 103)। ਅਰਥਾਤ, ਉਹ ਬਾਣੀ ਸਫਲ ਹੈ, ਜਿਸ ਵਿਚ ਕੇਵਲ ਰੱਬ ਦਾ ਵਖਿਆਨ ਹੋਵੇ॥

(3) ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ, ਜਿ ਨਾਮਿ ਰਹੇ ਲਿਵ ਲਾਇ॥ (ਸਿਰੀਰਾਗੁ ਮਹਲਾ ੩, ਪੰਨਾ 28 )। ਅਰਥਾਤ, ਉਨ੍ਹਾਂ ਦੀ ਬਾਣੀ ਸਦਾ ਸੱਚੀ ਮੰਨੀ ਜਾਂਦੀ ਹੈ, ਜਿਹੜੇ ਨਾਮ ਵਿਚ ਲਿਵ ਲਾਈ ਰੱਖਦੇ ਹਨ।

(4) ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ ॥ ( ਗਉੜੀ ਮਹਲਾ ੩, ਪੰਨਾ 161)। ਅਰਥਾਤ, ਜੇਹੜੇ ਮਨੁੱਖ ਗੁਰੂ ਦੀ ਸਰਨ ਪੈਂਦੇ ਹਨ, ਉਨ੍ਹਾਂ ਦੀ ਪਰਮਾਤਮਾ ਦੀ ਸਿਫ਼ਤਿ - ਸਾਲਾਹ ਵਿਚ ਉਚਾਰੀ ਹੋਈ ਬਾਣੀ ਸਦਾ ਲਈ ਅਟੱਲ ਹੋ ਜਾਂਦੀ ਹੈ।

(5) ਹਰਿ ਜਨ ਊਤਮ, ਊਤਮ ਬਾਣੀ, ਮੁਖਿ ਬੋਲਹਿ ਪਰਉਪਕਾਰੇ ॥ (ਗੂਜਰੀ ਮਹਲਾ ੪, ਪੰਨਾ 493)। ਅਰਥਾਤ, ਉਨ੍ਹਾਂ ਹਰੀ - ਜਨਾਂ ਦੀ ਬਾਣੀ ਸ੍ਰੇਸ਼ਟ ਹੈ, ਜੋ ਲੋਕ ਭਲਾਈ ਲਈ ਬੋਲਦੇ ਹਨ।

(6) ਸਹਜੇ ਵਖਾਣੀ ਅਮਿਉ ਬਾਣੀ, ਚਰਣ ਕਮਲ ਰੰਗੁ ਲਾਇਆ ॥ (ਆਸਾ ਮਹਲਾ ੫, ਪੰਨਾ 453)। ਅਰਥਾਤ, ਸਹਿਜ ਅਵਸਥਾ ( ਚੌਥੇ ਪਦ ) ਵਿਚ ਬੋਲੀ ਬਾਣੀ ਆਤਮਿਕ ਜੀਵਨ ਦੇਣ ਵਾਲੀ ਹੁੰਦੀ ਹੈ। ਪਰ, ਇਸ ਦੇ ਉਲਟ ਜਿਨ੍ਹਾਂ ਦਾ ਮਨ ਮਾਇਆ ਵਿਚ ਰੱਤਾ ਹੋਵੇ, ਉਨ੍ਹਾਂ ਦੀ ਬਾਣੀ ਬੇਅਸਰ ਹੁੰਦੀ ਹੈ। ਉਹ ਧੁਰ ਕੀ ਬਾਣੀ ਨਹੀਂ, ਪਉਣ ਕੀ ਬਾਣੀ (ਹਵਾ ਦੇ ਬੁੱਲੇ ਵਾਂਗ) ਹੁੰਦੀ ਹੈ।

(7) ਨਾਮਾ ਛੀਬਾ ਕਬੀਰੁ ਜੁਲਾਹਾ ਪੂਰੇ ਗੁਰ ਤੇ ਗਤਿ ਪਾਈ॥ ਬ੍ਰਹਮ ਕੇ ਬੇਤੇ ਸਬਦੁ ਪਛਾਣਹਿ, ਹਉਮੈ ਜਾਤਿ ਗਵਾਈ ॥ ਸੁਰਿ ਨਰ ਤਿਨ ਕੀ ਬਾਣੀ ਗਾਵਹਿ, ਕੋਇ ਨ ਮੇਟੈ ਭਾਈ॥ (ਸਿਰੀਰਾਗੁ ਮਹਲਾ ੩, ਪੰਨਾ 67)। ਅਰਥਾਤ, ਭਗਤ ਕਬੀਰ ਜੀ ਤੇ ਨਾਮਦੇਵ ਜੀ ਵਾਂਗ ਜਿਹੜੇ ਮਨੁੱਖ ਅਕਾਲ ਪੁਰਖ ਨਾਲ ਸਾਂਝ ਪਾ ਕੇ ਆਪਣੇ ਅੰਦਰੋਂ ਹਉਮੈ ਦਾ ਬੀ ਨਾਸ ਕਰ ਲੈਂਦੇ ਹਨ, ਉਹਨਾਂ ਦੀ ਉਚਾਰੀ ਹੋਈ ਬਾਣੀ ਮਨੁੱਖ ਤਾਂ ਕੀ, ਦੇਵਤੇ ਵੀ ਗਾਂਦੇ ਹਨ। ਕੋਈ ਬੰਦਾ ਉਹਨਾਂ ਨੂੰ ਮਿਲੀ ਹੋਈ ਇਸ ਇੱਜ਼ਤ ਨੂੰ ਮਿਟਾ ਨਹੀਂ ਸਕਦਾ। ਸਪੱਸ਼ਟ ਹੈ ਕਿ ਗੁਰੂ ਦ੍ਰਿਸ਼ਟੀ ਵਿਚ ਪ੍ਰਵਾਨ ਚੜੇ ਬਾਣੀਕਾਰ ਸਾਰੇ ਭਗਤ ਤੇ ਸੇਵਕ ਸਿੱਖ ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਵਾਲੀ ਉੱਚਾਤਮਕ - ਅਵਸਥਾ ਦੇ ਹੀ ਮਾਲਕ ਸਨ। ਇਨ੍ਹਾਂ ਦੁਆਰਾ ਉਚਾਰਨ ਕੀਤੀ ਧੁਰ ਕੀ ਬਾਣੀ ਵੀ ਇਕ - ਸਮਾਨ ਹੈ, ਭਾਵੇਂ ਕਿ ਉਨ੍ਹਾਂ ਦਾ ਪਰਿਵਾਰਿਕ ਪਿਛੋਕੜ ਕਿਸੇ ਵੀ ਜਾਤੀ ਜਾਂ ਮਜ਼ਹਬ ਨਾਲ ਸੰਬੰਧਿਤ ਸੀ।ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ 'ਭਗਤਬਾਣੀ' ਦੇ ਸਿਰਲੇਖ ਹੇਠ ਲਿਖਿਆ ਹੈ : "ਭਗਤਾਂ ਦੀ ਉਹ ਬਾਣੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਸਿੱਧ ਕਰਨ ਲਈ ਕਿ ਸੂਦ ਅਥਵਾ ਮੁਸਲਮਾਨ ਆਦਿ ਗਿਆਨੀ ਪੁਰਸ਼ਾਂ ਦੀ ਬਾਣੀ, ਉੱਚ ਜਾਤਿ ਵਿਚ ਪੈਦਾ ਹੋਏ ਭਗਤਾਂ ਦੀ ਬਾਣੀ ਸਮਾਨ ਹੀ ਪਵਿਤ੍ਰ ਹੈ। ਹੇਠ ਲਿਖੇ ਭਿੰਨ - ਭਿੰਨ ਮਜ਼ਹਬ ਅਤੇ ਮਿੱਲਤ ਦੇ ਭਗਤਾਂ ਦੀ ਬਾਣੀ ਗੁਰਬਾਣੀ ਨਾਲ ਮਿਲਾ ਕੇ ਲਿਖੀ ਹੈ : ਸੱਤਾ, ਸਧਨਾ, ਸੈਣ, ਸੁੰਦਰ, ਸੂਰਦਾਸ, ਕਬੀਰ, ਜੈਦੇਵ, ਤ੍ਰਿਲੋਚਨ, ਧੰਨਾ, ਨਾਮਦੇਵ, ਪਰਮਾਨੰਦ, ਪੀਪਾ, ਫਰੀਦ, ਬਲਵੰਡ, ਬੇਣੀ, ਤਿੱਖਾ ਆਦਿ ਭੱਟ, ਭੀਖਨ, ਮਰਦਾਨਾ, ਰਵਿਦਾਸ ਅਤੇ ਰਾਮਾਨੰਦ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਇਸ ਪੱਖ ਨੂੰ ਇਥੋਂ ਤਕ ਉਜਾਗਰ ਕੀਤਾ ਗਿਆ ਹੈ ਕਿ ਭਗਤ ਬਾਣੀ ਦਾ ਇਕ ਸਿਰਲੇਖ ਹੈ ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫॥ " (ਪੰਨਾ 326) ਜੋ ਦੱਸਦਾ ਹੈ ਕਿ ਇਹ ਸ਼ਬਦ ਇਕੱਲੇ ਕਬੀਰ ਜੀ ਹੀ ਨਹੀਂ, ਇਸ ਵਿਚ ਗੁਰੂ ਅਰਜਨ ਸਾਹਿਬ ਦਾ ਵੀ ਹਿੱਸਾ ਹੈ। ਇਹੀ ਕਾਰਨ ਹੈ ਕਿ ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦੇ ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖ ਕੇ ਲਿਖਿਆ ਸੀ ਕਿ "ਇਹ ਗੱਲ ਗੁਰੂ ਅਰਜਨ ਜੀ ਦੀ ਅਦੁੱਤੀ ਵਿਦਵਤਾ ਤੇ ਦਿਮਾਗੀ ਸੂਝ ਦੀ ਵਖਾਲਿਕ ਹੈ। ਚੌਦਾਂ ਸੌ ਤੀਹ ਪੰਨਿਆਂ ਦੀ ਵੱਡੀ ਲਿਖਤ ਵਿਚ ਕਿਧਰੇ ਵੀ ਆਪਾ - ਵਿਰੋਧ ਜਾਂ ਤਰੁੱਟੀ ਨਹੀਂ ਮਿਲਦੀ। ਇਹ ਇਕਸਾਰਤਾ ਉਸ ਵਕਤ ਤਕ ਕਿਸੇ ਯੌਰਪੀਨ ਲਿਖਤ ਵਿਚ ਵੀ ਨਹੀਂ ਸੀ ਆਈ। ਇਸੇ ਲਈ ਪ੍ਰੋ . ਪਿਆਰਾ ਸਿੰਘ ' ਪਦਮ ਨੇ ਆਖਿਆ ਸੀ ਕਿ "ਜੇ ਇਸ ਬਾਣੀ ਨੂੰ ਕੋਈ ਗੁਰੂ ਮੰਨ ਕੇ ਨਾ ਵੀ ਪੜ੍ਹਦਾ ਹੋਵੇ, ਉਸ ਨੂੰ ਇਸ ਦੇ ਸਾਹਿਤਕ ਸੁਆਦ ਅੱਗੇ ਸਿਰ ਝੁਕਾਉਣਾ ਹੀ ਪਵੇਗਾ। " ਕੁਝ ਇਹੀ ਵਿਸ਼ੇਸ਼ ਕਾਰਨ ਹਨ, ਜਿਨ੍ਹਾਂ ਸਦਕਾ ਸੰਸਾਰ ਭਰ ਦੇ ਵਿਦਵਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਸਰਬ - ਦੇਸੀ, ਸਰਵ - ਸਾਂਝੀ ਤੇ ਮਾਨਵਵਾਦੀ ਵਿਚਾਰਧਾਰਾ ਦੀ ਸਰਬੋਤਮਤਾ ਤੋਂ ਇਲਾਵਾ ਸੰਗੀਤਮਈ ਸੁਰੱਖਿਅਤ ਸੰਪਾਦਕੀ - ਕਲਾ ਅਤੇ ਵਿਚਾਰਧਾਰਕ - ਇਕਸਾਰਤਾ ਪੱਖੋਂ ਵੀ ਸਰਬੋਤਮ ਮੰਨਦੇ ਹਨ। ਲੋੜ ਤਾਂ ਕੇਵਲ ਹੁਣ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਰਸ ਹੋਣ ਨਾਤੇ ਖ਼ਾਲਸਾ - ਪੰਥ ਆਪਣੀ ਜ਼ਿੰਮੇਵਾਰੀ ਨੂੰ ਬੇਬਾਕੀ ਸਹਿਤ ਅਦਾ ਕਰੇ। ਗੁਰੂ - ਕਾਲ ਤੋਂ ਲੈ ਕੇ ਅਠਾਰਵੀਂ ਸਦੀ ਤਕ ਦੇ ਹੱਥ - ਲਿਖਤੀ ਬੀੜਾਂ ਦੇ ਲਿਖਾਰੀਆਂ ਅਤੇ 19 ਵੀਂ ਸਦੀ ਤੇ 20 ਵੀਂ ਸਦੀ ਦੀਆਂ ਹੋਈਆਂ ਸੰਸਥਾਗਤ ਤੇ ਛਾਪੇਖ਼ਾਨੇ ਦੀਆਂ ਲਿਖਤੀ ਭੁੱਲਾਂ ਨੂੰ ਸੁਧਾਰਨ ਦੀ ਹਿੰਮਤ ਜੁਟਾਵੇ, ਤਾਂ ਕਿ ਗੁਰਬਾਣੀ ਦੀ ਸੰਪਾਦਕੀ ਸਰਬੋਤਮਤਾ ਪੱਖੋਂ ਵੀ ਕੋਈ ਸਵਾਲ ਨਾ ਖੜਾ ਹੋ ਸਕੇ।

(...ਚੱਲਦਾ)

## • ਗੁਰਮਤਿ ਪ੍ਰਚਾਰ ਕੇਂਦਰ ਲਈ ਅਕਾਊਂਟ ਨੰਬਰ •

ਗੁਰਮਤਿ ਪ੍ਰਚਾਰ ਕੇਂਦਰਾਂ ਦੇ ਪ੍ਰਬੰਧਕ / ਸਪਾਂਸਰ ਵੀਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕੇਂਦਰ ਦੀ ਮਾਇਕ ਸਹਾਇਤਾ ਹੇਠ ਲਿਖੇ ਬੈਂਕ ਅਕਾਊਂਟ ਵਿਚ ਭੇਜੀ ਜਾਵੇ। ਆਪਣਾ ਨਾਮ ਅਤੇ ਕੇਂਦਰ ਦਾ ਨਾਮ ਜ਼ਰੂਰ ਲਿਖਣਾ ਜੀ। ਇਹ ਮਾਇਆ ਕੇਵਲ ਭਾਰਤ 'ਚੋਂ ਹੀ ਭੇਜੋ ਜੀ।

**AXIS Bank Branch : Phullanwal IFSC Code: UTIB0000196**
**A/C 913010032551518**, ਤੁਸੀਂ **GURMAT PARCHAR KENDRA** ਦੇ ਨਾਮ 'ਤੇ ਚੈੱਕ ਵੀ ਭੇਜ ਸਕਦੇ ਹੋ।

ਲੜੀ ਜੋੜਨ ਲਈ ਮਈ 2021 ਅੰਕ ਵੇਖੋ:

# ਜ਼ਿਲ੍ਹਾ ਰਾਵਲਪਿੰਡੀ ਦੇ ਫ਼ਸਾਦ

**'ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ ਦੀ ਗਾਥਾ'** ਕਿਤਾਬ ਵਿਚੋਂ

(22) ਨਵਾਬ ਮਮਦੋਟ ਸਰ ਮੁਹੰਮਦ ਸ਼ਾਹ ਨਵਾਜ਼ ਨੇ 1939 ਵਿਚ ਆਪਣੀ ਮਸ਼ਹੂਰ ਕਿਤਾਬ ਦੀ **ਕੌਨਫ਼ੈਡਰੇਸੀ ਆਫ਼ ਇੰਡੀਆ** ਲਿਖੀ। ਲੇਖਕ ਸਫ਼ਾ 187 'ਤੇ ਲਿਖਦਾ ਹੈ, "ਪਹਿਲੇ ਸਮੇਂ ਵਿੱਚ ਮੁਸਲਮਾਨਾਂ ਤੇ ਸਿੱਖਾਂ ਵਿਚਕਾਰ ਘੋਰ ਰਾਜਨੀਤਿਕ ਦੁਸ਼ਮਣੀ ਸੀ। ਉਹਨਾਂ ਨੇ ਮੁਗ਼ਲ ਰਾਜ ਦੇ ਵਿਰੁੱਧ ਵਿਦਰੋਹ ਕੀਤਾ ਅਤੇ ਉਸ ਸਮੇਂ ਤੋਂ ਚਲਦਾ ਆ ਰਿਹਾ ਆਪਸੀ ਵੈਰ-ਵਿਰੋਧ ਪੰਜਾਬ ਵਿਚ ਸਿੱਖਾਂ ਤੇ ਮੁਸਲਮਾਨਾਂ ਦੀ ਰਵਾਇਤ ਬਣ ਗਈ। ਫੇਰ ਉੱਤਰ-ਪੱਛਮ ਵਿਚ ਸਿੱਖ ਰਾਜ ਦੇ ਦੌਰਾਨ ਸਿੱਖਾਂ ਮੁਸਲਮਾਨਾਂ ਪ੍ਰਤਿ ਧਾਰਮਿਕ ਕੱਟੜਤਾ ਦਾ ਪ੍ਰਗਟਾਵਾ ਕੀਤਾ, ਜਿਸ ਕਰਕੇ ਉਹਨਾਂ ਦੇ ਦਿਲ ਵਿਚ ਸਿੱਖਾਂ ਲਈ ਅਵਿਸ਼ਵਾਸ ਪੈਦਾ ਹੋ ਗਿਆ। ਆਪਸੀ ਵੈਰ-ਵਿਰੋਧ ਜੋ ਇਹ ਕਈ ਵਾਰੀ ਇਕ ਦੂਸਰੇ ਲਈ ਦਿਖਾਂਦੇ ਸਨ, ਪਿਛਲੇ ਮਾੜੇ ਤਅੱਲਕਾਤ ਦਾ ਨਤੀਜਾ ਹੈ। ਪਿਛਲੀਆਂ ਰਾਜਨੀਤਿਕ ਦੁਸ਼ਮਣੀਆਂ ਇਹਨਾਂ ਦੇ ਦਿਲਾਂ 'ਤੇ ਛਾਈਆਂ ਹੋਈਆਂ ਹਨ। ਇਹ ਝਟਕੇ ਅਤੇ ਗਊ ਹੱਤਿਆ ਲੈ ਕੇ ਲੜਾਈ ਛੇੜ ਲੈਂਦੇ ਹਨ ਅਤੇ ਇਕ ਦੂਸਰੇ 'ਤੇ ਆਪਣਾ ਗੁੱਸਾ ਕੱਢਦੇ ਹਨ"। ਮੁਸਲਮਾਨਾਂ ਦਾ ਸਿੱਖਾਂ ਪ੍ਰਤਿ ਵਤੀਰਾ, ਖ਼ਾਸ ਕਰਕੇ ਹੁਣ ਜਦੋਂ ਤੋਂ ਪੰਜਾਬ ਦੀ ਰਾਜਨੀਤਿਕ ਵਾਗਡੋਰ ਉਹਨਾਂ ਦੇ ਹੱਥ ਵਿੱਚ ਆਈ ਹੈ, ਉਹਨਾਂ ਦੀ ਇਤਿਹਾਸਕ ਘਟਨਾਵਾਂ 'ਤੇ ਆਧਾਰਿਤ, ਖ਼ਾਸ ਬਣਾਈ ਹੋਈ ਵਿਉਂਤ ਅਨੁਸਾਰ ਹੈ। ਮੁਸਲਮਾਨਾਂ ਦੀ ਪਾਲਸੀ ਹਮੇਸ਼ਾਂ ਸਿੱਖਾਂ ਦੀ ਧਰਮ-ਦ੍ਰਿੜ੍ਹਤਾ ਨੂੰ ਤੋੜਨਾ ਰਿਹਾ ਹੈ। ਮੁਸਲਮਾਨਾਂ ਦੇ ਬਹੁ- ਗਿਣਤੀ ਵਾਲੇ ਇਲਾਕਿਆਂ ਜਿਵੇਂ ਰਾਵਲਪਿੰਡੀ ਤੇ ਮੁਲਤਾਨ ਵਿੱਚ ਮਾਰਚ 1947 ਤੋਂ ਸਿੱਖਾਂ ਦਾ ਵਿਉਂਤਬੱਧ ਤੇ ਜ਼ਾਲਮਾਨਾ ਕਤਲੇਆਮ ਇਸੇ ਪਾਲਸੀ ਦਾ ਕੁਦਰਤੀ ਨਤੀਜਾ ਹੈ। ਕੈਬਨਿਟ ਮਿਸ਼ਨ ਨੂੰ ਰਾਵਲਪਿੰਡੀ ਤੇ ਮੁਲਤਾਨ ਦੀਆਂ ਘਟਨਾਵਾਂ ਦਾ ਥੋੜ੍ਹਾ ਜਿਹਾ ਅੰਦਾਜ਼ਾ ਸ਼ਾਇਦ ਪਹਿਲੇ ਤੋਂ ਹੀ ਸੀ। ਇਸ ਕਰਕੇ ਉਹਨਾਂ ਨੇ ਇਸ ਗੱਲ ਨੂੰ ਸਵੀਕਾਰ ਕਰ ਲਿਆ ਕਿ ਪੰਜਾਬ ਦੀ ਵੰਡ ਸਿਰਫ਼ ਆਬਾਦੀ ਦੇ ਆਧਾਰ 'ਤੇ ਫਿਰਕੂ ਸਮੱਸਿਆ ਲਈ ਕੋਈ ਮੰਨੇ ਜਾਣ ਵਾਲਾ ਹੱਲ ਨਹੀਂ।

**ਬਟਵਾਰਾ ਤੇ ਲੋਕ ਰਾਜ**

(23) ਜਿਸ ਕਾਰਨ ਕਰਕੇ ਦੇਸ਼ ਦੀ ਵੰਡ ਦੀ ਮੰਗ ਕੀਤੀ ਜਾ ਰਹੀ ਹੈ, ਉਹ ਫ਼ਿਰਕੂ ਸਮੱਸਿਆ ਹੈ। ਸਰਬ ਹਿੰਦ ਮੁਸਲਿਮ ਲੀਗ ਦੀ ਧਾਰਨਾ ਵਿੱਚ 1940 ਤੋਂ ਇਹ ਚਲਿਆ ਆ ਰਿਹਾ ਹੈ ਕਿ ਆਜ਼ਾਦ ਭਾਰਤ ਲਈ ਲੋਕਤੰਤਰੀ ਰਾਜ, ਸੂਤ ਨਹੀਂ ਆਉਂਦਾ। ਇਸ ਕਰਕੇ ਲੀਗ ਦੇਸ਼ ਦਾ ਭਾਰਤ ਤੇ ਪਾਕਿਸਤਾਨ ਵਿੱਚ ਬਟਵਾਰਾ ਚਾਹੁੰਦੀ ਹੈ। ਮੁਸਲਿਮ ਲੀਗ ਅਨੁਸਾਰ ਮੁਸਲਮਾਨ ਇਕ ਵੱਖਰੀ ਕੌਮ ਹੈ ਅਤੇ ਇਸ ਦੇਸ਼ ਦੇ ਦੂਸਰੇ ਵਸਨੀਕਾਂ ਤੋਂ ਸਭਿਅਤਾ, ਸਮਾਜਿਕ ਜੀਵਨ, ਧਰਮ ਦੇ ਦ੍ਰਿਸ਼ਟੀਕੋਣ ਤੋਂ ਵੱਖਰੇ ਹਨ। ਇਸ ਕਰਕੇ ਉਹਨਾਂ ਨੂੰ ਵੱਖਰਾ ਦੇਸ਼ ਮਿਲਣਾ ਚਾਹੀਦਾ ਹੈ ਤਾਂ ਜੋ ਉਹ ਆਜ਼ਾਦ ਰਹਿ ਸਕਣ। ਜੇ ਵੱਡੀ ਗਿਣਤੀ ਵਿੱਚ ਉੱਤਰ-ਪੱਛਮੀ ਪਾਕਿਸਤਾਨ ਵਿੱਚ ਸਿੱਖ ਸ਼ਾਮਲ ਹੋ ਜਾਣ, ਖ਼ਾਸ ਕਰਕੇ ਜਦੋਂ ਉਹ ਪੂਰਬੀ ਸਰਹੱਦਾਂ 'ਤੇ ਕਾਫ਼ੀ ਘਣੀ ਆਬਾਦੀ ਵਿੱਚ ਹਨ, ਤਾਂ ਮੁਸਲਮਾਨਾਂ ਦੇ ਪਾਕਿਸਤਾਨ ਵਿੱਚ ਵਧਣ ਫੁਲਣ ਵਿੱਚ ਰੁਕਾਵਟ ਸੁਭਾਵਿਕ ਹੈ ਅਤੇ ਪਾਕਿਸਤਾਨ ਬਣਾਉਣ ਦੀ ਮੰਗ ਹੀ ਗ਼ਲਤ ਸਾਬਤ ਹੋ ਜਾਂਦੀ ਹੈ। ਜੇਕਰ ਵੱਖਰਾ ਧਰਮ ਤੇ ਉਸ ਦੇ ਫਲਸਰੂਪ ਵੱਖਰੀ ਸਭਿਅਤਾ, ਕੌਮੀ ਜੀਵਨ ਤੇ ਦ੍ਰਿਸ਼ਟੀਕੋਣ ਪਾਕਿਸਤਾਨ ਬਣਾਉਣ ਦਾ ਅਧਿਕਾਰ ਦਿੰਦਾ ਹੈ ਤਾਂ ਇਹ ਇਨਸਾਫ਼ ਨਹੀਂ ਹੋਵੇਗਾ ਕਿ ਪਾਕਿਸਤਾਨ ਦੀ ਪੂਰਬੀ ਸਰਹੱਦ ਤੇ ਘਣੀ ਆਬਾਦੀ ਵਾਲੀ ਘੱਟ-ਗਿਣਤੀ ਨੂੰ ਪਾਕਿਸਤਾਨ ਵਿੱਚ ਰਹਿਣ ਲਈ ਮਜਬੂਰ ਕੀਤਾ ਜਾਵੇ।

**ਸਿੱਖਾਂ ਦੀ ਭੂਗੋਲਿਕ ਸਥਿਤੀ**

(24) ਇਸ ਮਸਲੇ ਵਿੱਚ ਇੱਕ ਹੋਰ ਢੁਕਦਾ ਕਾਰਨ ਪੰਜਾਬ ਵਿੱਚ ਸਿੱਖਾਂ ਦੀ ਭੂਗੋਲਿਕ ਸਥਿਤੀ ਦਾ ਹੈ। ਅੰਬਾਲਾ ਡਵੀਜ਼ਨ ਵਿਚ ਕੁਝ ਸਿੱਖਾਂ ਦੇ ਇਲਾਕਿਆਂ ਨੂੰ ਛੱਡ ਕੇ ਪੰਜਾਬ ਦੇ ਅੰਬਾਲੇ ਜ਼ਿਲ੍ਹੇ ਵਿੱਚ ਸਿੱਖ ਉਥੋਂ ਦੇ ਜਨ-ਜੀਵਨ ਵਿੱਚ ਪ੍ਰਭਾਵਸ਼ਾਲੀ ਸਥਾਨ ਨਹੀਂ ਰਖਦੇ । ਅੰਬਾਲਾ ਡਵੀਜ਼ਨ ਵਿੱਚ ਸਿੱਖਾਂ ਦੀ ਆਬਾਦੀ ਦਾ ਵੇਰਵਾ ਇਸ ਤਰ੍ਹਾਂ ਹੈ :

ਰੋਹਤਕ - 15.00 %
ਗੁੜਗਾਉਂ - 0.07 %
ਕਰਨਾਲ - 2.70 %
ਸ਼ਿਮਲਾ - 2.67 %
ਹਿਸਾਰ- 6.03 %
ਅੰਬਾਲਾ- 18.46 %

ਅੰਬਾਲਾ ਡਵੀਜ਼ਨ ਵਿੱਚ ਸਿੱਖ ਜ਼ਿਆਦਾਤਰ ਹਿਸਾਰ ਦੇ ਸਿਰਸਾ ਉਪ ਜ਼ਿਲ੍ਹੇ ਵਿੱਚ ਅਤੇ ਰੋਪੜ ਤੇ ਖਰੜ ਦੇ ਉਪ ਜ਼ਿਲ੍ਹਿਆਂ ਵਿਚ ਘਣੀ ਆਬਾਦੀ ਵਿਚ ਹਨ। ਅੰਬਾਲਾ ਜ਼ਿਲ੍ਹੇ ਦੇ ਇਹ ਤਿੰਨ ਉਪ ਜ਼ਿਲ੍ਹੇ ਜਲੰਧਰ ਡਵੀਜ਼ਨ ਦੇ ਕੇਂਦਰੀ ਜ਼ਿਲ੍ਹਿਆਂ ਨਾਲ ਲਗਦੇ ਹਨ।

ਜਲੰਧਰ ਡਵੀਜ਼ਨ ਦੇ ਕਾਂਗੜਾ ਜ਼ਿਲ੍ਹੇ ਵਿੱਚ ਸਿੱਖ ਸਿਰਫ਼ 53 % ਹਨ। ਦੂਸਰੇ ਜ਼ਿਲ੍ਹਿਆਂ ਵਿੱਚ ਇਹਨਾਂ ਦੀ ਆਬਾਦੀ ਇਸ ਤਰ੍ਹਾਂ ਵੰਡੀ ਹੋਈ ਹੈ :

ਲੁਧਿਆਣਾ - 41.68 %
ਫ਼ਿਰੋਜ਼ਪੁਰ- 33.69 %
ਜਲੰਧਰ- 26.50 %
ਹੁਸ਼ਿਆਰਪੁਰ- 16.94 %

ਜੇ ਪੂਰੇ ਜਲੰਧਰ ਡਵੀਜ਼ਨ ਨੂੰ ਵੇਖਿਆ ਜਾਵੇ ਤਾਂ ਸਿੱਖ ਇਸਦੀ ਪੂਰੀ ਆਬਾਦੀ ਦਾ 24.5% ਹਨ। ਲਾਹੌਰ ਡਵੀਜ਼ਨ ਵਿੱਚ ਸਿੱਖ ਇਸ ਤਰ੍ਹਾਂ ਵੰਡੇ ਹੋਏ ਹਨ:

ਅੰਮ੍ਰਿਤਸਰ- 36.13 %
ਗੁਰਦਾਸਪੁਰ- 19.18 %
ਲਾਹੌਰ- 18.32 %
ਸ਼ੇਖੂਪੁਰਾ- 18.85 %
ਸਿਆਲਕੋਟ- 11.71 %
ਗੁਜਰਾਂਵਾਲਾ- 10.87 %

ਲਾਹੌਰ ਡਵੀਜ਼ਨ ਵਿੱਚ ਸਿੱਖ ਪੂਰੀ ਆਬਾਦੀ ਦਾ 19.98 % ਹਨ।

ਮਾਰਚ ਦੇ ਕਤਲੇਆਮ ਤੋਂ ਪਹਿਲਾਂ ਸਿੱਖ ਰਾਵਲਪਿੰਡੀ ਦੀ ਪੂਰੀ ਆਬਾਦੀ ਦਾ 4.98 % ਸਨ ਅਤੇ ਇਸ ਕਰਕੇ ਪੰਜਾਬ ਦੇ ਦੋ ਹਿੱਸਿਆਂ ਦੀ ਵੰਡ ਵਿੱਚ ਉਹ ਸਿਰਫ਼ ਆਬਾਦੀ ਦੇ ਆਧਾਰ 'ਤੇ ਰਾਵਲਪਿੰਡੀ ਡਵੀਜ਼ਨ ਦੇ ਕਿਸੇ ਹਿੱਸੇ ਤੇ ਅਧਿਕਾਰ ਨਹੀਂ ਰੱਖ ਸਕਦੇ। ਮੁਲਤਾਨ ਡਵੀਜ਼ਨ ਵਿੱਚ ਸਿੱਖ ਇਸ ਤਰ੍ਹਾਂ ਵੰਡੇ ਹੋਏ ਹਨ :

ਲਾਇਲਪੁਰ- 18.52 %
ਮਿੰਟਗੁਮਰੀ- 13.17 %
ਮੁਲਤਾਨ- 4.40 %
ਝੰਗ- 1.49 %
ਮੁਜ਼ੱਫ਼ਰਗੜ੍ਹ- 0.82 %
ਡੇਰਾ ਗਾਜ਼ੀਖ਼ਾਨ- 0.18 %

ਉਪਰਲਿਆਂ ਅੰਕੜਿਆਂ ਤੋਂ ਇਹ ਦਿਖਾਈ ਦੇਂਦਾ ਹੈ ਕਿ ਸਿੱਖ ਜਲੰਧਰ ਤੇ ਲਾਹੌਰ ਡਵੀਜ਼ਨ ਵਿੱਚ ਤੇ ਮੁਲਤਾਨ ਡਵੀਜ਼ਨ ਦੇ ਮਿੰਟਗੁਮਰੀ ਤੇ ਲਾਇਲਪੁਰ ਜ਼ਿਲ੍ਹਿਆਂ ਵਿੱਚ ਵਧੇਰੀ ਗਿਣਤੀ ਵਿੱਚ ਹਨ। ਇਹ ਸਾਰੇ ਖੰਡ ਇੱਕ ਇਕੱਠਾ ਜੁੜਵਾਂ ਧਰਤੀ ਦਾ ਟੁਕੜਾ ਬਣਾਉਂਦੇ ਹਨ ਅਤੇ ਇਸ ਖੰਡ ਵਿੱਚ ਹੀ ਸਿੱਖਾਂ ਨੇ ਇਹਨਾਂ ਇਲਾਕਿਆਂ ਦੇ ਜਨ-ਜੀਵਨ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਤੇ ਅੱਗੇ ਤੋਂ ਵੀ ਨਿਭਾਉਂਦੇ ਰਹਿਣੇ ਚਾਹੀਦੇ ਹਨ।

**ਸਿੱਖਾਂ ਦਾ ਹੋਮਲੈਂਡ**

(25) ਜਿਸ ਤਰ੍ਹਾਂ ਪਹਿਲੇ ਕਿਹਾ ਜਾ ਚੁੱਕਿਆ ਹੈ ਕਿ ਮੁਸਲਿਮ ਲੀਗ ਦਾ ਪਾਕਿਸਤਾਨ ਦੀ ਸਥਾਪਨਾ 'ਤੇ ਅਧਿਕਾਰ ਇਸ ਕਰਕੇ ਬਣਦਾ ਹੈ ਕਿ ਮੁਸਲਮਾਨ ਇਕ ਵੱਖਰੀ ਕੌਮ ਹੈ। ਇਸ ਕਰਕੇ ਇਹਨਾਂ ਦਾ ਵੱਖਰਾ ਦੇਸ਼ ਹੋਣਾ ਚਾਹੀਦਾ ਹੈ। ਇਹ ਮੁਸਲਿਮ ਲੀਗ ਦੇ ਵਿਧਾਨ ਦੀ ਧਾਰਾ 2 ਵਿੱਚ ਅੰਕਿਤ ਹੈ। ਮੁਸਲਿਮ ਲੀਗ ਦਾ ਇਹ ਦਾਅਵਾ 1945 ਦੇ 'ਸਪਰੂ ਸਮਝੌਤੇ ਦੀ ਕਮੇਟੀ ਅੱਗੇ ਵਿਚਾਰ ਲਈ ਆਇਆ। ਸਪਰੂ ਕਮੇਟੀ ਦੀਆਂ ਸੰਵਿਧਾਨਕ ਤਜਵੀਜ਼ਾਂ ਦੇ ਪੈਰਾ 176 ਵਿੱਚ ਇਹ ਕਿਹਾ ਹੈ, "ਹਿੰਦੂ ਵੀ ਪੰਜਾਬ ਤੇ ਆਪਣਾ ਉਤਨਾ ਹੀ ਹੱਕ ਸਮਝਦੇ ਹਨ ਜਿਤਨਾ ਮੁਸਲਮਾਨ। ਹਿੰਦੂ ਇਤਿਹਾਸ ਦੇ ਸ਼ੁਰੂ ਤੋਂ ਇਥੇ ਰਹਿ ਰਹੇ ਹਨ। ਜੇ ਕੋਈ ਕੌਮ ਪੰਜਾਬ 'ਤੇ ਆਪਣਾ ਖ਼ਾਸ ਅਧਿਕਾਰ, ਜੋ ਹੋਮਲੈਂਡ ਸਮਝ ਸਕਦੀ ਹੈ ਤਾਂ ਇਹ ਸਿੱਖ ਹਨ।

ਅਖ਼ੀਰ ਵਿੱਚ ਪੰਜਾਬ ਦੇ ਰਾਜ ਕਰਨ ਵਾਲੇ ਇਹ ਹੀ ਸਨ ਅਤੇ ਇਹਨਾਂ ਦੇ ਸਭ ਤੋਂ ਪ੍ਰਸਿੱਧ ਧਰਮ ਅਸਥਾਨ ਪੂਰਬ ਵਿੱਚ ਸਰਹੰਦ ਤੋਂ ਲੈ ਕੇ ਪੱਛਮ ਵਿੱਚ ਪੰਜਾ ਸਾਹਿਬ ਤਕ ਫੈਲੇ ਹੋਏ ਹਨ। ਹਰਿਮੰਦਰ ਸਾਹਿਬ ਇਸਦੇ ਵਿਚਕਾਰ ਸਥਿਤ ਹੈ। ਇਹ ਸਿਰਫ਼ ਸਿੱਖਾਂ ਦਾ ਆਪਣਾ ਸ਼ਹਿਰ ਹੀ ਨਹੀਂ, ਬਲਕਿ ਇਹਨਾਂ ਦਾ ਪਵਿੱਤਰ ਅਸਥਾਨ ਹੈ, ਜਿਸ ਨਾਲ ਸਿੱਖ-ਧਰਮ, ਇਤਿਹਾਸ ਅਤੇ ਸਭਿਅਤਾ ਦੁਆਰਾ ਜੁੜੇ ਹੋਏ ਹਨ। ਸਿੱਖਾਂ ਦੀ ਗਿਣਤੀ ਸੱਠ ਲੱਖ ਤੋਂ ਕੁਝ ਘੱਟ ਹੈ। ਤਕਰੀਬਨ 50 ਲੱਖ ਪੰਜਾਬ ਦੇ ਵਸਨੀਕ ਹਨ ਜਿਥੇ ਸਾਰੀਆਂ ਸਿੱਖਾਂ ਦੀਆਂ ਰਿਆਸਤਾਂ ਹਨ।" ਪੰਜਾਬ ਨੂੰ ਸਿੱਖਾਂ ਦਾ ਦੇਸ਼ ਬਣਾਣ ਦਾ ਹੱਕ ਕੈਬਨਿਟ ਮਿਸ਼ਨ ਨੇ ਸਵੀਕਾਰ ਕੀਤਾ। ਲਾਰਡ ਵੇਵਲ 17 ਮਈ 1946 ਨੂੰ ਜਦੋਂ ਕੈਬਨਿਟ ਮਿਸ਼ਨ ਦੀਆਂ ਤਦਬੀਰਾਂ ਨੂੰ ਰੇਡੀਓ 'ਤੇ ਐਲਾਨ ਕਰ ਰਿਹਾ ਸੀ ਤਾਂ ਉਸਨੇ ਇਹ ਵਿਚਾਰ ਦਿੱਤਾ, "ਇਕ ਹੋਰ ਮਹਾਨ ਕੌਮ ਸਿੱਖ ਹਨ ਜੋ ਪੰਜਾਬ ਦੀ ਅਖੰਡਤਾ ਨੂੰ ਬਣਾਈ ਰਖਦੇ ਹਨ, ਜਿਸ ਵਿੱਚ ਉਹਨਾਂ ਨੇ ਪ੍ਰਭਾਵਸ਼ਾਲੀ ਭੂਮਿਕਾ ਨਿਭਾਈ ਹੈ ਅਤੇ ਹੋਰ ਵੀ ਨਿਭਾ ਸਕਦੇ ਹਨ।"

ਮਿਸਟਰ ਰੋਬਰਟ ਨੀਧਮ ਕਸਟ, ਆਈ.ਸੀ.ਐੱਸ. ਜੋ ਰੋਇਲ ਏਸ਼ੀਐਟਿਕ ਸੁਸਾਇਟੀ ਦੇ ਸੈਕਟਰੀ ਸਨ ਅਤੇ ਇਕ ਸਮੇਂ ਪੰਜਾਬ ਦੇ ਰਾਜਨੀਤਿਕ ਏਜੰਟ ਦੇ ਅਸਿਸਟੈਂਟ ਸਨ, 1859 ਈਸਵੀ ਦੇ ਲਿੰਗੁਇਸਟਿਕ ਐਂਡ ਔਰੀਐਂਟਲ ਐਸੇਜ਼ ਦੇ ਸਫ਼ੇ 24 'ਤੇ ਲਿਖਦੇ ਹਨ, "ਇਹ ਇਕ ਸੰਜੋਗ ਦੀ ਗੱਲ ਹੈ, ਇਕ ਮਹਾਨ ਆਦਮੀ ਦੇ ਫੁਰਨੇ ਨਾਲ ਜਾਂ ਘਟਨਾਵਾਂ ਦੇ ਫੇਰ ਨਾਲ ਲਿਖਾਰੀ ਨੇ ਆਪਣੇ ਆਪ ਨੂੰ ਸੱਤ ਸਾਲਾਂ ਬਾਅਦ ਫਿਰ ਉਹਨਾਂ ਲੋਕਾਂ ਵਿਚ ਪਾਇਆ, ਜਿਨ੍ਹਾਂ ਨੂੰ ਉਹ ਬਹੁਤ ਪਿਆਰ ਕਰਦਾ ਸੀ ਤੇ ਉਹ ਉਥੋਂ ਦੇ ਰਹਿਣ ਵਾਲਿਆਂ ਦੇ ਚਰਿੱਤਰ ਨੂੰ ਸਮਝਣ ਅਤੇ ਇਸ ਅਮੀਰ ਧਰਤੀ ਦੇ ਮਹਾਨ ਸ਼ਹਿਰਾਂ ਨੂੰ ਵੇਖਣ ਦਾ, ਜੋ ਚਨਾਬ ਤੇ ਬਿਆਸ ਦੇ ਵਿਚਕਾਰ ਹੈ, ਜੋ ਅਸਲ ਸਿੱਖ ਦੇਸ਼ ਹੈ, ਸਿੱਖ ਧਰਮ ਦੀ ਜਨਮ-ਭੂਮੀ ਹੈ, ਗੁਰੂਆਂ ਦੇ ਸਿੱਖਾਂ ਦੀ ਬਹਾਦਰੀ ਦੇ ਉਪਜ ਘਰ ਨੂੰ ਸਮਝਣ ਦਾ ਮੌਕਾ ਮਿਲਿਆ। ਰੋਬਰਟ ਨੀਧਮ ਕਸਟ ਦੇ ਮੁਤਾਬਿਕ ਇਸ ਧਰਤੀ ਦਾ ਅਸਲ ਨਾਂ ਜਿਸ ਨਾਲ ਇਸਨੂੰ ਜਾਣਿਆ ਜਾਣਾ ਚਾਹੀਦਾ ਹੈ, ਉਹ 'ਸਿੱਖਾਂ ਦਾ ਦੇਸ਼' ਜਾਂ **'ਬਾਬੇ ਨਾਨਕ ਦਾ ਦੇਸ਼'** ਹੈ। ਇਸ ਕਰਕੇ ਮੁਸਲਮਾਨ ਕੌਮ ਨੂੰ ਇਕ ਰਾਜਨੀਤਿਕ ਦੇਸ਼ ਦੇਣ ਲਈ ਸਿੱਖਾਂ ਨੂੰ ਉਹਨਾਂ ਦੇ ਵੱਡੇ ਵਡੇਰਿਆਂ ਦੇ ਦੇਸ਼ ਤੋਂ ਵਾਂਝੇ ਕਰਨਾ ਕੋਈ ਇਨਸਾਫ਼ ਦੀ ਗੱਲ ਨਹੀਂ।

### ਪੰਜਾਬ ਵਿੱਚ ਸਿੱਖਾਂ ਦੀ ਖ਼ਾਸ ਸਥਿਤੀ

(26) ਪੰਜਾਬ ਦੇ ਸੂਬੇ ਵਿੱਚ ਸਿੱਖਾਂ ਦੀ ਖ਼ਾਸ ਸਥਿਤੀ ਦਾ ਇਕ ਹੋਰ ਕਾਫ਼ੀ ਮਹੱਤਵਪੂਰਨ ਕਾਰਨ ਹੈ। 1 ਜੂਨ 1946 ਨੂੰ ਮਾਸਟਰ ਤਾਰਾ ਸਿੰਘ ਨੂੰ ਜੁਆਬ ਦਿੰਦਿਆਂ ਲਾਰਡ ਪੈਥਿਕ ਲਾਰੈਂਸ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉਹਨਾਂ ਦਾ ਇਰਾਦਾ ਪੰਜਾਬ ਜਾਂ ਉੱਤਰ ਭਾਰਤੀ ਖੰਡ ਵਿੱਚ ਸਿੱਖਾਂ ਦੀ ਸਥਿਤੀ ਨੂੰ ਨੁਕਸਾਨ ਪਹੁੰਚਾਉਣ ਦਾ ਨਹੀਂ ਹੈ ਅਤੇ ਕਿਹਾ, "ਇਹ ਕਦੀ ਹੋ ਹੀ ਨਹੀਂ ਸਕਦਾ ਕਿ ਸੰਵਿਧਾਨਿਕ ਸਭਾ ਜਾਂ ਪੰਜਾਬ ਦੀ ਭਵਿੱਖ ਦੀ ਕੋਈ ਸਰਕਾਰ ਕਦੀ ਇਹਨਾਂ ਦੀ ਇਸ ਇਲਾਕੇ ਵਿੱਚ ਖ਼ਾਸ ਸਥਿਤੀ ਨੂੰ ਅੱਖੋਂ ਓਹਲੇ ਕਰੇਗੀ। ਉਸਨੇ ਫਿਰ ਇਹ ਵਿਚਾਰ ਦਿੱਤਾ, "ਸਿੱਖਾਂ ਦੀ ਮਹੱਤਤਾ ਦਾ ਅੰਦਾਜ਼ਾ ਕਦੀ ਵੀ ਸੰਵਿਧਾਨਿਕ ਸਭਾ ਵਿਚ ਉਹਨਾਂ ਨੂੰ ਆਬਾਦੀ ਦੇ ਆਧਾਰ 'ਤੇ ਦਿੱਤੀਆਂ ਸੀਟਾਂ ਦੇ ਮੁਤਾਬਿਕ ਨਹੀਂ ਹੋਵੇਗਾ।

ਸਿੱਖਾਂ ਦਾ ਮਸਲਾ ਹਾਊਸ ਔਫ਼ ਕੌਮਨਜ਼ ਅਤੇ ਹਾਊਸ ਔਫ਼ ਲਾਰਡਜ਼ ਵਿੱਚ ਵਿਚਾਰ ਕਰਨ ਲਈ 18 ਜੁਲਾਈ, 1946 ਵਿਚ ਪੇਸ਼ ਹੋਇਆ। ਉਸ ਵੇਲੇ ਭਾਰਤ ਦੇ ਸੈਕਟਰੀ ਲਾਰਡ ਪੈਥਿਕ ਲਾਰੈਂਸ ਅਤੇ ਸਰ ਸਟੈਫ਼ਰਡ ਕਿਪਸ ਜੋ ਬੋਰਡ ਆਫ਼ ਟ੍ਰੇਡ ਦਾ ਪ੍ਰਧਾਨ ਸੀ, ਨੇ ਕਿਹਾ, "ਪੰਜਾਬ ਦੇ ਭਵਿੱਖ ਵਾਲੇ ਸੰਵਿਧਾਨ ਵਿੱਚ ਪੰਜਾਬ ਦੇ ਕਾਰ-ਵਿਹਾਰ ਵਿੱਚ ਸਿੱਖਾਂ ਦੀ ਸਥਿਤੀ ਮਜ਼ਬੂਤ ਕਰਨ ਲਈ ਖ਼ਾਸ ਸਾਧਨ ਲੱਭੇ ਜਾਣੇ ਚਾਹੀਦੇ ਹਨ।"

### ਆਰਥਿਕ ਅਧਿਕਾਰ

(27) ਮਾਲੀ ਹਿੱਤਾਂ ਦਾ ਸਵਾਲ ਹਮੇਸ਼ਾਂ ਹੀ ਸਰਹੱਦਾਂ ਦੀ ਹੱਦਬੰਦੀ ਲਈ ਸਭ ਤੋਂ ਜ਼ਰੂਰੀ ਕਾਰਨਾਂ ਵਿੱਚੋਂ ਇਕ ਰਿਹਾ ਹੈ। ਸਿੱਖ ਜ਼ਿਆਦਾਤਰ ਪੰਜਾਬ ਦੇ ਦੋ ਕੇਂਦਰੀ ਡਵੀਜ਼ਨਾਂ ਵਿਚ, ਮਿੰਟਗੁਮਰੀ ਤੇ ਲਾਇਲਪੁਰ ਦੇ ਜ਼ਿਲ੍ਹਿਆਂ ਦੀਆਂ ਕਾਲੋਨੀਆਂ ਵਿਚ ਘਣੀ ਵਸੋਂ ਵਿੱਚ ਹਨ। ਇਸ ਹਿੱਸੇ ਵਿੱਚ ਸਿੱਖਾਂ ਦਾ ਸਰੋਕਾਰ ਅਤਿ ਅਵੱਸ਼ਕ ਖੇਤੀਬਾੜੀ ਲਈ ਹੈ। ਅਸਲੀਅਤ ਵਿਚ ਪੰਜਾਬ ਦੇ ਜਲੰਧਰ ਤੇ ਲਾਹੌਰ ਡਵੀਜ਼ਨਾਂ ਵਿਚ ਤੇ ਕਾਲੋਨੀਆਂ ਦੇ ਇਲਾਕੇ ਵਿਚ ਖੇਤੀਬਾੜੀ ਦੀ ਮਾਲੀ ਹਾਲਤ ਜ਼ਿਆਦਾਤਰ ਸਿੱਖਾਂ ਦੀ ਮਿਹਨਤ ਦਾ ਨਤੀਜਾ ਹੈ। ਖ਼ਾਸ ਕਰਕੇ ਕਾਲੋਨੀ ਇਲਾਕਿਆਂ ਦੇ ਬਾਰੇ ਸਰ ਮੈਲਕਮ ਡਾਰਲਿੰਗ ਜੋ ਪਹਿਲੇ ਪੰਜਾਬ ਦਾ ਫਾਈਨੈਂਸ਼ੀਅਲ ਕਮਿਸ਼ਨਰ ਸੀ, ਉਸਦੀ ਕਿਤਾਬ ਦੀ ਪੰਜਾਬ ਪੀਜ਼ੈਂਟ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਆਪਣੀ ਕਿਤਾਬ ਦੇ ਸਫ਼ਾ 41 'ਤੇ ਉਹ ਲਿਖਦਾ ਹੈ, "ਅਸੀਂ ਹੁਣ ਪੰਜਾਬ ਦੇ ਮਹੱਤਵਪੂਰਨ ਹਿੱਸੇ ਦਾ ਜ਼ਿਕਰ ਕਰਦੇ ਹਾਂ। ਇਹ ਖੰਡ ਉੱਤਰ ਵਿਚ ਜੇਹਲਮ ਤੋਂ ਲੈ ਕੇ ਦੱਖਣ ਵਿੱਚ ਥੋੜ੍ਹਾ ਜਿਹਾ ਸਤਲੁਜ ਤੋਂ ਅੱਗੇ ਤੱਕ ਹੈ-ਇਸ ਸੂਬੇ ਦੀਆਂ ਸਾਰੀਆਂ ਖ਼ਾਸੀਅਤਾਂ ਇਸ ਹਿੱਸੇ ਵਿੱਚ ਹਨ। ਇਹ ਸਿੱਖਾਂ ਦੀ ਜਨਮ-ਭੂਮੀ ਹੈ ਤੇ ਇਕ ਸੌ ਸਾਲ ਪਹਿਲਾਂ ਰਣਜੀਤ ਸਿੰਘ ਦੇ ਰਾਜ ਦਾ ਗੜ੍ਹ ਸੀ।" ਇਸੇ ਕਿਤਾਬ ਦੇ ਸਫ਼ਾ 122 'ਤੇ ਲਿਖਾਰੀ ਲਿਖਦਾ ਹੈ, "ਜਿਸ ਤਰ੍ਹਾਂ ਕਲੋਨੀਆਂ ਦਾ ਮਾਲਕ ਕਿਸਾਨ ਜ਼ਿਮੀਂਦਾਰ ਕਾਲੋਨੀਆਂ ਦੀ ਰੀੜ ਦੀ ਹੱਡੀ ਹੈ, ਇਸੇ ਤਰ੍ਹਾਂ ਹੀ ਉਹ ਪੰਜਾਬ ਵਿੱਚ ਤਾਕਤ ਹੈ। ਲਾਇਲਪੁਰ ਦੀ ਕਾਲੋਨੀ ਵਿੱਚ ਇਹਨਾਂ ਕੋਲ 80 % ਜ਼ਮੀਨ ਹੈ ਤੇ ਤਕਰੀਬਨ ਏਨੀ ਹੀ ਸ਼ਾਹਪੁਰ ਵਿੱਚ। ਸ਼ਾਹਪੁਰ ਵਿੱਚ ਜ਼ਿਆਦਾ ਕਿਸਾਨ ਉੱਤਰ ਦੇ ਜ਼ਿਲ੍ਹਿਆਂ ਤੋਂ ਲਏ ਗਏ ਹਨ ਪਰ ਲਾਇਲਪੁਰ ਵਿੱਚ ਸਾਰੇ ਹੀ ਕੇਂਦਰੀ ਪੰਜਾਬ ਤੋਂ ਹਨ। ਕਿਸੇ ਕਾਲੋਨੀ ਵਿੱਚ ਸ਼ਾਇਦ ਹੀ ਇਸ ਤੋਂ ਵੱਧ ਉਪਜ ਹੋ ਸਕਦੀ ਹੋਵੇ। ਜੇ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਦਾ ਜ਼ਿਕਰ ਕਰੀਏ ਤਾਂ ਉਹ ਭਾਰਤੀ ਖੇਤੀਬਾੜੀ ਦਾ ਸਭ ਤੋਂ ਵਧੀਆ ਖੰਡ ਹੈ। ਇਹ ਜੱਟ ਸਿੱਖਾਂ ਦਾ ਘਰ ਹੈ, ਜਿਹਨਾਂ ਨੂੰ ਸਭ ਤੋਂ ਉੱਤਮ ਖੇਤੀਬਾੜੀ ਕਰਨ ਵਾਲੇ ਮੰਨਿਆ ਗਿਆ ਹੈ। ਇਹ ਕਹਿਣਾ ਮੁਸ਼ਕਲ ਹੋਵੇਗਾ ਕਿ ਇਹਨਾਂ ਤਿੰਨਾਂ ਵਿੱਚੋਂ ਕਿਸ ਨੇ ਸਭ ਤੋਂ ਵਧੀਆ ਉਪਜ ਕੀਤੀ ਹੈ। ਮਿਹਨਤ ਅਤੇ ਸੰਜਮ ਲਈ ਲੁਧਿਆਣੇ ਦੇ ਸਿੱਖਾਂ ਨੂੰ ਮਾਤ ਪਾਉਣਾ ਮੁਸ਼ਕਿਲ ਹੈ ਅਤੇ ਅੰਮ੍ਰਿਤਸਰ ਦੇ ਸਿੱਖ ਭਾਵੇਂ ਫ਼ਜ਼ੂਲ ਖ਼ਰਚ ਅਤੇ ਭੜਕਣ ਵਾਲੇ ਹਨ ਪਰ ਕਾਸ਼ਤਕਾਰੀ ਵਿੱਚ ਉਹਨਾਂ ਦਾ ਮੁਕਾਬਲਾ ਨਹੀਂ। ਹਿੰਮਤ, ਖੇਤੀਬਾੜੀ ਦਾ ਹੁਨਰ ਅਤੇ ਵਧੀਆ ਡੀਲ-ਡੌਲ ਉਹਨਾਂ ਸਭ ਦੀਆਂ ਖ਼ਾਸੀਅਤਾਂ ਹਨ ਅਤੇ ਆਪਣੇ ਨਵੇਂ ਵਾਤਾਵਰਣ ਵਿੱਚ ਜੱਟ ਸਿੱਖਾਂ ਨੇ ਜੋ ਉੱਨਤੀ ਕੀਤੀ ਹੈ ਉਸਦੀ ਮਿਸਾਲ ਸ਼ਾਇਦ ਸਾਰੇ ਭਾਰਤ ਵਿੱਚ ਮਿਲਣੀ ਮੁਸ਼ਕਿਲ ਹੈ। ਇਕ ਪੀੜ੍ਹੀ ਤੋਂ ਵੀ ਘੱਟ ਸਮੇਂ ਵਿੱਚ ਉਹਨਾਂ ਨੇ ਜੰਗਲ ਨੂੰ ਗੁਲਾਬ ਦੇ ਫੁੱਲ ਵਾਂਗੂ ਖਿੜਾ ਦਿੱਤਾ ਹੈ। ਇਸ ਤਰ੍ਹਾਂ ਲਗਦਾ ਹੈ ਕਿ ਇਸ ਖੰਡ ਦੀ ਕੁਆਰੀ ਧਰਤੀ ਦੀ ਸ਼ਕਤੀ ਉਸਦੀਆਂ ਨਸਾਂ ਵਿੱਚ ਚਲੀ ਗਈ ਹੈ ਅਤੇ ਉਹ ਕੁਦਰਤ ਦੀਆਂ ਸ਼ਕਤੀਆਂ ਦਾ ਹਿੱਸਾ ਹੀ ਬਣ ਗਿਆ ਹੈ, ਜਿਸ ਨੂੰ ਉਸਨੇ ਜਿੱਤ ਲਿਆ ਹੈ।"

ਇਹ ਗੱਲ ਸਾਫ਼ ਹੈ ਕਿ ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਦੇ ਜੱਟ ਸਿੱਖਾਂ ਦਾ ਪੰਜਾਬ ਦੀਆਂ ਲਾਇਲਪੁਰ ਤੇ ਮਿੰਟਗੁਮਰੀ ਦੀਆਂ ਕਾਲੋਨੀਆਂ ਨੂੰ ਉਪਜਾਊ ਬਣਾਉਣ ਵਿੱਚ ਬਹੁਤ ਵੱਡਾ ਹੱਥ ਹੈ ਜੋ ਭਾਰਤ ਦੇ ਅਨਾਜ ਦਾ ਸਭ ਤੋਂ ਵੱਡਾ ਸ੍ਰੋਤ ਹੈ। ਇਸ ਗੱਲ ਨੂੰ ਦੁਬਾਰਾ ਦੁਹਰਾਇਆ ਜਾਂਦਾ ਹੈ ਕਿ ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਦੇ ਖੇਤੀਬਾੜੀ ਸਬੰਧੀ ਲਾਭ ਬਾਕੀ ਸਾਰੀਆਂ ਕੌਮਾਂ ਦੇ ਲਾਭਾਂ ਨੂੰ ਇਕੱਠਾ ਕਰ ਕੇ ਵੀ ਜ਼ਿਆਦਾ ਬਣਦੇ ਹਨ। ਲਾਹੌਰ ਜ਼ਿਲ੍ਹੇ ਵਿੱਚ ਕੁਲ ਮਾਲੀਆ 14,19,455 ਹੈ। ਜਿਸ ਵਿੱਚੋਂ 8,41,921 ਰੁਪੈ ਇਹ ਦੇਂਦੇ ਹਨ। ਅੰਮ੍ਰਿਤਸਰ ਵਿੱਚ ਇਹ 11,94,574 ਰੁਪੈ ਮਾਲੀਆ ਦੇਂਦੇ ਹਨ ਤੇ ਕੁਲ ਮਾਲੀਏ ਦੀ ਰਕਮ 15,77,131 ਰੁਪੈ ਹੈ।

ਲਾਹੌਰ ਦੇ ਸਾਲਾਨਾ ਮਾਲੀਏ ਵਿਚ 46 % ਹਿੱਸਾ ਸਿੱਖਾਂ ਦਾ ਹੈ। ਸੁਭਾਵਿਕ ਹੀ ਇਹ ਅੰਕੜੇ ਇਹਨਾਂ ਦੀ ਵੱਖਰੇ ਵੱਖਰੇ ਜ਼ਿਲ੍ਹਿਆਂ ਵਿਚ ਆਬਾਦੀ ਦਾ ਵੇਰਵਾ ਦੇਂਦੇ ਹਨ।

ਉਪਰ 19ਵੇਂ ਪੈਰੇ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਦੇ ਪੂਰਬੀ ਤੇ ਕੇਂਦਰੀ ਜ਼ਿਲ੍ਹੇ ਆਪਣੀ ਮਲਕੀਅਤ ਲਈ ਲੋਕਤੰਤਰੀ ਹਨ ਤੇ ਵਧੇਰੇ ਪ੍ਰਤਿਸ਼ਤ ਜ਼ਿਮੀਂਦਾਰ ਆਪਣੀ ਜ਼ਮੀਨ ਆਪ ਵਾਹੁੰਦੇ ਹਨ। ਇਹ ਉਹ ਇਲਾਕਾ ਹੈ ਜਿਥੇ ਸਿੱਖ ਸੰਘਣੀ ਆਬਾਦੀ ਵਿਚ ਹਨ। ਔਸਤਨ ਜ਼ਮੀਨ ਜੋ ਇਕ ਵਿਅਕਤੀ ਵਾਹੁੰਦਾ ਹੈ, ਪੰਜਾਬ ਦੇ ਕੇਂਦਰੀ ਤੇ ਉਪ ਪਹਾੜੀ ਜ਼ਿਲ੍ਹਿਆਂ ਵਿਚ ਪੰਜ / ਛੇ ਏਕੜ ਤੋਂ ਜ਼ਿਆਦਾ ਨਹੀਂ (ਦੀ ਪੰਜਾਬ ਪੀਜ਼ੈਂਟਸ..., ਸਰ ਮੈਲਕਮ ਡਾਰਲਿੰਗ)। ਅਸਲ ਵਿੱਚ ਪੰਜਾਬ ਦੇ ਪੂਰਬੀ ਤੋਂ ਕੇਂਦਰੀ ਜ਼ਿਲ੍ਹਿਆਂ ਵਿੱਚ ਇਤਨੀ ਘੱਟ ਜ਼ਮੀਨ ਹਰ ਇਕ ਕੋਲ ਹੈ ਤੇ ਸੁਰੱਖਿਆ ਦੀ ਹੋਂਦ ਇਤਨੀ ਘੱਟ ਹੈ ਕਿ ਕੋਈ ਘਟਨਾ ਜ਼ਿਮੀਂਦਾਰ ਨੂੰ ਕਰਜ਼ੇ ਵਿੱਚ ਪਾ ਸਕਦੀ ਹੈ। ਆਮ ਕਿਸਾਨ ਜ਼ਿਮੀਂਦਾਰ ਮਸਾਂ ਗੁਜ਼ਾਰਾ ਹੀ ਕਰਦਾ ਹੈ। ਜੇ ਮੌਸਮ ਠੀਕ ਰਹੇ ਤਾਂ ਉਸਦੀ

ਉਪਜ ਉਸਦੀਆਂ ਜ਼ਰੂਰਤਾਂ ਹੀ ਪੂਰੀਆਂ ਕਰਦੀ ਹੈ। ਇਹ ਸਭ ਕੁਝ ਦਰਸਾਉਂਦਾ ਹੈ ਕਿ ਸਿੱਖਾਂ ਦੀ ਆਬਾਦੀ ਹੀ ਸਿਰਫ਼ ਲਾਹੌਰ ਤੇ ਜਲੰਧਰ ਡਵੀਜ਼ਨਾਂ ਵਿੱਚ ਅਤੇ ਕਾਲੋਨੀ ਇਲਾਕਿਆਂ ਵਿੱਚ ਧਰਤੀ ਨਾਲ ਜੁੜੀ ਹੋਈ ਹੈ ਜਦ ਕਿ ਮੁਸਲਮਾਨ ਆਬਾਦੀ ਬਹੁਤੀ ਉਥੋਂ ਦੀ ਵਸਨੀਕ ਨਹੀਂ ਅਤੇ ਉਹਨਾਂ ਵਿੱਚੋਂ ਬਹੁਤ ਸਾਰੇ ਤੁਰਦੀ ਫਿਰਦੀ ਵਸੋਂ ਦਾ ਹਿੱਸਾ ਹਨ।

**ਸਿੱਖ ਅਤੇ ਭਾਰਤੀ ਸੈਨਾ**

(28) ਦੇਸ਼ ਦੀ ਰੱਖਿਆ ਲਈ ਜੋ ਭੂਮਿਕਾ ਸਿੱਖਾਂ ਨੇ ਨਿਭਾਈ ਹੈ, ਉਸ ਤੋਂ ਸਭ ਜਾਣੂ ਹਨ। ਸਿੱਖਾਂ ਦੀ ਸੈਨਿਕ ਤਾਕਤ ਜ਼ਿਆਦਾਤਰ ਮਾਝੇ ਦੇ ਜੱਟਾਂ ਜਾਂ ਕੇਂਦਰੀ ਦੋਆਬਾ ਤੇ ਮਾਲਵਾ ਦੇ ਹਿੱਸੇ ਤੋਂ ਹੈ। ਹਿਸਟਰੀ ਆਫ਼ ਦੀ ਸਿਖਸ ਦੇ ਲਿਖਾਰੀ ਪ੍ਰੋਫ਼ੈਸਰ ਹਰੀ ਰਾਮ ਗੁਪਤਾ ਦੇ ਮੁਤਾਬਕ, "ਅਸਲੀ ਖ਼ਾਲਸਾ, ਜੰਗ ਤੇ ਖੇਤੀਬਾੜੀ ਨੂੰ ਛੱਡ ਕੇ ਹੋਰ ਕੋਈ ਧੰਧਾ ਨਹੀਂ ਜਾਣਦਾ।" ਪੰਜਾਬ ਨੂੰ ਸਿਪਾਹੀਆਂ ਦੀ ਧਰਤੀ ਬਿਆਨ ਕੀਤਾ ਗਿਆ ਹੈ ਅਤੇ ਪ੍ਰੋਫ਼ੈਸਰ ਹਰੀ ਰਾਮ ਗੁਪਤਾ **ਹਿਸਟਰੀ ਆਫ਼ ਦੀ ਸਿਖਸ 1739-1768** ਦੇ ਸਫ਼ਾ 272 'ਤੇ ਲਿਖਦਾ ਹੈ, "ਸਿੱਖਾਂ ਨੇ ਪੰਜਾਬ ਲਈ ਦੁਰਲੱਭ ਖ਼ਿਤਾਬ ਸਿਪਾਹੀਆਂ ਦਾ ਦੇਸ਼ ਜਿੱਤ ਲਿਆ ਹੈ ਅਤੇ ਸਿਰਫ਼ ਉਹੀ ਇਸ ਗੱਲ ਦਾ ਦਾਅਵਾ ਕਰ ਸਕਦੇ ਹਨ ਕਿ ਉਹਨਾਂ ਨੇ ਬਾਹਰੀ ਹਮਲਿਆਂ ਨੂੰ ਰੋਕਿਆ, ਜਿਨ੍ਹਾਂ ਦਾ ਹੜ੍ਹ ਖ਼ਾਲਸੇ ਦੇ ਜਨਮ ਤੋਂ ਕਿੰਨੀਆਂ ਸਦੀਆਂ ਤੋਂ ਚਲਦਾ ਆ ਰਿਹਾ ਸੀ। ਪੰਜਾਬ ਦੀ ਵੰਡ ਨਾਲ ਪੂਰਬੀ ਪੰਜਾਬ ਭਾਰਤ ਦਾ ਸਰਹੱਦੀ ਇਲਾਕਾ ਬਣ ਜਾਵੇਗਾ ਅਤੇ ਸਿੱਖ ਸਹੀ ਅਰਥਾਂ ਵਿੱਚ ਭਾਰਤ ਦੇ ਗੇਟ-ਕੀਪਰ (ਪਹਿਰੇਦਾਰ) ਬਣ ਜਾਣਗੇ। 3 ਜੂਨ 1947 ਦੇ ਐਲਾਨ ਤੋਂ ਕਾਫ਼ੀ ਪਹਿਲਾਂ ਸਿੱਖਾਂ ਨੇ ਪਾਕਿਸਤਾਨ ਪ੍ਰਾਂਤ ਬਣਾਉਣ ਦੀ ਖੁਲ੍ਹੇਆਮ ਮੁਖ਼ਾਲਫ਼ਤ ਦਾ ਐਲਾਨ ਕੀਤਾ। ਜਦੋਂ 3 ਜੂਨ 1947 ਦੇ ਐਲਾਨ ਅਨੁਸਾਰ ਗੈਰ -ਮੁਸਲਮਾਨ ਵਿਧਾਇਕਾਂ ਨੂੰ ਪਾਕਿਸਤਾਨ ਦੇ ਵਿਰੁੱਧ ਜਾਂ ਹੱਕ ਵਿੱਚ ਵੋਟ ਦੇਣੀ ਸੀ ਤਾਂ ਦੋਹਾਂ ਪਾਸਿਆਂ ਦੇ ਸਿੱਖ ਮੈਂਬਰਾਂ ਨੇ ਭਾਰਤ ਦੀ ਸੰਵਿਧਾਨਿਕ ਅਸੈਂਬਲੀ ਦੇ ਲਈ ਹੀ ਵੋਟ ਦਿੱਤੀ ਸੀ। ਇਸ ਕਰਕੇ ਪੰਜਾਬ ਦੀ ਵੰਡ ਸਿੱਖ ਕੌਮ ਦੀ ਇਕੱਠਤਾ ਅਤੇ ਅਖੰਡਤਾ ਨੂੰ ਪੂਰਬੀ ਪੰਜਾਬ ਵਿੱਚ ਕਾਇਮ ਨਹੀਂ ਰੱਖਦੀ। ਇਹ ਕੌਮ ਦੇ ਤੇ ਦੇਸ਼ ਦੇ ਹਿੱਤਾਂ ਲਈ ਬਹੁਤ ਹਾਨੀਕਾਰਕ ਹੈ।

**ਸਿੱਖ ਕੌਮ ਦੀ ਅਖੰਡਤਾ ਨੂੰ ਬਚਾਉਣਾ**

(29) 3 ਜੂਨ 1947 ਨੂੰ ਲਾਰਡ ਮਾਊਂਟਬੈਟਨ ਨੇ ਆਪਣੇ ਬਾਡਕਾਸਟ ਭਾਸ਼ਨ ਵਿਚ ਕਿਹਾ, "ਪੰਜਾਬ, ਬੰਗਾਲ ਤੇ ਅਸਾਮ ਦੇ ਕੁਝ ਹਿੱਸਿਆਂ ਦੇ ਲੋਕਾਂ ਦੀ ਮਰਜ਼ੀ ਪਤਾ ਕਰਨ ਲਈ ਇਹ ਜ਼ਰੂਰੀ ਸੀ ਕਿ ਮੁਸਲਮਾਨਾਂ ਦੀ ਬਹੁਗਿਣਤੀ ਵਾਲੇ ਇਲਾਕਿਆਂ ਤੇ ਦੂਸਰੇ ਇਲਾਕਿਆਂ ਵਿਚ ਹੱਦਬੰਦੀ ਕੀਤੀ ਜਾਵੇ। ਪਰ ਮੈਂ ਇਹ ਸਾਫ਼ ਕਹਿ ਦੇਣਾ ਚਾਹੁੰਦਾ ਹਾਂ ਕਿ ਅਸਲ ਹੱਦਬੰਦੀ ਬਾਊਂਡਰੀ ਕਮਿਸ਼ਨ ਹੀ ਕਰੇਗਾ ਅਤੇ ਉਹ ਬਿਲਕੁਲ ਹੁਣ ਵਾਲੀ ਵਕਤੀ ਹੱਦਬੰਦੀ ਨਾਲ ਮਿਲਦੀ ਨਹੀਂ ਹੋਵੇਗੀ। ਅਸੀਂ ਸਿੱਖਾਂ ਦੀ ਸਥਿਤੀ ਨੂੰ ਧਿਆਨ ਵਿਚ ਰੱਖਿਆ ਹੈ। ਇਹ ਬਹਾਦਰ ਕੌਮ ਸਾਰੇ ਪੰਜਾਬ ਦਾ ਤਕਰੀਬਨ ਅਠਵਾਂ ਹਿੱਸਾ ਹੈ। ਪਰ ਇਹਨਾਂ ਦੀ ਵੱਲੋਂ ਇਸ ਤਰ੍ਹਾਂ ਵੰਡੀ ਹੋਈ ਹੈ ਕਿ ਇਸ ਪ੍ਰਾਂਤ ਦੇ ਵਿਭਾਜਨ ਨਾਲ ਇਹਨਾਂ ਦਾ ਵਿਭਾਜਨ ਲਾਜ਼ਮੀ ਹੈ। ਅਸੀਂ ਸਭ ਜੋ ਸਿਖ ਕੌਮ ਦਾ ਭਲਾ ਚਾਹੁੰਦੇ ਹਾਂ ਇਹ ਸੋਚ ਕੇ ਮਾਯੂਸ ਹਾਂ ਕਿ ਪੰਜਾਬ ਦੀ ਵੰਡ ਜੋ ਇਹ ਆਪ ਚਾਹੁੰਦੇ ਹਨ, ਇਹਨਾਂ ਨੂੰ ਥੋੜ੍ਹਾ ਜਾਂ ਬਹੁਤਾ ਵੰਡਿਆਂ ਬਿਨਾਂ ਨਹੀਂ ਹੋ ਸਕਦੀ। ਕਿੰਨੀ ਕੁ ਹੱਦ ਤਕ ਵੰਡ ਹੁੰਦੀ ਹੈ, ਇਸਦਾ ਫ਼ੈਸਲਾ ਹੱਦਬੰਦੀ ਕਮਿਸ਼ਨ ਕਰੇਗਾ ਜਿਸ ਵਿਚ ਇਹਨਾਂ ਦੀ ਨੁਮਾਇੰਦਗੀ ਹੋਵੇਗੀ। ਕੁਝ ਥੋੜ੍ਹੀਆਂ ਤਬਦੀਲੀਆਂ ਨਾਲ ਚਨਾਬ ਤੇ ਹੱਦਬੰਦੀ 95 % ਸਿੱਖਾਂ ਨੂੰ ਪੂਰਬੀ ਪੰਜਾਬ ਵਿਚ ਲੈ ਆਵੇਗੀ।

ਭਾਸ਼ਾ ( 30 ) ਲੋਕਾਂ ਦੀ ਰਾਜਨੀਤਿਕ ਇਕੱਠਤਾ ਤੇ ਪ੍ਰਾਂਤਾਂ ਦੇ ਬਣਾਉਣ ਵਿਚ ਭਾਸ਼ਾ ਨੇ ਹਮੇਸ਼ਾ ਹੀ ਬੜੀ ਸ਼ਕਤੀਸ਼ਾਲੀ ਤੇ ਨਿਰਣਾਇਕ ਭੂਮਿਕਾ ਨਿਭਾਈ ਹੈ। ਭਾਸ਼ਾ ਦਾ ਗਣਿਤ 1941 ਦੀ ਮਰਦਮਸ਼ੁਮਾਰੀ ਦੇ ਵੇਰਵੇ ਵਿਚ ਨਹੀਂ ਲਿਆ ਗਿਆ। ਮਿਸਟਰ ਐਮ.ਡਬਲਿਊ.ਐਮ. ਯੀਟਸ, ਸੀ.ਆਈ.ਈ; ਆਈ.ਸੀ.ਐਸ. ਜੋ ਭਾਰਤ ਦੀ ਮਰਦਮਸ਼ੁਮਾਰੀ ਦੇ ਕਮਿਸ਼ਨਰ ਸਨ, ਨੇ ਆਪਣੀ ਰਿਪੋਰਟ ਦੇ ਨੌਵੇਂ ਪੰਨੇ ਉੱਤੇ ਇਹ ਕਿਹਾ ਹੈ, "ਹਰ ਇਕ ਦੇ ਵੱਖਰੇ ਵੱਖਰੇ ਜੁਆਬਾਂ ਵਿੱਚੋਂ ਇਕ ਹੋਰ ਪੱਖ ਭਾਸ਼ਾ ਜਾਂ ਲਿੱਪੀ ਦਾ ਸੀ। ਇਥੇ ਅਸੀਂ ਵੱਖਰੀ ਤਰ੍ਹਾਂ ਦੇ ਤੱਥਾਂ ਨੂੰ ਸਮਝ ਰਹੇ ਸਾਂ। ਮਾਂ ਬੋਲੀ ਦਾ ਸਵਾਲ ਆਮ ਤੌਰ 'ਤੇ ਸਾਰਾ ਹੀ ਇਕ ਨਾਗਰਿਕ ਦੀ ਸੰਜਮ ਦੀ ਸ਼ਕਤੀ ਦੇ ਅੰਦਰ ਹੁੰਦਾ ਹੈ। ਕਿਸੇ ਵੀ ਝੂਠੇ ਜੁਆਬ ਨੂੰ ਅਦਾਲਤ ਵਿਚ ਸਾਬਤ ਕਰਨਾ ਬਹੁਤ ਹੀ ਮੁਸ਼ਕਲ ਦਾ ਕੰਮ ਹੈ। ਉਰਦੂ ਜਾਂ ਹਿੰਦੀ ਕਿਸੇ ਨਾਲ ਵੀ ਜਜ਼ਬਾਤੀ ਲਗਾਉ, ਕਈ ਵਾਰੀ ਚੰਗੇ ਚੰਗੇ ਲੋਕਾਂ ਨੂੰ ਇਹ ਮਹਿਸੂਸ ਕਰਾਉਂਦਾ ਹੈ ਕਿ ਇਹ ਉਹਨਾਂ ਦੀ ਮਾਤ੍ਰ ਭਾਸ਼ਾ ਹੋਣੀ ਚਾਹੀਦੀ ਹੈ, ਇਸ ਲਈ ਉਹ ਜੋ ਮਰਜ਼ੀ ਕਰਨ। ਜਿਥੇ ਕਿਧਰੇ ਵੀ ਹਿੰਦੀ, ਉਰਦੂ ਦੀ ਬਹਿਸ ਸ਼ੁਰੂ ਹੋ ਜਾਂਦੀ ਹੈ ਤਾਂ ਮਰਦਮਸ਼ੁਮਾਰੀ ਦੇ ਵੇਰਵਿਆਂ ਦਾ ਕੋਈ ਫ਼ਾਇਦਾ ਨਹੀਂ ਹੁੰਦਾ ਅਤੇ ਉਹ ਹਿੰਦੂ ਤੇ ਮੁਸਲਿਮ, ਜੋ ਆਪਣੇ ਧਰਮ ਨਾਲ ਲਗਾਵ ਰੱਖਦੇ ਹਨ, ਸੋਚਦੇ ਹਨ ਕਿ ਇਸ ਤਰ੍ਹਾਂ ਮਰਦਮਸ਼ੁਮਾਰੀ ਵਿਚ ਆਪਣਾ ਪ੍ਰਭਾਵ ਪਾ ਕੇ ਉਹ ਆਪਣੇ ਧਰਮ ਲਈ ਠੀਕ ਅੰਕੜੇ ਪ੍ਰਾਪਤ ਕਰ ਲੈਣਗੇ ਤੇ ਇਸ ਤਰ੍ਹਾਂ ਅੰਕੜਿਆਂ ਨੂੰ ਗਲਤ ਕਰਦੇ ਹਨ। ਭਾਸ਼ਾ ਤੇ ਲਿੱਪੀ ਦਾ ਵੇਰਵਾ ਨਹੀਂ ਲਿਆ ਗਿਆ ਅਤੇ ਮੈਂ ਹੁਣ ਭਾਰਤ ਸਰਕਾਰ ਨੂੰ ਇਹ ਸਲਾਹ ਦਿਆਂਗਾ ਕਿ ਇਹ ਵੇਰਵੇ ਹੁਣ ਵੀ ਨਾ ਲਏ ਜਾਣ, ਭਾਵੇਂ ਇਹ ਛੱਡੀ ਹੋਈ ਕਾਰਵਾਈ ਫੇਰ ਸ਼ੁਰੂ ਹੋ ਜਾਵੇ। ਭਾਸ਼ਾ ਦੇ ਅੰਕੜਿਆਂ ਲਈ ਇਸ ਕਰਕੇ ਸਾਨੂੰ 1931 ਦੀ ਮਰਦਮਸ਼ੁਮਾਰੀ ਦੀ ਰਿਪੋਰਟ ਦਾ ਸਹਾਰਾ ਲੈਣਾ ਪਵੇਗਾ ਜੋ 1931 ਦੇ ਦਿੱਲੀ ਤੇ ਪੰਜਾਬ ਦੇ ਮਰਦਮਸ਼ੁਮਾਰੀ ਦੇ ਸੁਪ੍ਰਿੰਟੈਂਡੈਂਟ ਖ਼ਾਨ ਅਹਿਮਦ ਹਸਨ ਖ਼ਾਨ ਨੇ ਤਿਆਰ ਕੀਤੀ ਸੀ। ਮਰਦਮਸ਼ੁਮਾਰੀ ਦੇ ਸੁਪ੍ਰਿੰਟੈਂਡੈਂਟ ਭਾਸ਼ਾ ਦੇ ਸਵਾਲ ਬਾਰੇ ਆਪਣੀ ਰਿਪੋਰਟ ਦੇ ਅਧਿਆਇ 10, ਪੰਨਾ 272 'ਤੇ ਲਿਖਦੇ ਹਨ : "ਇਸ ਗੱਲ ਦਾ ਮੇਰੇ ਮਨ ਵਿਚ ਕੋਈ ਸ਼ੱਕ ਨਹੀਂ ਕਿ ਬਹੁਤ ਲੋਕਾਂ ਨੇ ਪੰਜਾਬੀ ਦੀ ਜਗ੍ਹਾ ਆਪਣੀ ਮਾਤ ਭਾਸ਼ਾ ਉਰਦੂ ਜਾਂ ਹਿੰਦੀ ਲਿਖਵਾਈ ਹੈ ਅਤੇ ਇਸ ਕਰਕੇ ਹਿੰਦੁਸਤਾਨੀ ਭਾਸ਼ਾ ਦੇ ਅੰਕੜੇ ਪੰਜਾਬੀ ਦੀ ਥਾਂ 'ਤੇ ਫਜ਼ੂਲ ਵਧ ਗਏ ਹਨ। ਭਾਰਤ ਦੀ ਮਰਦਮਸ਼ੁਮਾਰੀ 1931 ਦੇ ਵੇਰਵੇ 15, ਭਾਗ ਦੂਸਰੀ ਜਿਲਦ 17 ਵਿਚ ਪੰਜਾਬ ਦਾ ਭਾਸ਼ਾ-ਵਾਰ ਵੇਰਵਾ ਦਿੱਤਾ ਗਿਆ ਹੈ। ਜਲੰਧਰ ਡਵੀਜ਼ਨ ਵਿਚ 36,84,755 ਲੋਕਾਂ ਨੇ ਆਪਣੀ ਭਾਸ਼ਾ ਪੰਜਾਬੀ ਲਿਖਵਾਈ ਹੈ ਜਦ ਕਿ ਕੁਲ ਆਬਾਦੀ 46,06,446 ਹੈ। ਜਲੰਧਰ ਡਵੀਜ਼ਨ ਦੇ ਕਾਂਗੜਾ ਜ਼ਿਲ੍ਹੇ ਦੀ ਆਬਾਦੀ ਉਸ ਮਰਦਮਸ਼ੁਮਾਰੀ ਵੇਲੇ 8,01,312 ਸੀ ਤੇ 13,137 ਲੋਕਾਂ ਨੇ ਆਪਣੀ ਭਾਸ਼ਾ ਪੰਜਾਬੀ ਲਿਖਵਾਈ ਸੀ। ਹੁਸ਼ਿਆਰਪੁਰ, ਜਲੰਧਰ, ਲੁਧਿਆਣਾ ਅਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਦੇ ਭਾਸ਼ਾਈ ਵੇਰਵੇ ਦਸਦੇ ਹਨ ਕਿ ਕੁਲ ਆਬਾਦੀ 38,05,134 ਵਿੱਚੋਂ 36,71,618 ਲੋਕਾਂ ਨੇ 1931 ਦੀ ਮਰਦਮਸ਼ੁਮਾਰੀ ਵਿਚ ਆਪਣੀ ਭਾਸ਼ਾ ਪੰਜਾਬੀ ਲਿਖਵਾਈ। ਫੇਰ ਲਾਹੌਰ ਡਵੀਜ਼ਨ ਵਿਚ 54,63,825 ਲੋਕਾਂ ਨੇ ਆਪਣੀ ਭਾਸ਼ਾ ਪੰਜਾਬੀ ਲਿਖਵਾਈ ਜਦ ਕਿ ਕੁਲ ਆਬਾਦੀ 58,79,075 ਸੀ। ਇਹ ਜ਼ਾਹਰ ਹੈ ਕਿ ਜਲੰਧਰ ਡਵੀਜ਼ਨ ਦੇ ਹੁਸ਼ਿਆਰਪੁਰ, ਜਲੰਧਰ, ਫ਼ਿਰੋਜ਼ਪੁਰ ਤੇ ਲੁਧਿਆਣਾ ਜ਼ਿਲ੍ਹਿਆਂ ਦੀ ਅਤੇ ਲਾਹੌਰ ਡਵੀਜ਼ਨ ਦੇ ਗੁਰਦਾਸਪੁਰ, ਅੰਮ੍ਰਿਤਸਰ, ਲਾਹੌਰ, ਸ਼ੇਖੂਪੁਰਾ, ਗੁਜਰਾਂਵਾਲਾ ਅਤੇ ਸਿਆਲਕੋਟ ਜ਼ਿਲ੍ਹਿਆਂ ਦੀ ਭਾਸ਼ਾ ਪੰਜਾਬੀ ਹੈ। ਰਾਵਲਪਿੰਡੀ ਤੇ ਮੁਲਤਾਨ ਡਵੀਜ਼ਨ ਵਿਚ ਕੁਲ ਆਬਾਦੀ 90,17,766 ਵਿੱਚੋਂ 24,98,016 ਲੋਕਾਂ ਨੇ ਆਪਣੀ ਭਾਸ਼ਾ ਪੰਜਾਬੀ ਲਿਖਵਾਈ ਹੈ। ਭਾਸ਼ਾ ਦੇ ਵੇਰਵੇ ਦਸਦੇ ਹਨ ਪੰਜਾਬੀ ਬੋਲਣ ਵਾਲੇ ਜ਼ਿਆਦਾ ਲੋਕੀ ਇਹਨਾਂ ਦੋਹਾਂ ਡਵੀਜ਼ਨਾਂ ਵਿਚ ਗੁਜਰਾਤ ਦੇ ਜ਼ਿਲ੍ਹੇ, ਸ਼ਾਹਪੁਰ, ਮਿੰਟਗੁਮਰੀ, ਲਾਇਲਪੁਰ ਤੇ ਮੁਲਤਾਨ ਦੇ ਕਾਲੋਨੀ ਜ਼ਿਲ੍ਹਿਆਂ ਵਿਚ ਵੱਸਦੇ ਹਨ। ਸਰ ਜੀ.ਏ. ਗ੍ਰੀਅਰਸਨ, ਜਿਨ੍ਹਾਂ ਨੇ ਭਾਰਤ ਦੇ ਭਾਸ਼ਾਈ ਸਰਵੇਖਣ ਵਿਚ ਇਸ ਸਵਾਲ ਨੂੰ ਪਰਖਿਆ ਹੈ, ਦੇ ਮੁਤਾਬਿਕ ਲਹਿੰਦਾ ਪੰਜਾਬ ਤੇ ਪੰਜਾਬੀ ਭਾਸ਼ਾ ਨੂੰ ਵੱਖ ਕਰਨ ਵਾਲੀ ਰੇਖਾ ਗੁਜਰਾਤ, ਗੁਜਰਾਂਵਾਲਾ, ਸ਼ੇਖੂਪੁਰਾ ਅਤੇ ਮਿੰਟਗੁਮਰੀ ਦੇ ਜ਼ਿਲ੍ਹਿਆਂ ਵਿੱਚੋਂ ਦੀ ਲੰਘਦੀ ਹੈ। ਲਿੰਗੁਇਸਟਿਕ ਸਰਵੇ ਆਫ਼ ਇੰਡੀਆ ਦੀ 9 ਵੀਂ ਜਿਲਦ ਦੇ 610 ਪੰਨੇ ਤੇ ਉਹ ਲਿਖਦਾ ਹੈ, " ਗੁਜਰਾਤ ਜ਼ਿਲ੍ਹੇ ਦੇ ਪੱਬੀ ਇਲਾਕੇ ਦੇ ਉੱਤਰ ਤੋਂ ਸ਼ੁਰੂ ਹੋ ਕੇ ਜ਼ਿਲ੍ਹਾ ਗੁਜਰਾਂਵਾਲੇ ਤੋਂ ਬਾਅਦ ਚਨਾਬ ਦੇ ਕਿਨਾਰੇ ਰਾਮਨਗਰ ਤਕ ; ਫਿਰ ਗੁਜਰਾਂਵਾਲੇ ਦੇ ਦੱਖਣ ਦੇ ਕੋਨੇ ਦੇ ਦੱਖਣ ਵਲ ਲਾਈਨ ਖਿੱਚੋ, ਜੋ ਮਿੰਟਗੁਮਰੀ ਦੇ ਉੱਤਰੀ ਕੋਨੇ ' ਤੇ ਜਾ ਕੇ ਮਿਲੇ। ਫਿਰ ਉਸ ਲਾਈਨ ਨੂੰ ਮਿੰਟਗੁਮਰੀ ਦੇ ਦੱਖਣੀ ਕੋਨੇ ' ਤੇ ਲੈ ਜਾਓ। ਸਤਲੁਜ ਦੇ ਨਾਲ ਨਾਲ ਕੁਝ ਮੀਲ ਚਲ ਕੇ ਬਹਾਵਲਪੁਰ ਸੂਬੇ ਦੇ ਉੱਤਰੀ ਕੋਨੇ ਨੂੰ ਪਾਰ ਕਰੋ। ਇਸ ਲਾਈਨ ਦੇ ਪੂਰਬ ਵਲ ਜੋ ਵੀ ਹੈ, ਮੈਂ ਉਸਨੂੰ ਪੰਜਾਬੀ ਕਹਿੰਦਾ ਹਾਂ ਅਤੇ ਉਸਦੇ ਪੱਛਮ ਵਿਚ ਸਭ ਨੂੰ ਲਹਿੰਦਾ। ਭਾਸ਼ਾਈ ਜ਼ਰੂਰਤਾਂ ਨੂੰ ਮੁਖ ਰੱਖਦੇ ਹੋਏ ਪੂਰਬੀ ਪੰਜਾਬ ਨੂੰ ਚਨਾਬ ਦਰਿਆ ਦੇ ਕਿਨਾਰੇ ਤਕ ਜ਼ਰੂਰ ਲਿਆਉਣਾ ਚਾਹੀਦਾ ਹੈ ਅਤੇ ਇਸ ਵਿਚ ਪੰਜਾਬ ਦੇ ਰਚਨਾ ਦੋਆਬ ਦੇ ਪੰਜਾਬੀ ਬੋਲਣ ਵਾਲੇ ਸਾਰੇ ਹਿੱਸੇ ਨੂੰ ਨਾਲ ਮਿਲਾਉਣਾ ਚਾਹੀਦਾ ਹੈ।

(...ਚੱਲਦਾ)

# BHAI MANI SINGH JI SHAHEED-

## The Story of an unparalleled Martyrdom

**Compiled by : Amrit Paul Bansal # 98154-85668**

Bhai Mani Singh Ji Shaheed (martyr), a great Sikh personality of the eighteenth century, occupies a very esteemed position in the Sikh history, when he took control and steered the course of the Sikh's destiny at a very critical stage. A great scholar, a devoted Sikh and a courageous leader, Bhai Mani Singh Ji willingly laid down his life to uphold the dignity of the Sikh religion and the Sikh nation. The nature of his martyrdom in which he was dismembered joint by joint, has become a part of the daily Sikh Ardaas (prayer). He was a childhood companion of Sri Guru Gobind Singh Ji. He was not of the same age as Sri Guru Gobind Singh Ji (at that time called Gobind Rai ji) but much older. He acted as scribe, when GuruGobind Singh Ji dictated Sri GuruGranth Sahib Ji.

In 1699, after the "Khalsa Panth" was created, Guruji sent Bhai Mani Singh Ji and five other sikhs to Amritsar, with instructions to take possession of Sri Harmider Shaib. As a result of Bhai Mani Singh Ji's efforts, a large number of farmers from northern Punjab, were initiated as khalsas, whose numbers increased day by day. He actively taught the reading of Gurbani and its philosophy to the Sikhs. After initiating the people of Majha to the Khalsa Panth, Bhai Mani Singh Ji came back to Anandpur Sahib. In 1721, Mata Sunder Kaur Ji, (wife of Sri Guru Gobind Singh Ji), appointed Bhai Mani Singh Ji as the Granthi of Sri Harmandir Sahib and sent him to Amritsar to sort out the disputes amongst the different Sikh groups, which had been formed and to unite the Sikh nation as one. He restored the peace among the khalsa and put the affairs of Sri Harmandir Sahib In order.

Bhai Mani Singh Ji planned to use Bandi Chhor divas on Diwali as an opportunity to unite the khalsa together at Sri Harmandir Shaib. He asked to the Governor of Lahore Zakaria Khan, for permission to hold the Diwali festival and to allow the big gathering on Diwali. The permission was granted for a tribute of Rs. 5000/- only. He hoped that he would be able to pay the sum, out of the offering to be made by Sikhs, who were invited to come. He sent letters out to the Sikhs across Punjab that all Sikhs will unite on Diwali day at Amritsar. However, the Mughals were cunning and they planned to attack the Sikhs and kill all the young Sikh men, when they gathered at Amritsar. With the blessings of Waheguru, an informant, informed of the Mughals plans. He was angered at the betrayal of Zakaria Khan. He resent letter out to the Sikhs across Punjab, telling them not to come to Amritsar on Diwali and that the gathering of the all khalsa has been canclled.

Bhai Mani Singh Ji refused to pay the tax for Sikh gathering at Amritsar, which was supposed to take place on Diwali day, but was cancelled. On refusing to pay Rs. 5000/- only worth of tax, Bhai Mani Singh Ji was arrested by the Mughal police force and brought to the court of Zakaria Khan. Bhai Mani Singh Ji greeted with Sri Guru Gobind Singh Ji's satuation, "Waheguru Jee Ka Khalsa, Waheguru jee Ki Fateh" (the khalsa is waheguru's, the victory is waheguru's).

Listening, Zakaria Khan became enraged and said, "Oh Mani Singh, open your eyes and see, you are that this moment not walking in the parkarmaa of Harimandar, where you shout these slogans! You are now in Lahore, in Zakaria Khan's court, where the air says, "Allah is great, Allah is great", where do you get the nerve to say your Sikh slogans? Bhai Mani Singh said with might and power, "you haven't met a fox today, you have today met a lion of Guru Gobind Singh Ji!.

Zakaria Khan contained his anger and said, "Oh old man, you are no longer young. If you convert into my religion, then I will convert the remainder of your life into happiness and pleasure. I will give you many wives, I will give you land and will give you a throne to sit on. Oh Mani Singh, what is the difference, before you read Gurbaani and now can you read the Quran. Before you used to say 'Waheguru', now you can say 'Allah is Great' What is the difference in this?"

Bhai Mani Singh, who was an educated Sikh, said, "Oh Zakaria Khan, remember, we have no anger or hatred with your religion. Our Bani says... ਫਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥ ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥70॥ Fareeda be nevaajaa kutiyaa, eh naa bhallee reeth. Kabhee chal naa aayiaa panjey vakath maseeth... Fareed: O faithless dog, this is not a good way of life. You never come to the Mosque for your five daily prayers (Ang 1381, SGGS)."

"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥1॥ Aval Allah noor upaayiaa, kudhrath ke sabh bandhey. Eik noor the sabh jag upjiyia, a kaun bhalley ko mundhey... First, Allah created the Light; then, by His Creative Power, He made all mortal beings. From the One Light, the entire universe welled up. So who is good, and who is bad? (Ang 1349, SGGS)"

"Oh Zakaria Khan, remember, in the religion we were born, in that

religion we will breath our last breaths. You say you know the stories about the Sikhs. Do you know that Guru Nanak Ji planted the flower of Sikhi and that even a storm cannot uproot that flower. Not even a storm! It is that type of flower which is does not bend down but instead breaks," said Bhai Mani Singh ji.

Shakespeare says: "Those who face the storm they stay, those who bend they break."

Gurbaani says: 'ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ... Purjaa purjaa katt marai, kabhooh naa chhaadai keyth... He may be cut apart, piece by piece, but he never leaves the field of battle' (Ang 1105, SGGS).

Zakaria Khan replied to, "Your talk is very big Mani Singh. Remember, I will give you that type of torture; I will decree that type of fatwaa, legal decree, that you will shake and tremble.

With a smile on his face, Bhai Mani Singh ji answered back, "The land can shake, the sky can tremble, but a Sikh of Guru Nanak Ji cannot tremble or shake. Sikhi is that religion, whose fifth guru, Guru Arjan Dev Ji sat on a hot plate and faced tortures. It is that religion, that in order to keep it alive, children aged 5 and 7 years old gave up their lives but not their religion. Remember Zakaria, I will die for my religion, but will not do what you say."

The next day, Zakaria Khan called the Qazi. "Oh Qazi, from your book of Shari'a Law, I want you declare a fatwaa (legal judgement), such a fatwaa that the whole earth and sky will tremble," said Zakaria Khan. The Qazi opened the Book of Shari'a and announced the fatwaa: "May this Kaafir (Infidel) be cut piece by piece, limb by limb."

Listening, Bhai Mani Singh started to stump his foot into the ground in frustration. Zakaria was standing by and said, "Oh Mani Singh, you got scared? You seemed be getting frustrated. We have only made you listen to the fatwaa, we have yet to cut you limb by limb."

Staring into Zakaria Khan's eyes, Bhai Mani Singh said, "Oh Zakaria Khan I am not scared. I am frustrated with my Guru, GuruGobind Singh Ji." He replied, "Obviously you were going to get frustrated with your Guru! What have you got out of your Guru's Sikhi? having a fatwaa of being cut limb by limb. You still have time to convert to Islam."

Bhai Mani Singh ji answered back, "This is not the case. I am frustrated with my Guru because when I left Amritsar, I did an Ardaas. "Oh King and Master, may each hair on my body be accepted for GurSikhi." But instead why have my limbs only been accepted and not each hair on my body. What shortage (kammee) was there in my Ardaas?"

"You seem to talk lots, but remember yet you have not seen the face of the executioner. When you see him you will get frightened," said Zakaria Khan. The executioner arrived. In his hand is a blade. "Oh executioner, sharpen up your blade and I will sharpen up my mind," said Bhai Mani Singh to the executioner. The executioner replied, "I will sharpen my blade with sand. What will you sharpen your mind with?" Bhai Mani Singh ji answered him, "Oh executioner, with the sand you are going to sharpen your blade that sand can break because man made it. But Akaal Purakh makes the sand I am going to use. That sand is, Naam, that sand is Gurbaani. I will sharpen my mind with Naam and Gurbaani."

Now the executioner sharpens his blade with sand and sharpened his mind with Naam. He recited Japji sahib and finishing reciting Gurbaani he roared a loud jaikaara, "Boley so nihaal! Sat sriAkaal!" With a glowing face with the power of Naam and Gurbaani, shouted to the executioner, "Come on executioner, now me and you will talk." A wooden block was brought forward. Bhai Mani Singh ji came forward saying "Satnaam WaheGuru" he put forward his right hand on the wooden block.

The executioner makes his mark on Bhai Mani Singh's fingers. Bhai Mani Singh Ji pulls away his hand. "Mani Singh, you got scared! Before you were talking so much, yet this is the first cut. You couldn't even handle the first cut, yet we are going to cut you limb by limb, your whole body," said Zakaria Khan.

Bhai Mani Singh Jireplied back, "Oh executioner, what were your orders? You were ordered to cut me piece by piece. You have left all my fingers. Zakaria Khan, ensure your servant doesn't disrespect your orders and I will not disrespect my Father, GuruGobind Singh JiPaatshaah's orders.

Piece by piece, Bhai Mani Singh Ji's body was cut to bits, he only recited Gurbaani, and it was what he had lived and breathed... "ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ... Purjaa purjaa katt marai, kabhooh naa chhaadai keyth... He may be cut apart, piece by piece, but he never leaves the field of battle (Ang. 1105).

Saying 'Satnaam Waheguru' Bhai Mani Singh Ji'sfingers, wrist, elbows, shoulder, toes and knees were all chopped on the wooden block. There was a pool of blood. The body lay severed into pieces. No arms, no legs. "ਮੇਰਾ ਸਿਰ ਜਾਵੇ ਤਾਂ ਜਾਵੇ, ਪਰ ਮੇਰਾ ਸਿੱਖੀ ਸਿਦਕ ਨਾ ਜਾਵੇ। Mera Sir JaavaTaaJaava Par MeriSikhiSidqnaa java... If my head goes then so be it, but may I never give up my Sikh faith."


Thus Bhai Mani Singh Ji was executed by dismemberment.

Bhai Mani Singh Ji was executed at Naulakha Chowk Lahore in December 1738. The Naulakha Chowk has since been known as Shaheed Ganj – the place of martyrdom. This year the martyrdom day of Bhai Mani Singh Ji is being celebrated on 09 July, 2021 (25 Haarh).

-0-

# भाई मनी सिंघ जी शहीद - शहादत की अदभुत गाथा

संग्रह कर्ताः अमृत पाल बंसल 98154–85668



भाई मनी सिंघ जी शहीद, अठारहवीं शताब्दी के एक महान सिख व्यक्तित्व हैं, जो सिख इतिहास में एक बहुत ही सम्मानित स्थान रखते हैं। एक महान विद्वान, एक समर्पित सिख और साहसी नेता, भाई मनी सिंघ जी ने सिख धर्म और सिख राष्ट्र की गरिमा को बनाए रखने के लिए स्वेच्छा से अपना जीवन बलिदान कर दिया था। जब उन्होंने इस्लाम स्वीकार करने से मना कर दिया था, तो मुगल शासकों ने उनके शरीर के सभी जोड़ो से काट–काट कर उनकी हत्या का आदेश दे दिया। इसी लिए उनकी शहादत की प्रकृति, दैनिक सिख अरदास (प्रार्थना) का हिस्सा बन गई। वह श्री गुरू गोबिन्द सिंघ जी के बचपन के साथी थे और छोटी आयु से ही उनकी सेवा में रहे। 1699 में, वैसाखी के दिन, जब गुरू गोबिन्द सिंघ ने खालसा पंथ की स्थापना की और भाई मनी सिंघ जी ने गुरू जी के हाथों अमृतपान किया और मनी राम से मनी सिंघ जी बन गये। इसके पश्चात गुरू जी ने भाई मनी सिंघ और अन्य सिंघों को, हरिमंदिर साहिब पर कब्जा करने के निर्देश के साथ अमृतसर भेजा। भाई मनी सिंघ जी के प्रयासों के परिणाम स्वरूप, उत्तरी पंजाब से बड़ी संख्या में जाटों (किसानों) ने अमृतपान किया, और खालसा पंथ स्वीकार किया, जिनकी संख्या दिन–ब–दिन बढ़ती गई। उन्होंने सिखों को सक्रिय रूप से गुरबाणी और उसके सिद्धान्त का पाठ पढ़ाया। माझा के लोगों को खालसा पंथ की दीक्षा देने के बाद, आप आनंदपुर साहिब वापस आ गए।

जब संन् 1704 ईः में श्री गुरू गोबिन्द सिंघ जी ने आनंदपुर छोड़ा तो गुरू जी की आज्ञा के अनुसार, भाई मनी सिंघ जी, माता सुंदरी जी के साथ दिल्ली चले गए तथा संन् 1705 ईः में गुरू जी की सेवा में दमदमा साहिब पहुँचे। दक्षिण की धरती नांदेड़ जाने के समय भाई मनी सिंघ जी भी गुरू जी के साथ चले गए। सचखंड गमन करने से पहले गुरू जी ने माता जी के पास रहने के लिए भेजा यहीं से माता सुंदर कौर जी ने श्री दरबार साहिब जी का प्रबंध ठीक करने के लिए, आपको संन् 1721 ईः के शुरू में श्री दरबार साहिब जी का ग्रंथी बना कर भेजा। आपने शहर के प्रमुख सिखों से मश्वरा करके श्री दरबार साहिब का प्रबंध सुधारा।

श्री अमृतसर साहिब में दीपावली का मेला मुगल सरकार ने काफी सालों से बंद करवा रखा था। संन् 1716 ईः से लेकर 1766 ईः तक खालसे के लिए परीक्षा की घड़ी थी। खालसा के सिरों की कीमत रखी गई थी। खालसा जंगलों, पहाड़ों और रेगिस्तान में पनाह लेकर बैठा था। खालसा की ताकत को एकजुट करने के लिए भाई साहिब ने एक योजना बनाई। संन् 1738 में भाई साहिब ने सूबा लाहौर ज़करिया खां से बंदी छोड़ दिवस मनाने के लिए आज्ञा मांगी। आज्ञा इस शर्त पर दी गई कि मेले के बाद भाई साहिब पांच हज़ार रूपये सरकार को देंगे। मेला दस दिन लगना था। इसके लिए आपने खालसा को संदेश भेजे, परन्तु उधर सूबे के दीवान लखपत राए की मदद के लिए बहुत सारी फौज भेज दी गई, जिसने राम तीर्थ पर आकर डेरा जमा लिया। इनकी योजना थी कि मेले में जब खालसा इकत्र होगा, तो हमला करके खालसे को तबाह कर दिया जाए। भाई साहिब जी को इस योजना का पता लग गया। आप ने दुबारा संदेश भेजे कि खालसा इकत्र ना हो। आपके हुक्म अनुसार खालसा इकत्र नहीं हुआ।

दीपावली के बाद जब लाहौर हकूमत ने पैसे मांगे तो, आपने स्पश्ट रूप से कह दिया कि खालसा आपकी चालों में नहीं आएगा। एक तरफ आपके फौजी दस्ते, खालसा को खत्म करने के लिए गश्त करें और दूसरी तरफ हम आपको पैसे दें। आप का यह वादा था कि खालसे को कुछ नहीं कहा जाएगा। इस लिए किस बात के पैसे? मुगल हकूमत द्वारा इसको अपराध का दर्जा देते हुए, भाई मनी सिंघ जी और दूसरे सिंघों को गिरफतार करके लाहौर लिजाया गया। वहां उनसे कहा गया कि मुसलमान हो जाओ, नहीं तो आपको बंद–बंद (हड्डी के प्रत्येक जोड़ से) काट दिया जाएगा, मगर आप जी ने मुसलमान बनने से साफ इंकार कर दिया।

आप ने कहा कि मेरे पास अपना तो कुछ भी नहीं। मेरा शरीर, मेरी आत्मा सब मेरे गुरू की है, यह में तेरह साल की आयु में ही गुरू को सौंप चुका हूँ। न मैंने पैसे देने है तथा ना ही मैंने इस्लाम में आना है। मुझे तो शहीदी चाहिए, चाहे जोड़ जोड़ काटो, चाहे कोई अन्य ढंग इस्तेमाल करो। संन् 1738 को भाई मनी सिंघ जी को नौलखा चौक में ले गए। वहां पहले ही हज़ारों स्त्री–पुरूष आपके दर्शन करने के लिए इकत्र हुए थे। आप को मैदान के मध्य बिठा दिया गया। काज़ी आपके पास फिर आया और कहने लगा, "हे फकीर! अभी भी वक्त है, इस्लाम कबूल कर ले। मुफत में अपनी जान मत गंवा।" आपने कहा, मैं अपने देश, अपनी कौम के लिए खुशी खुशी मरने को तैयार हूँ। मैं मौत से नहीं डरता, क्योंकि मौत तो एक दिन आनी ही है। मैं भाग्यशाली हूँ कि मैं अपने धर्म और कौम के लिए शहीद हो रहा हूँ।

अब वह समय आ गया, जल्लाद ने भाई साहिब को कहा आंखों पर पट्टी बांधना चाहते हो? भाई साहिब ने कहा इसकी

शेष पेज 42 पर

# ਪੰਜਾਬ ਵਿਚ ਦੇਸੀ ਅੰਬਾਂ ਦੀ ਕਾਸ਼ਤ 'ਤੇ ਇਕ ਝਾਤ

-ਸਰਵਪ੍ਰਿਆ ਸਿੰਘ ਅਤੇ ਨਵਪ੍ਰੇਮ ਸਿੰਘ
-ਕ੍ਰਿਸ਼ੀ ਵਿਗਿਆਨ ਕੇਂਦਰ ਬਠਿੰਡਾ, ਫਲ ਵਿਗਿਆਨ ਵਿਭਾਗ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਅਤੇ ਪੰਜਾਬ ਬਾਇਓਡਾਈਵਰਸਿਟੀ ਬੋਰਡ, ਚੰਡੀਗੜ੍ਹ ਵਲੋਂ ਦੁਰਲੱਭ ਅਤੇ ਲੁੱਪਤ ਹੋ ਰਹੀਆਂ ਦੇਸੀ ਅੰਬ ਦੀਆਂ ਕਿਸਮਾਂ ਦੀ ਵਿਭਿੰਨਤਾ, ਸਾਂਭ-ਸੰਭਾਲ ਸਬੰਧੀ ਇਕ ਸਰਵੇਖਣ ਪੰਜਾਬ ਦੇ ਕੰਢੀ ਅਤੇ ਨੀਮ ਪਹਾੜੀ ਇਲਾਕੇ ਵਿਚ ਕੀਤਾ ਗਿਆ ਤਾਂ ਜੋ ਇਨ੍ਹਾਂ ਕਿਸਮਾਂ ਨੂੰ ਕੁਦਰਤੀ ਤੌਰ 'ਤੇ ਇਨ੍ਹਾਂ ਦੇ ਹੀ ਵਾਤਾਵਰਨ ਵਿਚ ਸਾਂਭਿਆ ਜਾ ਸਕੇ। ਇਸ ਸਰਵੇਖਣ ਦੌਰਾਨ ਵੱਖ-ਵੱਖ ਅੰਬਾਂ ਦੇ ਬਾਹਰੀ ਅਤੇ ਅੰਦਰੂਨੀ ਰਸਾਇਣਕ ਗੁਣਾਂ ਨੂੰ, ਉਨ੍ਹਾਂ ਦੇ ਦੇਸੀ ਨਾਂਵਾਂ ਨਾਲ ਸਾਂਝਾ ਕੀਤਾ ਗਿਆ ਹੈ। ਅੰਬਾਂ ਦੀਆਂ ਕੁਝ ਦਿਲਚਸਪ ਕਿਸਮਾਂ ਨੂੰ ਉਨ੍ਹਾਂ ਦੇ ਦੇਸੀ ਨਾਵਾਂ ਨਾਲ ਜਾਣਿਆ ਜਾਂਦਾ ਹੈ ਜਿਵੇਂ ਕਿ ਆਂਡਾ ਦੁਸਹਿਰੀ (ਸੁਗੰਧ ਅਤੇ ਸਵਾਦ ਮਸ਼ਹੂਰ ਦੁਸਹਿਰੀ ਕਿਸਮ ਵਰਗਾ ਪਰ ਆਕਾਰ ਆਂਡੇ ਵਰਗਾ), ਲੱਡੂ ਅੰਬ, ਗੋਲਾ ਘਾਸੀਪੁਰ, ਬੇਰ ਅੰਬ (ਆਕਾਰ ਕਰਕੇ)। ਇਸੇ ਤਰ੍ਹਾਂ ਪੰਜਾਬ ਵਿਚ ਲੰਬੂਤਰੇ ਆਕਾਰ ਦੇ ਅੰਬਾਂ ਨੂੰ ਛੱਲੀ ਦਾ ਨਾਂਅ ਦਿੱਤਾ ਗਿਆ ਹੈ (ਆਕਾਰ ਛੱਲੀ ਨਾਲ ਮਿਲਦਾ ਹੋਣ ਕਾਰਨ), ਪੀਲੇ ਰੰਗ ਅਤੇ ਮੋਢਿਆਂ 'ਤੇ ਲਾਲ ਭਾਅ ਮਾਰਨ ਵਾਲੇ ਅੰਬਾਂ ਦੀਆਂ ਕਿਸਮਾਂ (ਇਨਾਮੀ ਛੱਲੀ, ਸੰਧੂਰੀ, ਘਾਸੀਪੁਰ ਦੀ ਛੱਲੀ, ਲੱਡੂ ਅੰਬ, ਮਹੰਤਾਂ ਦੀ ਲਾਲਟੈਨ, ਸੰਧੂਰੀ ਚੌਸਾ)। ਚੁਣੀਆਂ ਹੋਈਆਂ ਕੁਝ ਹੋਰ ਕਿਸਮਾਂ ਵਿਚ ਫਲ ਦਾ ਰੰਗ ਪੀਲੇ ਤੋਂ ਹਲਕਾ ਪੀਲਾ, ਗੂੜ੍ਹਾ ਪੀਲਾ, ਹਰਾ, ਪਾਲਕ ਰੰਗਾਂ, ਗੂੜ੍ਹਾ ਹਰਾ ਹੈ। ਪੂਰੀ ਤਰ੍ਹਾਂ ਰੰਗਦਾਰ ਕਿਸਮਾਂ ਜਿਵੇਂ ਕਿ ਆੜੂ ਅੰਬ ਅਤੇ ਪੈਂਸਿਲ ਅੰਬ ਨੂੰ ਕਾਫੀ ਤਰਜੀਹ ਦਿੱਤੀ ਜਾਂਦੀ ਹੈ। ਇਨ੍ਹਾਂ ਸਾਰੀਆਂ ਕਿਸਮਾਂ ਨੂੰ ਪਤਲਾ ਅਤੇ ਜ਼ਿਆਦਾ ਜੂਸ, ਨਰਮ ਗੁੱਦਾ, ਖੁਰਦਰੇ ਰੇਸ਼ੇ ਕਾਰਨ ਚੂਪਣ ਵਾਲੇ ਅੰਬਾਂ ਦੇ ਤੌਰ 'ਤੇ ਕਾਫੀ ਉੱਚੇ ਭਾਅ 'ਤੇ ਵੇਚਿਆ ਜਾਂਦਾ ਹੈ। ਪੰਜਾਬ ਸਰਕਾਰ ਅਤੇ ਪੰਜਾਬ ਬਾਇਓਡਾਈਵਰਸਿਟੀ ਬੋਰਡ ਵਲੋਂ ਉਪਰਾਲੇ ਕਰਕੇ ਪਿੰਡ ਬਸੀ ਉਮਰ ਖਾਨ, ਹਰਿਆਣੇ (ਹੁਸ਼ਿਆਰਪੁਰ) ਵਿਖੇ ਸਥਾਪਤ 150 ਸਾਲ ਪੁਰਾਣਾ ਦੇਸੀ ਅੰਬਾਂ ਦੇ ਬਾਗ ਨੂੰ ਮੈਂਗੋ ਹੈਰੀਟੇਜ਼ ਸਾਈਟ ਘੋਸ਼ਿਤ ਕੀਤਾ ਗਿਆ ਹੈ, ਤਾਂ ਜੋ ਇਹ ਦੁਰਲੱਭ ਅਤੇ ਅਲੋਪ ਹੋ ਰਹੀਆਂ ਕਿਸਮਾਂ ਨੂੰ ਸਾਂਭਿਆ ਜਾ ਸਕੇ।

19ਵੀਂ ਸਦੀ ਦੇ ਪੁਰਾਣੇ ਰਿਕਾਰਡ ਵਿਚ ਕੈਪਟਨ ਮੌਨਟਗੁੰਮਰੀ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਗਜ਼ਟਰ ਵਿਚ ਰਿਪੋਰਟ ਕੀਤਾ ਹੈ ਕਿ ਇਸ ਇਲਾਕੇ ਵਿਚ ਅੰਬਾਂ ਦੀਆਂ ਬਹੁਤ ਸਾਰੀਆਂ ਕਿਸਮਾਂ ਉਗਾਈਆਂ ਜਾਂਦੀਆਂ ਸਨ, ਜੋ ਦੁਆਬੇ ਦੀ ਧਰਤੀ 'ਤੇ 30-50 ਸਾਲਾਂ ਤੋਂ ਪਹਿਲਾਂ ਮਿਲਦੀਆਂ ਸਨ ਹੁਣ ਅਲੋਪ ਹੋ ਰਹੀਆਂ ਹਨ ? ਇਸ ਵਿਚ ਪੰਚਪਾਈਆ: ਬਹੁਤ ਵੱਡਾ ਕੱਚੇ ਸੇਰ ਦਾ ਪੰਜ ਪਾਈਆ ਦਾ ਅੰਬ, ਖਰਬੂਜ਼ਾ: ਮੱਧ ਆਕਾਰੀ ਫਲ ਅਤੇ ਅੰਦਰੋਂ ਖਰਬੂਜ਼ੇ ਵਰਗਾ ਰੰਗ, ਕਸੁੰਭਲਾ: ਅੰਬ ਛੋਟੇ ਆਕਾਰ ਦਾ ਤੇ ਬਾਹਰੀ ਰੰਗ ਕਸੁੰਮਬਾ ਵਰਗਾ, ਬਸੰਤੀਆ: ਛੋਟਾ ਫਲ ਅਤੇ ਅੰਦਰੋਂ ਪੀਲਾ ਰੰਗ, ਪੇੜਾ: ਛੋਟਾ ਅਤੇ ਬਹੁਤ ਮਿੱਠਾ, ਸਵਾਦ ਜਲੇਬੀ ਵਰਗਾ, ਦੀਹਾਲੂ: ਵੱਡਾ ਫਲ, ਅੰਦਰੂਨੀ ਭਾਗ ਦਹੀਂ ਵਰਗਾ ਅਤੇ ਰੇਸ਼ਾ ਰਹਿਤ, ਮਰਬਲਾ: ਵੱਡਾ ਫਲ, ਮਿੱਠਾ, ਗਿਟਕ ਛੋਟੀ ਅਤੇ ਖਾਸ ਤੌਰ 'ਤੇ ਮੁਰੱਬਾ ਬਣਾਉਣ ਲਈ ਵਰਤਿਆ ਜਾਂਦਾ, ਪੱਥਰ: ਭਾਰ ਅਤੇ ਬਾਹਰੀ ਸਖ਼ਤ ਛਿੱਲ ਪੱਥਰ ਵਾਂਗ ਸਖ਼ਤ, ਜ਼ਿਆਦਾ ਸਮੇਂ ਲਈ ਰੱਖਿਆ ਜਾ ਸਕਦਾ ਹੈ, ਲਲੇਰ: ਕੋਕੋਨਟ ਵਰਗਾ ਆਕਾਰ, ਵੱਡਾ ਅਤੇ ਮਿੱਠਾ, ਭਾਦਰੀਆ: ਔਸਤ ਆਕਾਰ, ਭਾਦੋਂ (ਸਤੰਬਰ) ਦੇ ਮਹੀਨੇ ਵਿਚ ਪੱਕਣ ਵਾਲਾ, ਸੰਧੂਰੀਆ: ਔਸਤ ਆਕਾਰ ਪਰ ਸੰਧੂਰੀ ਰੰਗੇ, ਕੇਸਰੀ: ਵੱਡਾ ਫਲ ਤੇ ਕੇਸਰੀ ਰੰਗਾ, ਕੇਲਾ: ਕੇਲੇ ਵਾਂਗ ਹੀ ਲੰਬਾ ਫਲ ਅਤੇ ਵੱਡੀ ਗਿਟਕ, ਮਿਸਰੀ: ਵੱਡਾ ਆਕਾਰ, ਬਹੁਤ ਮਿੱਠਾ, ਜਵੈਣੀ: ਵੱਡਾ ਆਕਾਰ, ਅਜਵੈਣ ਵਰਗੀ ਸੁਗੰਧ, ਸਹਿਤੀਆ, ਸ਼ਹਿਦ ਵਾਂਗ ਮਿੱਠਾ ਅਤੇ ਵੱਡਾ ਆਕਾਰ, ਗੋਰਾ: ਕਪਾਹ ਵਾਂਗ ਸਾਫ਼, ਵੱਡਾ ਅਤੇ ਭੂਰਾ। ਇਹ ਸਾਰੀਆਂ ਹੀ ਕਿਸਮਾਂ ਬਾਜ਼ਾਰ ਵਿਚ ਵੱਧ ਭਾਅ 'ਤੇ ਵਿਕਦੀਆਂ ਹਨ, ਖਾਸ ਤੌਰ 'ਤੇ ਭਾਦਰੀਆ ਅੰਬ ਜਦੋਂ ਹੋਰ ਕੋਈ ਅੰਬ ਮੰਡੀ ਵਿਚ ਨਹੀਂ ਹੁੰਦਾ। ਬਾਕੀ ਰਹਿੰਦੇ ਅੰਬ ਜੋ ਘੱਟ ਤਵੱਜੋ ਵਾਲੇ ਹਨ, ਸਰੂ. ਛੋਟਾ ਫਲ, ਜਲਦੀ ਖਰਾਬ ਹੋ ਜਾਂਦਾ, ਹਰੱੜ: ਛੋਟਾ ਅਤੇ ਹਰੜ ਦੇ ਫਲ ਵਰਗਾ, ਦੋਹਕਾ: ਛੋਟਾ ਅਤੇ ਸਵਾਦ ਤਾਰਪੀਨ ਵਰਗਾ, ਸਫੇਦਾ: ਛੋਟਾ ਅਤੇ ਚਿੱਟੇ ਰੰਗ ਦਾ, ਰਾੜਾ: ਬਹੇੜੇ ਵਾਂਗ ਛੋਟਾ ਅਤੇ ਮਿੱਠਾ, ਖਾਲ੍ਹਾ: ਔਸਤ ਆਕਾਰ, ਭੈੜਾ ਰੰਗ ਅਤੇ ਖੱਟਾ, ਕਾਲਾ: ਔਸਤਨ ਆਕਾਰ, ਪੱਕ ਜਾਣ 'ਤੇ ਛਿਲਕੇ ਦਾ ਗੂੜ੍ਹਾ ਰੰਗ , ਲੈਚੀ: ਛੋਟਾ ਫਲ, ਇਲੈਚੀ ਦੀ ਸੁਗੰਧ, ਦੋਧੀਆ: ਛੋਟਾ, ਅੰਦਰੋਂ ਦੁੱਧ ਵਰਗਾ ਸਫੈਦ, ਛੱਲੀ: ਲੰਬਾ ਫਲ ਮੱਕੀ ਦੀ ਛੱਲੀ ਵਰਗਾ, ਕਾਕਰਾ: ਵੱਡਾ ਫੂਲ, ਪਿਛੋਕੜ ਨਾਮਾਲੂਮ।



**ਗੁਰਮੇਲ ਦਾ ਅੰਬ (ਜੀ ਐਨ 1) :** ਦਰੱਖਤ ਵੱਡ-ਅਕਾਰੀ, ਫੈਲਣ ਵਾਲਾ, ਛੱਤਰੀਨੁਮਾ, ਇਕਸਾਰ ਦਰਮਿਆਨੇ ਝਾੜ ਵਾਲਾ, ਹਰ ਦੂਜੇ ਸਾਲ ਘੱਟ ਜਾਂ ਭਰਵੀਂ ਫ਼ਸਲ ਦੇਣ ਵਾਲੀ ਕਿਸਮ, ਫਲ ਦਾ ਅਕਾਰ ਦਰਮਿਆਨਾ, 40 ਫੀਸਦੀ ਹਿੱਸਾ ਖਾਣਯੋਗ, ਅੰਡਾਕਾਰ, ਹੇਠਲੇ ਹਿੱਸੇ ਵਿਚ ਛੋਟਾ ਡੂੰਘ, ਪਿੱਠ ਵਾਲਾ ਹਿੱਸਾ ਉਭਰਿਆ ਅਤੇ ਢਲਾਣਦਾਰ, ਚੁੰਝ ਤੇ ਸਿਰਾ ਤਿੱਖਾ, ਛਿੱਲੜ ਨਰਮ, ਪੱਕਣ ਸਮੇਂ ਰੰਗ ਹਰਾ, ਗੁੱਦਾ ਸੰਤਰੀ ਰੰਗਾ, ਰਸ ਕਾਫੀ ਮਾਤਰਾ ਵਿਚ, ਪਤਲਾ, ਜਿਸ ਵਿਚ ਮਿਠਾਸ 19 ਫ਼ੀਸਦੀ ਖਟਾਸ 0.38 ਫ਼ੀਸਦੀ ਗਿਟਕ ਛੋਟੀ ਅੰਡਾਕਾਰ ਹੁੰਦੀ ਹੈ। ਫਲ ਜੁਲਾਈ ਦੇ ਦੂਸਰੇ ਹਫਤੇ ਪੱਕ ਕੇ ਤਿਆਰ ਹੁੰਦਾ ਹੈ।

**ਸਮਰਾਲੀ (ਜੀ ਐਨ 2) :** ਹਰ ਦੂਜੇ ਸਾਲ ਭਰਵੀਂ ਫ਼ਸਲ ਦੇਣ ਵਾਲੀ ਕਿਸਮ, ਫਲ ਦਾ ਅਕਾਰ ਦਰਮਿਆਨੇ ਤੋਂ ਵੱਡਾ, ਔਸਤ ਵਜ਼ਨ 123 ਗ੍ਰਾਮ, ਅੰਡਾਕਾਰ, ਲੰਬੂਤਰਾ, ਵਿਚਕਾਰਲਾ ਹਿੱਸਾ ਉੱਭਰਵਾਂ, ਪਿੱਛਾ ਗੋਲਾਈਦਾਰ, ਡੂੰਘ ਉੱਕਾ ਨਹੀਂ, ਚੁੰਝ ਦੱਬੀ ਹੋਈ, ਨੋਕ ਤਿੱਖੀ, ਛਿੱਲੜ ਮੋਟੀ, ਰੰਗ ਪੀਲਾ ਪਰ ਉਪਰੋਂ ਅਤੇ ਪਾਸਿਆਂ ਤੋਂ ਸੰਧੂਰੀ ਭਾਅ ਮਾਰਦਾ, ਗੁੱਦਾ ਪੀਲੇ ਰੰਗ ਦਾ, ਮਿਠਾਸ 25 ਫ਼ੀਸਦੀ, ਗੁਠਲੀ ਛੋਟੀ, ਲੰਬੂਤਰੀ ਅਤੇ ਰੇਸ਼ੇਦਾਰ। ਪੱਕਣ ਦਾ ਸਮਾਂ ਜੁਲਾਈ ਦਾ ਤੀਸਰਾ ਹਫਤਾ।

**ਕੂਕਿਆਂ ਦੀ ਛੱਲੀ (ਜੀ ਐਨ 3) :** ਵੱਡੇ ਅਕਾਰ ਦਾ ਫੈਲਰਵਾਂ ਦਰੱਖਤ, ਲਗਭਗ ਹਰ ਸਾਲ ਫਲ ਦੇਣ ਹਰ ਦੂਜੇ ਸਾਲ ਭਰਵੀਂ ਫ਼ਸਲ ਦੇਣ ਵਾਲਾ ਪਰ ਭਰਵੀਂ ਫ਼ਸਲ ਹਰ ਦੂਸਰੇ ਸਾਲ ਲੱਗਦੀ ਹੈ। ਫਲ ਦਰਮਿਆਨੇ ਅਕਾਰ ਦੇ ਗੋਲ, ਜਿਸ ਦਾ ਹੇਠਲਾ ਹਿੱਸਾ ਗੋਲ ਨਹੀਂ ਹੁੰਦਾ, ਪਿੱਠ ਅਤੇ ਮੁਢਲੇ ਹਿੱਸੇ ਢਲਾਣਦਾਰ, ਚੁੰਝ ਦਾ ਸਿਰਾ ਨੋਕਦਾਰ, ਛਿੱਲੜ ਮੋਟੀ, ਨਰਮ, ਮੁਲਾਇਮ, ਰੰਗ ਪਾਲਕ ਰੰਗਾ, ਛਿਦਰੀਆਂ ਗਿਲਟੀਆਂ ਵਾਲਾ, ਖਾਣਯੋਗ ਭਾਗ 51

# ਸਿੰਜਾਈ ਲਈ ਮਾੜੇ ਪਾਣੀਆਂ ਦੀ ਸੁਯੋਗ ਵਰਤੋਂ ਦੇ ਜ਼ਰੂਰੀ ਨੁਕਤੇ

**-ਅਸ਼ੋਕ ਗਰਗ, ਓ.ਪੀ. ਚੌਧਰੀ ਅਤੇ ਮਨਦੀਪ ਸਿੰਘ (ਖੇਤੀ ਵਿਗਿਆਨ ਕੇਂਦਰ, ਖੇੜੀ, ਸੰਗਰੂਰ)**

ਸਿੰਚਾਈ ਵਾਲੇ ਪਾਣੀਆਂ ਨੂੰ ਲੂਣੇ, ਖਾਰੇ ਜਾਂ ਦੋਵੇਂ ਅਲਾਮਤਾਂ ਦੇ ਅਧਾਰ 'ਤੇ ਹੇਠ ਲਿਖੇ ਅਨੁਸਾਰ ਚਾਰ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ :

**ਸ਼੍ਰੇਣੀ : 1 ਨੰਬਰ**

**ਪਾਣੀ ਦਾ ਵੇਰਵਾ :** ਜੇ ਪਾਣੀ ਦੀ ਆਰ. ਐਸ. ਸੀ. 2.5 ਮਿਲੀਇਕੁਇਵੈਲੇਂਟ ਪ੍ਰਤੀ ਲੀਟਰ ਤੋਂ ਘੱਟ ਹੋਵੇ ਅਤੇ ਚਾਲਕਤਾ (ਈ ਸੀ) 2000 ਮਾਈਕ੍ਰੋਮਹੋਸ ਪ੍ਰਤੀ ਤੋਂ ਘੱਟ ਹੋਵੇ ਤਾਂ ਪਾਣੀ ਹਰ ਫ਼ਸਲ ਤੇ ਜ਼ਮੀਨ ਲਈ ਵਰਤਣ ਯੋਗ ਹੈ।

**ਸ਼੍ਰੇਣੀ : 2 ਨੰਬਰ**

**ਪਾਣੀ ਦਾ ਵੇਰਵਾ :** ਜੇ ਚਾਲਕਤਾ 2000 ਤੋਂ 4000 ਮਾਈਕ੍ਰੋਮਹੋਸ/ਸੈਂ. ਮੀ. ਦੇ ਦਰਮਿਆਨ ਹੋਵੇ ਤਾਂ ਇਸ ਪਾਣੀ ਨੂੰ ਨਹਿਰੀ ਪਾਣੀ ਨਾਲ ਬਦਲ-ਬਦਲ ਕੇ ਰੇਤਲੀਆਂ ਜ਼ਮੀਨਾਂ ਲਈ ਵਰਤਿਆ ਜਾ ਸਕਦਾ ਹੈ। ਇਸੇ ਸ਼੍ਰੇਣੀ ਵਿਚ ਆਰ. ਐਸ. ਸੀ. 2.5 ਤੋਂ ਵੱਧ ਹੋਣ ਦੀ ਹਾਲਤ ਵਿਚ ਪਾਦੀ ਪਰਖ ਰਾਹੀਂ ਦੱਸੀ ਹੋਈ ਜਿਪਸਮ ਦੀ ਮਾਤਰਾ ਹਰ ਚਾਰ ਪਾਣੀਆਂ ਪਿੱਛੇ ਪਹਿਲੇ ਪਾਣੀ ਨਾਲ ਪਾਓ। ਬੜੇ ਧਿਆਨ ਵਾਲੀ ਗੱਲ ਇਹ ਹੈ ਕਿ ਜਿਪਸਮ ਕੇਵਲ ਉਦੋਂ ਹੀ ਪਾਉਣਾ ਹੈ ਜਦੋਂ ਚਾਲਕਤਾ 2000 ਤੋਂ ਘੱਟ ਹੋਵੇ। ਜੇਕਰ ਚਾਲਕਤਾ 2000 ਤੋਂ ਵੱਧ ਹੈ ਤਾਂ ਕਿਸੇ ਵੀ ਹਾਲਤ ਵਿਚ ਜਿਪਸਮ ਦੀ ਵਰਤੋਂ ਨਹੀਂ ਕਰਨੀ ਹੈ। ਆਰ. ਐਸ. ਸੀ. ਦੀ ਹਰ ਇੱਕ ਮਿਲੀਇਊਵੈਲੇਂਟ ਪ੍ਰਤੀ ਲਿਟਰ ਪਿੱਛੇ 1.50 ਕੁਇੰਟਲ ਜਿਪਸਮ ਪ੍ਰਤੀ ਏਕੜ ਚਾਰ ਸਿੰਚਾਈਆਂ ਪਿੱਛੇ ਪਾਓ ਅਤੇ ਹਰ ਸਿੰਚਾਈ ਘੱਟੋ-ਘੱਟ 7.5 ਸੈਂਟੀਮੀਟਰ ਦੀ ਜ਼ਰੂਰ ਹੋਵੇ।

**ਸ਼੍ਰੇਣੀ : 3 ਨੰਬਰ**

**ਪਾਣੀ ਦਾ ਵੇਰਵਾ :** ਜੇਕਰ ਚਾਲਕਤਾ 2000 ਤੋਂ ਘੱਟ ਪਰੰਤੂ ਆਰ. ਐਸ. ਸੀ. 5.0 ਤੋਂ 7.5 ਮਿਲੀਇਕਇਵੈਲੇਂਟ ਪ੍ਰਤੀ ਲਿਟਰ ਦਰਮਿਆਨ ਹੋਵੇ ਤਾਂ ਪਰਖ ਅਨੁਸਾਰ ਦੱਸੀ ਗਈ ਜਿਪਸਮ ਦੀ ਮਾਤਰਾ ਪਾਉ।

**ਸ਼੍ਰੇਣੀ : 4 ਨੰਬਰ**

**ਪਾਣੀ ਦਾ ਵੇਰਵਾ :** ਜਦੋਂ ਚਾਲਕਤਾ 4000



ਤੋਂ ਵੱਧ ਅਤੇ ਆਰ. ਐਸ. ਸੀ 7.5 ਤੋਂ ਵੱਧ ਜਾਵੇ ਤਾਂ ਇਹ ਪਾਣੀ ਕਿਸੇ ਵੀ ਫ਼ਸਲ ਲਈ ਵਰਤਣਯੋਗ ਨਹੀਂ ਹੈ।

ਦਰਮਿਆਨੇ ਲੂਣੇ ਅਤੇ ਖਾਰੇ ਪਾਣੀਆਂ ਨੂੰ ਹੇਠ ਲਿਖੇ ਢੰਗ ਤਰੀਕੇ ਵਰਤ ਕੇ ਫ਼ਸਲਾਂ ਦੀ ਪੈਦਾਵਾਰ 'ਤੇ ਮਾੜਾ ਅਸਰ ਪਾਏ ਬਗੈਰ ਵਰਤਿਆ ਜਾ ਸਕਦਾ ਹੈ :

ਪਾਣੀ ਦੀ ਇਕੋ-ਜਿਹੀ ਵੰਡ ਲਈ ਜ਼ਮੀਨ ਦਾ ਚੰਗੀ ਤਰ੍ਹਾਂ ਪੱਧਰਾ ਲਾਜ਼ਮੀ ਹੈ ਤਾਂ ਜੋ ਲੂਣਾਂ ਅਤੇ ਪਾਣੀ ਦੀ ਜ਼ੀਰਣ ਸਮਰੱਥਾ ਇਕਸਾਰ ਹੋ ਸਕੇ। ਥੋੜ੍ਹੇ ਫ਼ਰਕ ਨਾਲ ਲੂਣਾਂ ਦੀ ਵੰਡ ਵਿਚ ਵਿਗਾੜ ਪੈ ਜਾਂਦਾ ਹੈ ਅਤੇ ਜ਼ਮੀਨਾਂ ਲੂਣੀਆਂ ਜਾਂ ਖਾਰੀਆਂ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ, ਇਸ ਲਈ ਲੇਜ਼ਰ ਕਰਾਹਾ ਵਰਤ ਕੇ ਜ਼ਮੀਨ ਨੂੰ ਪੱਧਰਾ ਕਰਾਓ। ਮਾੜੇ ਪਾਣੀਆਂ ਦੇ ਬੁਰੇ ਪ੍ਰਭਾਵ ਨੂੰ ਸੋਧਣ ਲਈ ਦੇਸੀ ਰੂੜੀ ਜਾਂ ਹਰੀ ਖਾਦ ਜਾਂ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਵਰਤਿਆ ਜਾ ਸਕਦਾ ਹੈ।

ਮਾੜੇ ਪਾਣੀਆਂ ਦੀ ਵਰਤੋਂ ਸਮੇਂ ਚੰਗਾ ਜਲ ਨਿਕਾਸ ਯਕੀਨੀ ਬਣਾਇਆ ਜਾਵੇ, ਤਾਂ ਜੋ ਵਾਧੂ ਘੁਲਣਸ਼ੀਲ ਲੂਣਾਂ ਨੂੰ ਬੂਟੇ ਦੇ ਜੜ੍ਹ ਖੇਤਰ ਤੋਂ ਹੇਠਾਂ ਭੇਜਿਆ ਜਾ ਸਕੇ। ਭਾਰੀਆਂ ਜ਼ਮੀਨਾਂ ਵਿਚ ਪਾਣੀ ਜਜ਼ਬ ਕਰਨ ਦੀ ਘੱਟ ਸਮਰੱਥਾ ਹੋਣ ਕਰਕੇ ਮਾੜੇ ਪਾਣੀਆਂ ਦੀ ਵਰਤੋਂ ਹਲਕੀਆਂ ਜ਼ਮੀਨਾਂ ਵਿਚ ਜ਼ਿਆਦਾ ਲਾਹੇਵੰਦ ਹੈ।

ਆਮ ਤੌਰ 'ਤੇ ਜ਼ਿਆਦਾਤਰ ਦਾਲਾਂ 'ਤੇ ਮਾੜੇ ਪਾਣੀਆਂ ਦਾ ਅਸਰ ਕਾਫ਼ੀ ਹੁੰਦਾ ਹੈ ਅਤੇ ਇਸ ਕਰਕੇ ਦਾਲਾਂ ਵਿਚ ਮਾੜੇ ਪਾਣੀਆਂ ਦੀ ਵਰਤੋਂ ਨੂੰ ਤਰਜੀਹ ਨਾ ਦਿਓ। ਜ਼ਿਆਦਾ ਪਾਣੀ ਮੰਗਣ ਵਾਲੀਆਂ ਫ਼ਸਲਾਂ ਜਿਵੇਂ ਕਿ ਝੋਨਾ, ਗੰਨਾ ਤੇ ਬਰਸੀਮ ਨੂੰ ਮਾੜੇ ਪਾਣੀ ਲਗਾਉਣ ਤੋਂ ਗੁਰੇਜ਼ ਗਰਨਾ ਚਾਹੀਦਾ ਹੈ, ਤਾਂ ਜੋ ਮਾੜੇ ਪਾਣੀ ਨਾਲ ਜ਼ਮੀਨ ਉੱਪਰ ਮਾੜੇ ਪ੍ਰਭਾਵ ਨੂੰ ਬਚਾਇਆ ਜਾ ਸਕੇ।

ਖਾਰੇ ਪਾਣੀ ਦੀ ਵਰਤੋਂ ਸਮੇਂ ਪਰਖ ਅਨੁਸਾਰ ਦੱਸੇ ਹੋਏ ਪੂਰੇ ਜਿਪਸਮ ਨੂੰ ਪ੍ਰਤੀ ਏਕੜ ਚਾਰ ਸਿੰਚਾਈਆਂ (ਕੁੱਲ ਸਿੰਚਾਈਆਂ ਦੇ ਅਧਾਰ 'ਤੇ) ਪਿੱਛੇ ਇੱਕ ਹੀ ਵਾਰ ਫ਼ਸਲ ਦੀ ਕਟਾਈ ਤੋਂ ਬਾਅਦ ਪਾਓ। ਇਹ ਜਿਪਸਮ ਜ਼ਮੀਨ ਦੀ ਉਪਰਲੀ ਤਹਿ ਕੇਵਲ 4 ਇੰਚ ਤੱਕ ਰਲਾ ਕੇ ਭਰਵਾਂ ਪਾਣੀ ਲਾਓ ਤਾਂ ਜੋ ਅਗਲੀ ਫ਼ਸਲ ਦੀ ਬਿਜਾਈ ਤੋਂ ਪਹਿਲਾਂ ਘੁਲਣ ਵਾਲੇ ਲੂਣ ਹੇਠਾਂ ਜ਼ੀਰ ਜਾਣ।

ਕਪਾਹ ਉੱਗਣ ਵੇਲੇ ਮਾੜੇ ਪਾਣੀ ਲਈ ਅਸਹਿਣਸ਼ੀਲ ਹੁੰਦੀ ਹੈ। ਇਸ ਕਰਕੇ ਰੌਣੀ ਨਹਿਰੀ ਪਾਣੀ ਨਾਲ ਕਰਕੇ ਬਾਅਦ ਵਿਚ ਟਿਊਬਵੈੱਲ ਦਾ ਪਾਣੀ ਇੱਕ ਖੇਤ ਛੱਡ ਕੇ ਲਗਾਇਆ ਜਾ ਸਕਦਾ ਹੈ। ਜਿੱਥੇ ਨਰਮੇ ਦੀ ਸਿੰਚਾਈ ਲੂਣੇ ਪਾਣੀ (ਚਾਲਕਤਾ 10000 ਮਾਈਕ੍ਰੋਮਹੋਸ ਪ੍ਰਤੀ ਸੈਂ. ਮੀ. ) ਨਾਲ ਹੋਵੇ ਉੱਥੇ ਜ਼ਮੀਨਾਂ ਵਿਚ 16 ਕੁਇੰਟਲ ਪ੍ਰਤੀ ਏਕੜ ਝੋਨੇ ਦੀ ਪਰਾਲੀ ਤੋਂ ਬਣੇ ਬਾਇਓਚਾਰ ਪਾਉਣ ਨਾਲ ਲੂਣੇਪਣ ਦੇ ਅਸਰ ਨੂੰ ਘਟਾ ਕੇ ਵੱਧ ਝਾੜ ਲਿਆ ਜਾ ਸਕਦਾ ਹੈ।

ਚੂਨੇ ਜਾਂ ਰੋੜੇ ਵਾਲੀਆਂ ਜ਼ਮੀਨਾਂ, ਜਿਨ੍ਹਾਂ ਵਿਚ ਕੈਲਸ਼ੀਅਮ ਕਾਰਬੋਨੇਟ 2 ਫ਼ੀਸਦੀ ਤੋਂ ਜ਼ਿਆਦਾ ਹੋਵੇ ਤਾਂ ਜੈਵਿਕ ਖਾਦਾਂ ਜਿਵੇਂ ਦੇਸੀ ਰੂੜੀ ਪਾਉਣ ਨਾਲ ਮਾੜੇ ਪਾਣੀ ਦੇ ਅਸਰ ਨੂੰ ਘਟਾਇਆ ਜਾ ਸਕਦਾ ਹੈ।

ਮਾੜਾ ਅਤੇ ਚੰਗਾ ਪਾਣੀ ਇਕੱਠਾ ਰਲਾ ਕੇ ਵੀ ਵਰਤਿਆ ਜਾ ਸਕਦਾ ਹੈ। ਫ਼ਸਲ ਦੇ ਸ਼ੁਰੂ ਵਿਚ ਚੰਗਾ ਪਾਣੀ ਤੇ ਫ਼ਸਲ ਵਧਣ 'ਤੇ ਮਾੜਾ ਪਾਣੀ ਵਰਤਣ ਨਾਲ ਫ਼ਸਲ ਖਾਰੇਪਣ ਅਤੇ ਸੋਕੇ ਨੂੰ ਸਹਾਰ ਸਕਦੀ ਹੈ।

-0-

## ਪੰਜਾਬ ਵਿਚ ਦੇਸੀ ਅੰਬਾਂ ਦੀ ਕਾਸ਼ਤ 'ਤੇ ਇਕ ਝਾਤ

ਫ਼ੀਸਦੀ, ਗੁੱਦਾ ਪੀਲਾ, ਪਤਲਾ ਰਸ, ਮਿਠਾਸ 22 ਫ਼ੀਸਦੀ, ਖਟਾਸ 0.70 ਫ਼ੀਸਦੀ, ਗੁਠਲੀ ਦਰਮਿਆਨੇ ਸਾਈਜ਼ ਦੀ, ਲੰਬੂਤਰੀ ਧੱਬੇਦਾਰ, ਕੋਨਿਆਂ ਉੱਪਰ ਕਿਧਰੇ-ਕਿਧਰੇ ਰੇਸ਼ੇਦਾਰ, ਫਲ ਜੁਲਾਈ ਦੇ ਦੂਸਰੇ ਹਫ਼ਤੇ ਵਿਚ ਪੱਕਦਾ ਹੈ।

**ਅੰਬ ਦੇ ਬੂਟੇ ਲਾਉਣ ਦਾ ਸਮਾਂ, ਢੰਗ ਅਤੇ ਸਾਂਭ-ਸੰਭਾਲ :** ਸਦਾਬਹਾਰ ਅੰਬ ਦੇ ਫਲਦਾਰ ਬੂਟੇ ਸਾਲ ਵਿਚ ਦੋ ਵਾਰ ਫਰਵਰੀ-ਮਾਰਚ ਅਤੇ ਅਗਸਤ-ਸਤੰਬਰ ਵਿਚ ਲਗਾਏ ਜਾ ਸਕਦੇ ਹਨ, ਪਰ ਅਗਸਤ-ਸਤੰਬਰ ਦਾ ਮਹੀਨਾ ਬੂਟੇ ਲਗਾਉਣ ਲਈ ਸਭ ਤੋਂ ਵਧੀਆ ਹੈ। ਹਰ ਬੂਟੇ ਲਈ ਇਕ ਮੀਟਰ ਡੂੰਘੇ ਅਤੇ ਇਕ ਮੀਟਰ ਚੌੜੇ ਘੇਰੇ ਵਾਲੇ ਟੋਏ ਪੁੱਟ ਲਓ। ਟੋਏ ਬੂਟੇ ਖਰੀਦ ਕੇ ਲਿਆਉਣ ਤੋਂ ਪਹਿਲਾਂ ਪੁੱਟ ਕੇ ਅੱਗੇ ਦੱਸੇ ਗਏ ਤਰੀਕੇ ਅਨੁਸਾਰ ਤਿਆਰ ਕਰੋ। ਟੋਆ ਪੁੱਟਣ ਤੋਂ ਬਾਅਦ ਟੋਏ ਵਿਚੋਂ ਕੱਢੀ ਗਈ ਮਿੱਟੀ ਨੂੰ ਕੁਝ ਦਿਨ ਧੁੱਪ ਲਗਾਓ ਫਿਰ ਟੋਇਆਂ ਵਿਚ ਉਪਰਲੀ ਮਿੱਟੀ ਅਤੇ ਰੂੜੀ ਦੀ ਬਰਾਬਰ ਮਾਤਰਾ ਰਲਾ ਕੇ ਟੋਏ ਨੂੰ ਜ਼ਮੀਨ ਤੋਂ ਉੱਚਾ ਭਰ ਦਿਓ। ਇਨ੍ਹਾਂ ਟੋਇਆਂ ਵਿਚ ਬੂਟੇ ਲਾਉਣ ਤੋਂ ਪਹਿਲਾਂ ਪਾਣੀ ਦਿਓ ਅਤੇ ਹਰੇਕ ਟੋਏ ਵਿਚ 15 ਮਿ:ਲਿ: ਕਲੋਰੋਪਾਈਰੀਫਾਸ 20 ਈ.ਸੀ. 2 ਕਿਲੋ ਮਿੱਟੀ ਵਿਚ ਰਲਾਕੇ ਸਿਉਂਕ ਤੋਂ ਬਚਾਉਣ ਲਈ ਜ਼ਰੂਰ ਪਾਉ। ਬੂਟੇ ਨੂੰ ਟੋਏ ਦੇ ਵਿਚਕਾਰ ਪਲਾਂਟਿੰਗ ਬੋਰਡ ਦੀ ਮਦਦ ਨਾਲ ਲਗਾਓ।

-0-

**ਸਿਹਤ ਸੰਭਾਲ**

# ਘਰਾਂ ਵਿਚ ਹੋ ਸਕਦੀ ਹੈ ਫੂਡ ਪੋਆਇਜ਼ਨਿੰਗ

**-ਡਾ. ਭਾਸ਼ਣਾ ਗੁਪਤਾ**

ਅਕਸਰ ਜਦੋਂ ਕਿਸੇ ਨੂੰ 'ਫੂਡ ਪੋਇਜ਼ਨਿੰਗ' ਵਰਗੀ ਸਮੱਸਿਆ ਹੋ ਜਾਂਦੀ ਹੈ ਤਾਂ ਤੁਸੀਂ ਇਹੀ ਸੋਚਦੇ ਹੋ ਕਿ ਇਹ ਜ਼ਰੂਰ ਘਰ ਤੋਂ ਬਾਹਰ ਦੇ ਉਲਟੇ-ਸਿੱਧੇ ਖਾਣੇ ਦੀ ਵਜ੍ਹਾ ਨਾਲ ਹੀ ਹੋਇਆ ਹੈ ਪਰ ਸ਼ਾਇਦ ਤੁਸੀਂ ਇਹ ਨਹੀਂ ਜਾਣਦੇ ਕਿ ਘਰ ਵਿਚ ਖਾਣਾ ਪਕਾਉਣ ਦਾ ਤਰੀਕਾ ਸਹੀ ਨਾ ਹੋਵੇ ਤਾਂ ਵੀ ਇਸ ਤਰ੍ਹਾਂ ਦੀ ਸਮੱਸਿਆ ਹੋ ਸਕਦੀ ਹੈ।

**ਪੇਸ਼ ਹਨ ਇਕ ਆਯੁਰਵੈਦਿਕ ਮਾਹਿਰ ਵੱਲੋਂ ਦੱਸੇ ਕੁਝ ਸਹੀ ਨੁਕਤੇ :**

ਤਕਰੀਬਨ ਸਭ ਔਰਤਾਂ ਘਰ ਵਿਚ ਪੂੜੀ-ਕਚੋਰੀ ਆਦਿ ਤਲਦੇ ਸਮੇਂ ਘਿਓ/ਰਿਫਾਇੰਡ ਤੇਲ ਨਾਲ ਕੜਾਹੀ ਭਰ ਲੈਂਦੀਆਂ ਹਨ। ਬਾਕੀ ਬਚੇ ਤੇਲ ਨੂੰ ਸਟੋਰ ਕਰਕੇ ਰੱਖਦੀਆਂ ਹਨ। ਉਹ ਕਈ ਦਿਨਾਂ ਤੱਕ ਉਸ ਨੂੰ ਸਬਜ਼ੀ, ਪਰਾਠੇ ਆਦਿ ਬਣਾਉਣ ਵਿਚ ਜਾਂ ਤਲਣ ਵਿਚ ਪ੍ਰਯੋਗ ਕਰਦੀਆਂ ਹਨ। ਇਸ ਤਰ੍ਹਾਂ ਕਰਨਾ ਸਿਹਤ ਲਈ ਨੁਕਸਾਨਦਾਇਕ ਸਾਬਤ ਹੋ ਸਕਦਾ ਹੈ, ਕਿਉਂਕਿ ਇਸ ਤਰ੍ਹਾਂ ਨਾਲ ਘਿਓ/ਰਿਫਾਇੰਡ ਸੰਕ੍ਰਮਿਤ ਹੋ ਜਾਂਦਾ ਹੈ। ਚੰਗਾ ਹੋਵੇਗਾ ਕਿ ਕੜਾਹੀ ਵਿਚ ਓਨਾ ਹੀ ਤੇਲ ਪਾਓ, ਜਿੰਨਾ ਉਸੇ ਸਮੇਂ ਵਰਤ ਹੋ ਸਕੇ।

ਬਾਸੀ (ਬੇਹਾ) ਦਹੀਂ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਠੀਕ ਨਹੀਂ। ਜਿਸ ਭਾਂਡੇ ਵਿਚ ਤੁਸੀਂ ਉਸ ਨੂੰ ਰੱਖਦੇ ਹੋ, ਉਸ ਦੇ ਗੁਣ ਦਹੀਂ ਵਿਚ ਆ ਜਾਂਦੇ ਹਨ, ਜਿਸ ਨਾਲ ਉਹ ਖਰਾਬ ਹੋ ਜਾਂਦਾ ਹੈ।

ਜੂਸ ਸ਼ਾਮ ਨੂੰ ਪੀਣਾ ਹੋਵੇ ਤਾਂ ਸਵੇਰੇ ਹੀ ਕੱਢ ਕੇ ਨਾ ਰੱਖੋ।

ਸਟੀਲ ਦੇ ਭਾਂਡਿਆਂ ਵਿਚ ਸ਼ਿਕੰਜਵੀ ਤੇ ਹੋਰ ਖੱਟੀਆਂ ਚੀਜ਼ਾਂ ਨਾ ਰੱਖੋ।

ਹਰੀਆਂ ਪੱਤੇਦਾਰ ਸਬਜ਼ੀਆਂ ਜਿਵੇਂ ਪਾਲਕ, ਸਰ੍ਹੋਂ ਦਾ ਸਾਗ, ਮੂਲੀ ਦੇ ਪੱਤੇ ਆਦਿ ਵਿਚ ਕੀੜੇ, ਮਿੱਟੀ ਆਦਿ ਮੌਜੂਦ ਰਹਿੰਦੇ ਹਨ। ਜੇਕਰ ਇਨ੍ਹਾਂ ਨੂੰ ਚੰਗੀ ਤਰ੍ਹਾਂ ਧੋ ਕੇ ਵਰਤੋਂ ਨਾ ਕੀਤੀ ਜਾਵੇ ਤਾਂ ਇਹ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

ਜਿਨ੍ਹਾਂ ਸਬਜ਼ੀਆਂ ਵਿਚ ਕੀੜੇ ਹੋਣ ਦੀ ਸੰਭਾਵਨਾ ਹੋਵੇ, ਜਿਵੇਂ ਬੈਂਗਨ, ਫੁੱਲ ਗੋਭੀ ਆਦਿ, ਉਨ੍ਹਾਂ ਨੂੰ ਚੰਗੀ ਤਰ੍ਹਾਂ ਪਰਖ ਕੇ ਹੀ ਪਕਾਓ।

ਧਿਆਨ ਰਹੇ ਕਿ ਆਟੇ ਦੇ ਕੰਟੇਨਰ ਵਿਚ ਨਮੀ ਪੈਦਾ ਨਾ ਹੋਵੇ, ਕਿਉਂਕਿ ਇਸ ਤਰ੍ਹਾਂ ਹੋਣ ਨਾਲ ਉਸ ਵਿਚ ਵਿਸ਼ੇਸ਼ ਤਰ੍ਹਾਂ ਦੇ ਕੀਟਾਣੂ ਪੈਦਾ ਹੋ ਜਾਂਦੇ ਹਨ ਜੋ ਪੇਟ ਦੀ ਖਰਾਬੀ ਦਾ ਕਾਰਨ ਬਣ ਜਾਂਦੇ ਹਨ।

ਅਕਸਰ ਔਰਤਾਂ ਤਾਜ਼ੀ ਬਣੀ ਸਬਜ਼ੀ ਵਿਚ ਬਾਸੀ (ਬੇਹੀ) ਸਬਜ਼ੀ ਮਿਲਾ ਦਿੰਦੀਆਂ ਹਨ। ਇਸ ਤਰ੍ਹਾਂ ਬਿਲਕੁਲ ਨਾ ਕਰੋ, ਕਿਉਂਕਿ ਇਸ ਨਾਲ ਤਾਜ਼ੀ ਸਬਜ਼ੀ ਵੀ ਖਰਾਬ ਹੋ ਸਕਦੀ ਹੈ।

ਤੁਹਾਨੂੰ ਸਬਜ਼ੀਆਂ ਉਬਾਲ ਕੇ ਫਰਿੱਜ ਵਿਚ ਰੱਖਣ ਦੀ ਆਦਤ ਹੈ ਤਾਂ ਛੇਤੀ ਨਾਲ ਇਸ ਤੋਂ ਛੁਟਕਾਰਾ ਪਾਓ। ਇਹ ਸਿਹਤ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ, ਵਿਸ਼ੇਸ਼ ਕਰਕੇ ਆਲੂ।

ਗਰਮੀ ਹੋਵੇ ਜਾਂ ਸਰਦੀ, ਆਟੇ ਨੂੰ ਜ਼ਿਆਦਾ ਮਾਤਰਾ ਵਿਚ ਨਾ ਗੁੰਨ੍ਹੋ। ਕੋਸ਼ਿਸ਼ ਕਰੋ ਕਿ ਖਾਣੇ ਤੋਂ ਕੁਝ ਦੇਰ ਪਹਿਲਾਂ ਹੀ ਆਟਾ ਗੁੰਨ੍ਹਿਆ ਜਾਵੇ।

ਕੁਝ ਔਰਤਾਂ ਸਮੇਂ ਦੀ ਬੱਚਤ ਲਈ ਬਹੁਤ ਜ਼ਿਆਦਾ ਸਬਜ਼ੀ ਬਣਾ ਕੇ ਫਰਿੱਜ ਵਿਚ ਰੱਖ ਦਿੰਦੀਆਂ ਹਨ, ਫਿਰ ਵਾਰ-ਵਾਰ ਉਸ ਨੂੰ ਗਰਮ ਕਰਕੇ ਵਰਤੋਂ ਕਰਦੀਆਂ ਹਨ। ਵਾਰ-ਵਾਰ ਤਾਪਮਾਨ ਬਦਲਣ ਨਾਲ ਸਬਜ਼ੀ ਦਾ ਸਵਾਦ ਤਾਂ ਖਰਾਬ ਹੁੰਦਾ ਹੀ ਹੈ, ਨਾਲ ਹੀ ਇਹ ਸਿਹਤ ਲਈ ਵੀ ਨੁਕਸਾਨਦਾਇਕ ਹੁੰਦਾ ਹੈ।

ਜੇਕਰ ਗਰਮੀਆਂ ਵਿਚ ਗ਼ਲਤੀ ਨਾਲ ਦੁੱਧ ਨੂੰ ਫਰਿੱਜ ਵਿਚ ਰੱਖਣਾ ਭੁੱਲ ਜਾਓ ਅਤੇ ਉਸ ਵਿਚੋਂ ਖੱਟੀ ਬਦਬੂ ਆਉਣ ਲੱਗੇ ਤਾਂ ਕੁਝ ਔਰਤਾਂ ਉਸ ਦਾ ਦਹੀਂ ਜਮਾ ਦਿੰਦੀਆਂ ਹਨ। ਧਿਆਨ ਦਿਓ ਕਿ ਇਸ ਤਰ੍ਹਾਂ ਨਾਲ ਦੁੱਧ ਵਿਚ ਪਹਿਲਾਂ ਤੋਂ ਹੀ ਫਰਮੈਂਟੇਸ਼ਨ ਸ਼ੁਰੂ ਹੋ ਜਾਂਦਾ ਹੈ। ਤੁਸੀਂ ਉਸ ਵਿਚ ਜਮਾਉਣ ਲਈ ਜੋ ਖੱਟਾ ਪਦਾਰਥ ਪਾਇਆ, ਉਸ ਨਾਲ ਦੁੱਧ ਹੋਰ ਖਰਾਬ ਹੋ ਜਾਵੇਗਾ। ਸੋ, ਇਸ ਤਰ੍ਹਾਂ ਨਾ ਕਰੋ ।

ਦਹੀਂ ਜਾਂ ਮੱਛੀ ਦੇ ਨਾਲ ਦੁੱਧ ਦੀ ਵਰਤੋਂ ਨਾ ਕਰੋ।

ਜ਼ਿਆਦਾ ਦੇਰ ਦੇ ਬਣੇ ਸਮੋਸੇ ਦੇ ਅੰਦਰ ਆਲੂ ਦਾ ਭਰਾਪਣ ਖਰਾਬ ਹੋ ਜਾਂਦਾ ਹੈ। ਸੋ, ਇਸ ਦਾ ਵਿਸ਼ੇਸ਼ ਧਿਆਨ ਰੱਖੋ, ਖਾਸ ਕਰਕੇ ਗਰਮੀਆਂ ਵਿਚ ।

ਆਮ ਕਰਕੇ ਔਰਤਾਂ ਸਵੇਰੇ ਨਾਸ਼ਤੇ ਵਿਚ ਆਲੂ, ਗੋਭੀ ਦੀਆਂ ਪਕੌੜੀਆਂ ਬਣਾਉਂਦੀਆਂ ਹਨ ਤੇ ਸ਼ਾਮ ਨੂੰ ਬਚੀਆਂ ਪਕੌੜੀਆਂ ਦੀ ਸਬਜ਼ੀ ਬਣਾ ਲੈਂਦੀਆਂ ਹਨ। ਘੱਟ ਤੋਂ ਘੱਟ ਗਰਮੀ ਵਿਚ ਇਸ ਤਰ੍ਹਾਂ ਕਰਨ ਤੋਂ ਬਚੋ, ਨਹੀਂ ਤਾਂ ਫਰਿੱਜ ਵਿਚ ਰੱਖਣ ਦੇ ਬਾਅਦ ਹੀ ਪ੍ਰਯੋਗ ਵਿਚ ਲਿਆਓ। -0-

## ਅਨੇਕਾਂ ਖੂਬੀਆਂ ਨਾਲ ਭਰਪੂਰ ਹੈ ਪਿਆਜ਼

**-ਸੁਨੀਤਾ ਗਾਬਾ**

ਸਵਾਦ ਵਿਚ ਤਿੱਖਾ, ਭੋਜਨ ਦੀ ਜਾਨ ਪਿਆਜ਼ ਨੂੰ ਭਲਾ ਕੌਣ ਨਹੀਂ ਜਾਣਦਾ। ਸਲਾਦ ਵਿਚ ਖਾਣ ਲਈ ਜਾਂ ਪਕਾ ਕੇ ਖਾਣ ਵਿਚ ਪਿਆਜ਼ ਦਾ ਇਕ ਆਪਣਾ ਹੀ ਥਾਂ ਹੈ। ਵੈਸੇ ਪਿਆਜ਼ ਆਸਾਨੀ ਨਾਲ ਸਭ ਜਗ੍ਹਾ ਮਿਲ ਜਾਂਦਾ ਹੈ। ਇਸ ਦੀ ਵਰਤੋਂ ਮਸਾਲਿਆਂ, ਸਬਜ਼ੀ ਅਤੇ ਸਲਾਦ ਦੇ ਰੂਪ ਵਿਚ ਜ਼ਿਆਦਾ ਕੀਤੀ ਜਾਂਦੀ ਹੈ।

ਚਿੱਟਾ ਪਿਆਜ਼ ਸਭ ਤੋਂ ਵਧੇਰੇ ਗੁਣਕਾਰੀ ਹੈ ਲਾਲ ਕੁਝ ਘੱਟ ਗੁਣਕਾਰੀ ਹੁੰਦਾ ਹੈ ਅਤੇ ਪੀਲੀ ਕਿਸਮ ਦਾ ਪਿਆਜ਼ ਜ਼ਿਆਦਾ ਸਮੇਂ ਤੱਕ ਨਹੀਂ ਰਹਿੰਦਾ। ਖੁਰਾਕ ਪੱਖੋਂ ਦੇਖਿਆ ਜਾਵੇ ਤਾਂ ਤਾਜ਼ਾ ਪਿਆਜ਼ ਸਭ ਤੋਂ ਵਧੇਰੇ ਫਾਇਦੇਮੰਦ ਮੰਨਿਆ ਗਿਆ ਹੈ।

**ਸਿਹਤ ਪੱਖੋਂ :** ਖੋਜ ਮਾਹਿਰਾਂ ਅਨੁਸਾਰ ਹਰ ਦਿਨ 100 ਗ੍ਰਾਮ ਪਿਆਜ਼ ਖਾਣ ਵਾਲੇ ਵਿਅਕਤੀ ਵਿਚ ਕੇਵਲ ਚਿਕਨਾਈ ਦਾ ਬਣਨਾ ਹੀ ਨਹੀਂ ਰੁਕਦਾ ਸਗੋਂ ਖ਼ੂਨ ਸੰਘਣਾ ਹੋਣ ਤੋਂ ਵੀ ਬਚਾਅ ਹੁੰਦਾ ਹੈ।

* ਇਹ ਸਰੀਰ ਵਿਚ ਊਰਜਾ ਪੈਦਾ ਕਰਦਾ ਹੈ ਅਤੇ ਮਾੜੇ ਵਿਕਾਰਾਂ ਨੂੰ ਖ਼ਤਮ ਕਰਦਾ ਹੈ।

* ਪਿਆਜ਼ ਖਾਣਾ ਖਾਣ ਵਿਚ ਰੁਚੀ ਪੈਦਾ ਕਰਦਾ ਹੈ ਅਤੇ ਹਾਜ਼ਮਾ ਵੀ ਠੀਕ ਕਰਦਾ ਹੈ।

* ਆਯੂਰਵੈਦਿਕ ਮਾਹਰਾਂ ਅਨੁਸਾਰ ਇਹ ਰੇਸ਼ਾ ਕੱਢਣ ਵਿਚ ਵੀ ਮਦਦ ਕਰਦਾ ਹੈ। ਇਸ ਦੀ ਵਰਤੋਂ ਨਾਲ ਰੇਸ਼ਾ ਪਤਲਾ ਹੁੰਦਾ ਹੈ।

* ਪਿਆਜ਼ ਵਿਚ ਲੋਹ ਤੱਤ ਹੋਣ ਕਰਕੇ ਇਹ ਖ਼ੂਨ ਦੀ ਕਮੀ ਨੂੰ ਪੂਰਾ ਕਰਦਾ ਹੈ।

**ਦਵਾਈ ਦੇ ਰੂਪ :** * ਜਦੋਂ ਕਿਸੇ ਨੂੰ ਉਲਟੀ ਆ ਰਹੀ ਹੋਵੇ ਤਾਂ ਪਿਆਜ਼ ਦੇ ਰਸ ਵਿਚ ਲੂਣ ਮਿਲਾ ਕੇ ਪੀਣ ਨਾਲ ਉਲਟੀ ਬੰਦ ਹੋ ਜਾਂਦੀ ਹੈ। ਉਨੀਂਦਰਾ ਰੋਗ ਵਿਚ ਪਿਆਜ਼ ਦਾ ਰਸ ਅਤੇ ਸ਼ਹਿਦ ਬਰਾਬਰ ਮਾਤਰਾ ਵਿਚ ਮਿਲਾ ਕੇ ਸਵੇਰੇ, ਦੁਪਹਿਰ ਅਤੇ ਸ਼ਾਮ ਵੇਲੇ ਚੱਟਣ ਨਾਲ ਗੂੜ੍ਹੀ ਨੀਂਦ ਆਉਣ ਲਗਦੀ ਹੈ।

* ਕਮਜ਼ੋਰ ਬੱਚਿਆਂ ਨੂੰ ਪਿਆਜ਼ ਦੇ ਰਸ ਵਿਚ ਗੁੜ ਮਿਲਾ ਕੇ ਚਟਾਉਣਾ ਚਾਹੀਦਾ ਹੈ। ਲਗਾਤਾਰ ਵਰਤੋਂ ਕਰਨ ਨਾਲ ਬੱਚਾ ਸਿਹਤਮੰਦ ਰਹੇਗਾ।

* ਕਬਜ਼ ਵਾਲੇ ਰੋਗੀਆਂ ਨੂੰ ਕੱਚੇ ਪਿਆਜ਼ ਦੇ ਸਲਾਦ ਵਿਚ ਨਿੰਬੂ ਦਾ ਰਸ ਮਿਲਾ ਕੇ ਖਾਣਾ ਚਾਹੀਦਾ ਹੈ। ਪਿਆਜ਼ ਅਤੇ ਇਮਲੀ ਦੀ ਚਟਣੀ ਕੁਝ ਦਿਨ ਤੱਕ ਖਾਣ ਨਾਲ ਕਬਜ਼ ਠੀਕ ਹੋ ਜਾਂਦੀ ਹੈ।

* ਗਰਭਵਤੀ ਔਰਤਾਂ ਨੂੰ ਕੱਚੇ ਪਿਆਜ਼ ਦੀ ਵਰਤੋਂ ਕੁਝ ਘੱਟ ਕਰਨੀ ਚਾਹੀਦੀ ਹੈ ਕਿਉਂਕਿ ਪਿਆਜ਼ ਦੀ ਤਾਸੀਰ ਗਰਮ ਹੁੰਦੀ ਹੈ।

* ਧੱਦਰ (ਦਾਦ) ਉਤੇ ਪਿਆਜ਼ ਦੇ ਬੀਜ ਪੀਹ ਕੇ ਲਗਾਉਣ ਨਾਲ ਲਾਭ ਮਿਲਦਾ ਹੈ। ਪੁਰਾਣੀ ਧੱਦਰ 'ਤੇ ਸਿਰਕਾ ਜਾਂ ਨਿੰਬੂ ਦੇ ਰਸ ਵਿਚ ਮਿਲਾ ਕੇ ਲਗਾਉਣਾ ਠੀਕ ਰਹਿੰਦਾ ਹੈ। * ਹੈਜ਼ਾ ਹੋਣ 'ਤੇ ਪਿਆਜ਼ ਦਾ ਰਸ, ਪੁਦੀਨੇ ਦੇ ਰਸ ਵਿਚ ਮਿਲਾ ਕੇ ਇਕ ਚਮਚ ਹਰ ਇਕ ਘੰਟੇ ਬਾਅਦ ਦੇਣ ਨਾਲ ਲਾਭ ਹੁੰਦਾ ਹੈ।

* ਲੂ ਲੱਗਣ 'ਤੇ ਪਿਆਜ਼ ਪੀਹ ਕੇ ਤਲੀਆਂ 'ਤੇ ਲੇਪ ਕਰੋ। ਪਿਆਜ਼ ਦਾ ਰਸ, ਪੁਦੀਨੇ ਅਤੇ ਨਿੰਬੂ ਦੀ ਸ਼ਿਕੰਜਵੀ ਮਿਲਾਓ। ਗਰਮੀ ਵਿਚ ਸਫ਼ਰ ਕਰਦੇ ਸਮੇਂ ਪਿਆਜ਼ ਹਮੇਸ਼ਾ ਨਾਲ ਰੱਖਣਾ ਚਾਹੀਦਾ ਹੈ।

* ਮਲੇਰੀਆ ਹੋਵੇ ਤਾਂ ਇਕ ਚਮਚ ਦੋ-ਤਿੰਨ ਪਿਪਲੀ ਲੈ ਕੇ ਪੀਹ ਕੇ ਚੱਟਣ ਨਾਲ ਲਾਭ ਮਿਲਦਾ ਹੈ। -0-

# ਗੁਰਮਤਿ ਸੰਜੋਗ ਦੀ ਸੇਵਾ ਸ਼ੁਰੂ



ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਆਨਲਾਈਨ ਸੇਵਾ ਅਤੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਰਾਹੀਂ ਪਹਿਲਾਂ ਹੀ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਤੁਸੀਂ ਘਰ ਬੈਠੇ ਆਪਣਾ ਫਾਰਮ ਭਰ ਸਕਦੇ ਹੋ। ਚਾਹਵਾਨ ਸੱਜਣ ਹੇਠ ਲਿਖੇ ਫੋਨ ਨੰਬਰ ਤੇ ਸੰਪਰਕ ਕਰਨ ਦੀ ਕ੍ਰਿਪਾਲਤਾ ਕਰਨੀ ਅਤੇ ਲੋੜੀਂਦਾ ਫਾਰਮ ਭਰ ਕੇ ਇਸ ਸੇਵਾ ਦਾ ਲਾਭ ਉਠਾਉ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

**ਸੰਪਰਕ: 98152-70101, 85678-00716**

## ਕੰਨਿਆ ਦੀ ਲੋੜ

**ਫਾਰਮ ਨੰ. 303**

ਲੁਧਿਆਣਾ ਵਾਸੀ ਗੁਰਸਿੱਖ, ਜਨਮ ਮਿਤੀ 11-12-82, ਕੱਦ 5'-8", Qualification BHMS, MD, Proffer in Homoeo College, ਹੋਮਿਊਪੈਥੀ ਡਾਕਟਰ ਆਪਣਾ ਕਲੀਨਿਕ ਲਈ ਯੋਗ ਕੰਨਿਆ ਦੀ ਲੋੜ ਹੈ। ਸੰਪਰਕ: 94639-11443, 94640-39043

**ਫਾਰਮ ਨੰ. 331**

ਲੁਧਿਆਣਾ ਵਾਸੀ, ਜਨਮ ਮਿਤੀ 02-07-82, ਕੱਦ 5'-8", 10+2, ਆਪਣਾ ਕਾਰੋਬਾਰ ਲਈ ਅੰਮ੍ਰਿਤਧਾਰੀ, ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 75290-29063, 88725-36145

**ਫਾਰਮ ਨੰ. 333**

ਲੁਧਿਆਣਾ ਵਾਸੀ, ਜਨਮ ਮਿਤੀ 06-11-86, M.Sc., Job in Infosys, Posted in Chandigarh, Package 4 Lacs PA, ਕੱਦ 5'-8", ਲਈ ਯੋਗ ਲੜਕੀ ਦੀ ਲੋੜ ਹੈ। Whatsapp: 73555-03333 98729-03415

**ਫਾਰਮ ਨੰ. 335**

Ludhiana Based, DOB 22-10-87, Hight 5'-11", M.Tech (Civil Engineering), Working at Municipal Corporation Ludhiana as SDO, Wanted an Educated Vegetarian, Amritdhari, Tall & Slim girl. Contact : 94639-15110, 80547-14214

**ਫਾਰਮ ਨੰ. 337**

ਲੁਧਿਆਣਾ ਵਾਸੀ, ਜਨਮ ਮਿਤੀ 12-05-88, Diploma Civil Engg. ਕੱਦ 5'-7", ਲਈ ਯੋਗ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ 79865-39125

**ਫਾਰਮ ਨੰ. 339**

ਲੁਧਿਆਣਾ ਵਾਸੀ, ਜਨਮ ਮਿਤੀ 01-05-91, +2, BBA ਕੱਦ 5'-8", Bank Employee ਲਈ IELTS 6.5 / 7 Band ਲੜਕੀ ਦੀ ਲੋੜ ਹੈ। ਸੰਪਰਕ 98788-24364, 96466-77316

**ਫਾਰਮ ਨੰ. 347**

ਲੁਧਿਆਣਾ ਵਾਸੀ, ਜਨਮ ਮਿਤੀ 18-11-88, ਕੱਦ 5'-7", 10th & (Information Technology Diploma Holder) Doing Job is Sangrur Court, Salary 30,000/- PM, may be IELTS clear, No Dowery, ਬਿਨਾਂ ਨੱਕ-ਕੰਨ ਛੇਦੇ, ਲੜਕੀ ਦੀ ਲੋੜ ਹੈ। ਸੰਪਰਕ: 98881-00755

**ਫਾਰਮ ਨੰ. 348**

ਨਵਾਂਸ਼ਹਿਰ ਵਾਸੀ, ਜਨਮ ਮਿਤੀ 23-11-86, ਕੱਦ 5'-10", ਕੰਪਿਊਟਰ ਡਿਪਲੋਮਾ, ਆਪਣਾ ਬਿਜ਼ਨੈਸ ਲੜਕੇ ਲਈ ਲੜਕੀ ਦੀ ਲੋੜ ਹੈ। ਸੰਪਰਕ: 98152-92643, 80549-37410

**ਫਾਰਮ ਨੰ. 349**

ਲੁਧਿਆਣਾ ਵਾਸੀ ਅੰਮ੍ਰਿਤਧਾਰੀ, ਜਨਮ ਮਿਤੀ 08-09-92, ਕੱਦ 5'-10", MCA, Occupation: Owner I.T. Company Creative Room ਲਈ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 95692-61303 -0-

**ਫਾਰਮ ਨੰ. 350**

ਲੁਧਿਆਣਾ ਵਾਸੀ, ਤਲਾਕਸ਼ੁਦਾ, ਜਨਮ ਮਿਤੀ 19-11-1990, ਕੱਦ 5'-3", BA, Computer Course, Business ਕਰਦੇ ਲਈ ਲੜਕੀ ਦੀ ਲੋੜ ਹੈ। ਸੰਪਰਕ: 98882-77889

**ਫਾਰਮ ਨੰ. 351**

ਲੁਧਿਆਣਾ ਵਾਸੀ, ਜਨਮ ਮਿਤੀ 26-05-1991, ਕੱਦ 5'-11", BBA, MBA, Senior Business Officer in Pharma MNC Company ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 97795-85956

**ਫਾਰਮ ਨੰ. 353**

ਲੁਧਿਆਣਾ ਵਾਸੀ, ਜਨਮ ਮਿਤੀ 29-08-1994, ਕੱਦ 5'-5", 12th Pass, Businessman ਲਈ ਲੜਕੀ ਦੀ ਲੋੜ ਹੈ। ਸੰਪਰਕ: 78887-27296, 9914924920

**ਫਾਰਮ ਨੰ. 354**

ਲੁਧਿਆਣਾ ਵਾਸੀ ਅੰਮ੍ਰਿਤਧਾਰੀ, ਜਨਮ ਮਿਤੀ 03-12-1991, ਕੱਦ 5'-6" B.Tech + PG Diploma from Canada (Production Engg.), ਕੈਨੇਡਾ ਵਿਖੇ ਜਾਬ ਕਰਦੇ ਲੜਕੇ ਲਈ B.D.S., B.Sc. (Nursing), Physiotherapist ਸਾਬਤ ਸੂਰਤ ਲੜਕੀ ਦੀ ਲੋੜ ਹੈ- ਸੰਪਰਕ 98552-76125

**ਫਾਰਮ ਨੰ. 355**

ਜਲੰਧਰ ਵਾਸੀ ਅੰਮ੍ਰਿਤਧਾਰੀ, ਜਨਮ ਮਿਤੀ 04-01-1986, ਕੱਦ 5'-10", B.Tech, MBA, Job: SBI Card as Assistant Vice President, Posted in Gurgaon ਲਈ ਵੈਜੀਟੇਰੀਅਨ, ਗੁਰੂ ਗ੍ਰੰਥ ਸਾਹਿਬ ਵਿਚ ਯਕੀਨ ਰੱਖਣ ਵਾਲੀ ਲੜਕੀ ਦੀ ਲੋੜ ਹੈ- ਸੰਪਰਕ 97791-48911, 97790-48911

**ਫਾਰਮ ਨੰ. 356**

ਦਿੱਲੀ ਵਾਸੀ, ਜਨਮ ਮਿਤੀ 02-03-1992, ਕੱਦ 5'-6", 10+2, Own Restaurant & One Shop Rented in Janakpuri ਲਈ ਯੋਗ ਲੜਕੀ ਦੀ ਲੋੜ ਹੈ- ਸੰਪਰਕ 99147-92225, 98114-49930

**ਫਾਰਮ ਨੰ. 358**

ਲੰਡਨ ਵਾਸੀ, ਗੁਰਸਿੱਖ, ਜਨਮ 1989, ਕੱਦ 6'-1", M.Sc. (Computer) working as a Network Eng. ਲਈ ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ 0044-7904050832

**ਫਾਰਮ ਨੰ. 359**

ਲੁਧਿਆਣਾ ਵਾਸੀ, ਜਨਮ 26-10-1989, ਕੱਦ 5'-8", 10+2 (Diploma in Hardware & Networking) Own Business ਲਈ ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 62809-64181

**ਫਾਰਮ ਨੰ. 360**

ਲੁਧਿਆਣਾ ਵਾਸੀ, ਜਨਮ 17-10-1994, ਕੱਦ 5'-11", B. Tech. (ਬਿਜਲੀ ਬੋਰਡ ਵਿਚ JE) ਲਈ ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 85688-22417, 84377-04610

-0-

## ਵਰ ਦੀ ਲੋੜ

**ਫਾਰਮ ਨੰ. 328**

ਲੁਧਿਆਣਾ ਵਾਸੀ, ਸਿੱਖ ਮਿਸ਼ਨਰੀ ਪਰਿਵਾਰ ਦੀ ਦਸਤਾਰ ਸਜਾਉਂਦੀ ਅੰਮ੍ਰਿਤਧਾਰੀ ਲੜਕੀ, ਜਨਮ ਮਿਤੀ-18-08-1988, ਕੱਦ-5', Phd. Botany, Working as Assistant Proff. in Shri Guru Granth Sahib World University Fatehgarh Sahib, IElets-6.5 Band ਲਈ ਵਿਦੇਸ਼ ਵਿੱਚ ਸੈਟਲ ਅੰਮ੍ਰਿਤਧਾਰੀ ਲੜਕਾ ਚਾਹੀਦਾ ਹੈ, ਪਿਤਾ ਰਿਟਾਇਰਡ ਇੰਜੀਨੀਅਰ (Govt. Job)।ਸੰਪਰਕ ਲਈ: 9988669977, 9988669988

**ਫਾਰਮ ਨੰ. 344**

ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

**ਫਾਰਮ ਨੰ. 352**

ਪਟਿਆਲਾ ਵਾਸੀ, ਜਨਮ ਮਿਤੀ 08-08-90, M.Sc. Nursing, Doing Ph.D., Assistant Prof. in Chitkara University, Pay 40,000/- ਲਈ ਲੜਕੇ ਦੀ ਲੋੜ ਹੈ। ਸੰਪਰਕ: 98558-26817

**ਫਾਰਮ ਨੰ. 361**

ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427 -0-

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਚਲਾਏ ਜਾ ਰਹੇ ਪ੍ਰਚਾਰ ਕੇਂਦਰਾਂ ਦੀਆਂ ਮਈ ਮਹੀਨੇ ਦੀਆਂ ਸਰਗਰਮੀਆਂ

**ਮਾਝਾ-**

**1. ਨਾਰਲੀ (98554-77302)-** ਪ੍ਰਚਾਰਕ ਬੀਬੀ ਕੁਲਦੀਪ ਕੌਰ ਵਲੋਂ ਬੱਚਿਆਂ ਦੀਆਂ ਅਤੇ ਵੱਡੀਆਂ ਭੈਣਾਂ ਦੀਆਂ Online ਕਲਾਸਾਂ ਲਗਾਈਆਂ ਜਾਂਦੀਆਂ ਹਨ। ਕਾਲਜ ਵਲੋਂ ਭੇਜੇ ਐਜੂਏਡ ਦੇ ਪੈਸੇ ਬਾਬਾ ਦੀਪ ਸਿੰਘ ਗੁਰਦੁਆਰਾ ਪੱਟੀ ਰੋਡ 'ਤੇ ਬੱਚਿਆਂ ਦੇ ਮਾਪਿਆਂ ਨਾਲ ਗੱਲਬਾਤ ਕਰ ਕੇ ਵੰਡੇ ਗਏ। 13 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 3 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**2. ਤਰਨ-ਤਾਰਨ (94654-93275)-** ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ, ਭਾਈ ਗੁਰਵਿੰਦਰ ਸਿੰਘ ਅਤੇ ਭਾਈ ਸੋਧ ਸਿੰਘ ਵੱਲੋਂ 4 ਪਿੰਡਾਂ ਵਿੱਚ ਹਫਤਾਵਾਰੀ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਭਾਈ ਗੁਰਵਿੰਦਰ ਸਿੰਘ ਵਲੋਂ ਰੋਜ਼ਾਨਾ ਗੁਰਦੁਆਰਾ ਪਰਜਾਪਤ (ਪੱਤੀ) ਵਿਖੇ ਗੁਰਮਤਿ ਵੀਚਾਰਾਂ ਕੀਤੀਆਂ ਜਾਂਦੀਆਂ ਹਨ। ਭਾਈ ਸੋਧ ਸਿੰਘ ਵਲੋਂ ਚੁਬੱਚਾ ਸਾਹਿਬ ਸਰਹਾਲੀ ਕਲਾਂ ਵਿਖੇ ਗੁਰਮਤਿ ਵੀਚਾਰਾਂ ਕੀਤੀਆਂ ਜਾਂਦੀਆਂ ਹਨ।

**3. ਮਾਲੂਵਾਲ (98885-20250)-** ਪ੍ਰਚਾਰਕ ਭਾਈ ਨਿਰਮਲ ਸਿੰਘ ਜੀ ਵਲੋਂ 7 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਸਿਖਲਾਈ ਦਿੱਤੀ ਜਾਂਦੀ ਹੈ। ਪਿੰਡ ਸੁਰ ਸਿੰਘ ਗੁਰਦੁਆਰਾ ਬਾਬਾ ਜੀਵਨ ਸਿੰਘ (ਪੱਤੀ ਮਾਣਾ ਕੀ) ਵਿਖੇ ਹਫਤੇ ਵਿੱਚ ਦੋ ਦਿਨ (ਸੋਮਵਾਰ ਅਤੇ ਸ਼ੁੱਕਰਵਾਰ) ਨੂੰ ਬੱਚਿਆਂ ਦੀ ਕੀਰਤਨ ਕਲਾਸ ਲਗਾਈ ਜਾਂਦੀ ਹੈ।

**4. ਚੋਹਲਾ ਸਾਹਿਬ (88472-67156)-** ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵਲੋਂ 4 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਪਿੰਡ ਨੱਥੂ ਚੱਕ ਦੇ ਗੁਰਦੁਆਰਾ ਸਾਹਿਬ ਵਿਖੇ ਰੋਜ਼ਾਨਾ ਅੰਮ੍ਰਿਤ ਵੇਲੇ ਹੁਕਮਨਾਮਾ ਸਾਹਿਬ ਦੀ ਵੀਚਾਰ ਕੀਤੀ ਜਾਂਦੀ ਹੈ। ਪਿੰਡ ਨੱਥੂ ਚੱਕ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**5. ਮਰਹਾਣਾ (98031-60435)-** ਕੇਂਦਰ ਦੇ ਪ੍ਰਚਾਰਕ ਭਾਈ ਜੋਗਾ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਹੋਏ ਸਮਾਗਮ ਵਿੱਚ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ। 15 ਮਈ ਨੂੰ ਪਿੰਡ ਛਾਪੜੀ ਵਿਖੇ ਹੋਏ ਸਮਾਗਮ ਵਿੱਚ ਗੁਰਮਤਿ ਵੀਚਾਰ ਕੀਤੀ ਗਈ। ਹਰ ਐਤਵਾਰ ਨੂੰ ਅੰਮ੍ਰਿਤ ਵੇਲੇ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ। 33 ਬੱਚੇ ਸਹਿਜ ਪਾਠ ਕਰ ਰਹੇ ਹਨ।

**6. ਡੱਲ੍ਹ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ 6 ਪਿੰਡਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਸੰਥਿਆ, ਸਿੱਖ ਇਤਿਹਾਸ ਅਤੇ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**ਮਾਲਵਾ:**

**7. ਗੁੱਜਰਵਾਲ (94655-66666)-** ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਵੱਲੋਂ 1 ਮਈ ਤੋਂ 17 ਮਈ ਤੱਕ ਸ਼ਹੀਦ ਕਰਤਾਰ ਸਿੰਘ ਸਰਾਭਾ ਨਰਸਿੰਗ ਕਾਲਜ ਦੀਆਂ ਕਲਾਸਾਂ ਲੱਗੀਆਂ ਹਨ। ਹਫਤੇ ਵਿੱਚ ਇੱਕ ਦਿਨ ਜ਼ੋਮ ਅਪਪ ਰਾਹੀਂ ੋਨਲਨਿੲ ਚਲੳਸਸ ਲਗਾਈ ਜਾਂਦੀ ਹੈ। ਹਰ ਐਤਵਾਰ ਪਿੰਡ ਨਾਰੰਗਵਾਲ ਵਿਖੇ ਬੱਚਿਆਂ ਦੀ ਕਲਾਸ ਲਗਾਈ ਜਾਂਦੀ ਹੈ ਅਤੇ ਭੈਣ ਕਿਰਨਪ੍ਰੀਤ ਕੌਰ ਹਰ ਰੋਜ਼ ਗੱਤਕੇ ਦੀ ਕਲਾਸ ਲਗਾ ਰਹੀ ਹੈ। 3 ਪਿੰਡਾਂ ਵਿੱਚ ਹੋਏ ਸਮਾਗਮਾਂ ਵਿੱਚ ਕਥਾ-ਵੀਚਾਰ ਕੀਤੀ ਗਈ। ਪਿੰਡ ਸਹੋਲੀ ਅਤੇ ਸੁਧਾਰ ਦੇ 15 ਬੱਚਿਆਂ ਨੇ ਸਹਿਜ ਪਾਠ ਜਾਰੀ ਰੱਖੇ ਹਨ। ਐਜੂਏਡ ਲੈਣ ਵਾਲੇ ਬੱਚਿਆਂ ਦੇ ਮਾਪਿਆਂ ਨਾਲ ਸਪੈਸ਼ਲ ਮੀਟਿੰਗ ਕੀਤੀ ਗਈ।

**8. ਰਾਮੂੰਵਾਲਾ ਨਵਾਂ (98777-94586)-** ਪ੍ਰਚਾਰਕ ਭਾਈ ਹਰਜੀਤ ਸਿੰਘ ਜੀ ਵਲੋਂ 3 ਪਿੰਡਾਂ ਵਿੱਚ ਹਰ ਰੋਜ਼ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਸਿੱਖਿਆ ਦਿੱਤੀ ਜਾਂਦੀ ਹੈ। ਪਿੰਡ ਡਾਲਾ ਵਿਖੇ ਗੁਰਮਤਿ ਦੀ ਨਵੀਂ ਕਲਾਸ ਸ਼ੁਰੂ ਕੀਤੀ ਗਈ ਹੈ। ਰਾਮੂੰਵਾਲਾ ਨਵਾਂ ਦੇ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਕਥਾ-ਵੀਚਾਰ ਕੀਤੀ ਜਾਂਦੀ ਹੈ। 61 ਬੱਚੇ ਸਹਿਜ ਪਾਠ ਕਰ ਰਹੇ ਹਨ, ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ ਅਤੇ ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ।

**9. ਲਤਾਲਾ/ਸੁਖਾਣਾ (ਰਾਏਕੋਟ) (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵਲੋਂ 4 ਪਿੰਡਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਹਫਤੇ ਵਿੱਚ ਇੱਕ ਦਿਨ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ ਅਤੇ ਸ਼ਬਦ ਵੀਚਾਰ ਕੀਤੀ ਜਾਂਦੀ ਹੈ। ਸ: ਜੱਸਾ ਸਿੰਘ ਰਾਮਗੜ੍ਹੀਆ ਬਾਰੇ ਇਤਿਹਾਸਿਕ ਵੀਚਾਰ ਸਾਂਝੇ ਕੀਤੇ ਗਏ। 26 ਮਈ ਨੂੰ ਕਿਸਾਨੀ ਸੰਘਰਸ਼ ਦੇ ਸੰਬੰਧ ਵਿੱਚ ਕੇਂਦਰ ਵਿਖੇ ਵਿਚਾਰ ਸਾਂਝੇ ਕੀਤੇ ਗਏ। 4 ਪਰਿਵਾਰਾਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ ਹੋਰਾਂ ਨੂੰ ਵੀ ਘਰ-ਘਰ ਜਾ ਕੇ ਸਹਿਜ ਪਾਠ ਕਰਨ ਬਾਰੇ ਪ੍ਰੇਰਿਤ ਕੀਤਾ ਗਿਆ। ਕੇਂਦਰ ਵਿਖੇ 6 ਪਿੰਡਾਂ ਦੇ ਵਿਦਿਆਰਥੀਆਂ ਨੂੰ ਕਾਲਜ ਵਲੋਂ ਮਿਲ ਰਹੀ ਵਜੀਫਾ ਰਾਸ਼ੀ ਦਿੱਤੀ ਗਈ ਅਤੇ ਬੱਚਿਆਂ ਦੇ ਮਾਪਿਆਂ ਨਾਲ ਵਿਚਾਰਾਂ ਕੀਤੀਆਂ ਗਈਆਂ। 25 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**10. ਕੁੱਬਾ (95015-16002)-** ਕੇਂਦਰ ਦੇ ਪ੍ਰਚਾਰਕ ਭਾਈ ਅਮਨਦੀਪ ਸਿੰਘ ਵੱਲੋਂ 8 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਸਿੱਖਿਆ ਦਿੱਤੀ ਜਾਂਦੀ ਹੈ। 2 ਪਿੰਡਾਂ ਵਿੱਚ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ। 9 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 3 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**11. ਘਨੌਲੀ (81460-16099)-** ਪ੍ਰਚਾਰਕ ਭਾਈ ਪਰਮਵੀਰ ਸਿੰਘ ਵਲੋਂ 5 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਧਾਰਮਿਕ ਸਿੱਖਿਆ ਅਤੇ ਗੁਰਬਾਣੀ ਸੰਥਿਆ ਦਿੱਤੀ ਜਾਂਦੀ ਹੈ।

**12. ਮਹਾਂ ਸਿੰਘ ਨਗਰ (98154-92588)-** ਪ੍ਰਚਾਰਕ ਭਾਈ ਚਰਨਜੀਤ ਸਿੰਘ ਵਲੋਂ ਭਾਈ ਮਹਾਂ ਸਿੰਘ ਨਗਰ ਵਿਖੇ ਸਵੇਰੇ ਅਤੇ ਸ਼ਾਮ ਬੱਚਿਆਂ ਦੀ ਧਾਰਮਿਕ ਕਲਾਸ ਲਗਾਈ ਜਾਂਦੀ ਹੈ। ਕੈਪਟਨ ਅਵਤਾਰ ਸਿੰਘ ਵਲੋਂ ਜੇਠ ਦੇ ਮਹੀਨੇ ਸੰਬੰਧੀ ਸੰਗਤ ਨਾਲ ਕਥਾ-ਵਿਚਾਰ ਦੀ ਸਾਂਝ ਪਾਈ ਗਈ। ਬੀਬੀਆਂ ਵਲੋਂ ਹਰ ਵੀਰਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਜਾਂਦੇ ਹਨ। 12 ਬੱਚੇ ਅਤੇ ਬੀਬੀਆਂ ਸਹਿਜ ਪਾਠ ਕਰ ਰਹੇ ਹਨ।

**13. ਭਾਗੀਕੇ (96461-66584)-** ਪ੍ਰਚਾਰਕ ਭਾਈ ਦਾਰਾ ਸਿੰਘ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਲੜੀਵਾਰ ਕਥਾ-ਵੀਚਾਰ ਕੀਤੀ ਜਾਂਦੀ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰਖਦਿਆਂ ਬੱਚਿਆਂ ਦਾ ਧਾਰਮਿਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਦਾ ਪੇਪਰ ਲਿਆ ਗਿਆ ਅਤੇ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ। 3 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**14. ਗਰੇਸ ਪਬਲਿਕ ਸਕੂਲ (98880-11984)-** ਪ੍ਰਚਾਰਕ ਬੀਬੀ ਇੰਦਰਜੀਤ ਕੌਰ ਵਲੋਂ ਬੱਚਿਆਂ ਦੀਆਂ ੋਨਲਨਿੲ ਕਲਾਸਾਂ ਲਗਾ ਕੇ ਉਹਨਾਂ ਨੂੰ ਗੁਰਬਾਣੀ ਨਾਲ ਜੋੜਨ ਦਾ ਯਤਨ ਕੀਤਾ ਜਾਂਦਾ ਹੈ।

**15. ਸੈਦਪੁਰ (73473-42015)-**

ਪ੍ਰਚਾਰਕ ਬੀਬੀ ਰਾਜਬੀਰ ਕੌਰ ਵਲੋਂ ਕੇਂਦਰ ਸੈਦਪੁਰ ਵਿਖੇ ਰੋਜਾਨਾ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 15 ਮਈ ਨੂੰ ਪਿੰਡ ਬੁਰਜ ਦੇਵਾ ਸਿੰਘ ਅਤੇ ਪਿੰਡ ਬੁਰਜ ਪੂਹਲਾ ਵਿਖੇ ਬੱਚਿਆਂ ਦੀ ਕਲਾਸ ਸ਼ੁਰੂ ਕੀਤੀ ਗਈ।

**16. ਮਾਂਗੇਵਾਲ (80545-73305)-** ਪ੍ਰਚਾਰਕ ਭਾਈ ਅਮਰਜੀਤ ਸਿੰਘ ਵਲੋਂ ਮਾਂਗੇਵਾਲ ਵਿਖੇ ਗ਼ੋਮ ਅਪਪ ਰਾਹੀਂ ੋਨਲਨਿਏ ਬੱਚਿਆਂ ਦੀ ਧਾਰਮਿਕ ਕਲਾਸ ਲਗਾਈ ਜਾਂਦੀ ਹੈ। ਸੜਕਾਂ ਦੇ ਕਿਨਾਰਿਆਂ 'ਤੇ ਦਰੱਖਤ ਲਗਾਏ ਜਾ ਰਹੇ ਹਨ। ਪਿੰਡ ਦੇ ਨੌਜਵਾਨਾਂ ਵਲੋਂ ਰਲ-ਮਿਲ ਕੇ ਮਿੰਨੀ ਜੰਗਲ ਉਸਾਰਿਆ ਜਾ ਰਿਹਾ ਹੈ। 8 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ ਇੱਕ ਬੱਚੇ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤਾ ਹੈ।

**17. ਪਟਿਆਲਾ (87289-34413)-** ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਕੇਂਦਰ ਵਿਖੇ ਬੱਚਿਆਂ ਦੀਆਂ ਗੁਰਬਾਣੀ ਸੰਥਿਆ, ਕੀਰਤਨ ਅਤੇ ਦਸਤਾਰ ਸਿਖਲਾਈ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਫਤਹਿਗੜ੍ਹ ਸਾਹਿਬ (ਪਿੰਡ ਅਨੈਤਪੁਰ) ਦੇ ਗੁਰਦੁਆਰਾ ਸਾਹਿਬ ਵਿਖੇ ਸ਼ਾਮ ਦੇ ਦੀਵਾਨ ਦੀ ਸੇਵਾ ਬੱਚਿਆਂ ਵਲੋਂ ਸੋਮਵਾਰ ਤੋਂ ਬੁੱਧਵਾਰ ਤੱਕ ਨਿਭਾਈ ਜਾਂਦੀ ਹੈ। 3 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**18. ਪਟਿਆਲਾ (98788-13795)-** ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਕੇਂਦਰ ਵਿਖੇ ਬੱਚਿਆਂ ਅਤੇ ਬੀਬੀਆਂ ਦੀਆਂ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਪਿੰਡ ਬੱਲਰਾ ਜ਼ਿਲ੍ਹਾ ਸੰਗਰੂਰ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਦੇ ਨਾਲ-ਨਾਲ ਦਸਤਾਰ ਸਿਖਲਾਈ ਅਤੇ ਕੀਰਤਨ ਸਿਖਲਾਈ ਦੀ ਕਲਾਸ ਵੀ ਲਗਾਈ ਜਾਂਦੀ ਹੈ। 4 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**ਦੁਆਬਾ**

**19. ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ-1) (95926-56964)-** ਕੇਂਦਰ ਦੇ ਪ੍ਰਚਾਰਕ ਭਾਈ ਸੁਖਜਿੰਦਰ ਸਿੰਘ ਵਲੋਂ 2 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਸੰਗਰਾਂਦ ਵਾਲੇ ਦਿਨ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ। ਪਿੰਡ ਭਾਨ ਮਜਾਰਾ ਵਿਖੇ ਘਰ ਵਿੱਚ 2 ਸਹਿਜ ਪਾਠ ਆਰੰਭ ਕਰਵਾਏ ਗਏ ਅਤੇ 2 ਹੋਰ ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**20. ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ-2) (99146-17434)-** ਕੇਂਦਰ ਦੇ ਪ੍ਰਚਾਰਕ ਭਾਈ ਗੁਰਦਾਸ ਸਿੰਘ ਵਲੋਂ 4 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। 14 ਮਈ ਨੂੰ ਗੁਰੂ ਅੰਗਦ ਸਾਹਿਬ ਜੀ ਦਾ ਅਤੇ 25 ਮਈ ਨੂੰ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ। ਕਲਾਸਾਂ ਦੇ ਬੱਚਿਆਂ ਨੇ ਕਵਿਤਾ, ਕਵੀਸ਼ਰੀ ਗਾਇਨ ਕੀਤੀਆਂ ਅਤੇ ਭਾਈ ਸਾਹਿਬ ਵਲੋਂ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**21. ਅੱਪਰਾ 1 (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਵੱਲੋਂ 19 ਪਿੰਡਾਂ ਵਿੱਚ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਪਿੰਡ ਰਟੈਂਡਾ ਅਤੇ ਇੰਦਨਾ ਕਲਾਸਕੇ ਵਿਖੇ ਇੱਕ ਸਹਿਜ ਪਾਠ ਦੀ ਸਮਾਪਤੀ ਅਤੇ ਆਰੰਭਤਾ ਕੀਤੀ ਗਈ। ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਹਰ ਐਤਵਾਰ ਨੂੰ ਅਤੇ ਸੰਗਰਾਂਦ 'ਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਜਾਂਦੀਆਂ ਹਨ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 15 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**22. ਅੱਪਰਾ 2 (85280-78722)-** ਪ੍ਰਚਾਰਕ ਭਾਈ ਗੁਰਵਿੰਦਰ ਸਿੰਘ ਵੱਲੋਂ 9 ਪਿੰਡਾਂ ਵਿੱਚ ਬੱਚਿਆਂ ਦੀਆਂ ਗੁਰਬਾਣੀ ਕੀਰਤਨ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ।

**23. ਭੋਗਪੁਰ (99148-38148)-** ਪ੍ਰਚਾਰਕ ਭਾਈ ਸੁਖਦੀਪ ਸਿੰਘ ਵਲੋਂ 7 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਨੈਤਿਕ ਸਿਖਿਆ ਦਿਤੀ ਜਾਂਦੀ ਹੈ। ਪਿੰਡ ਚੱਕ ਸ਼ਕੂਰ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਏ ਗੁਰਮਤਿ ਸਮਾਗਮ ਵਿੱਚ ਭਾਈ ਸਾਹਿਬ ਵਲੋਂ ਕਥਾ-ਵੀਚਾਰ ਕੀਤੀ ਗਈ। ਪਿੰਡ ਡੱਲੀ ਵਿਖੇ ਹਫਤਾਵਾਰੀ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ।

**24. ਕਾਲੇਵਾਲ ਲੱਲੀਆਂ (97811-49531)-** ਪ੍ਰਚਾਰਕ ਭਾਈ ਗੋਲਡਜੀਤ ਸਿੰਘ ਵਲੋਂ ਸਵੇਰੇ-ਸ਼ਾਮ ਨਿਤਨੇਮ ਤੇ ਕਥਾ-ਵੀਚਾਰ ਕੀਤੀ ਜਾਂਦੀ ਹੈ। ਪਿੰਡ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਸੰਥਿਆ ਅਤੇ ਗੁਰਇਤਿਹਾਸ ਦੀ ਜਾਣਕਾਰੀ ਦਿੱਤੀ ਜਾਂਦੀ ਹੈ। 2 ਬੱਚੀਆਂ ਸ਼ਾਮ ਦਾ ਨਿਤਨੇਮ ਵੀ ਕਰਦੀਆਂ ਹਨ। ਪਿੰਡ ਘਾਗੋਂ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 3 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**25. ਖੁਰਦਪੁਰ (98720-92062)-** ਪ੍ਰਚਾਰਕ ਭਾਈ ਮੰਗਲਜੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਸਵੇਰੇ-ਸ਼ਾਮ ਨਿਤਨੇਮ ਕੀਤਾ ਜਾਂਦਾ ਹੈ ਅਤੇ ਸ਼ਾਮ ਨੂੰ ਕਥਾ-ਵੀਚਾਰ ਕੀਤੀ ਜਾਂਦੀ ਹੈ। 3 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**26. ਸਰਹਾਲਾ ਰਾਣੂੰਆਂ (84379-89702)-** ਕੇਂਦਰ ਦੇ ਪ੍ਰਚਾਰਕ ਭਾਈ ਸੁਖਵੀਰ ਸਿੰਘ ਵਲੋਂ 5 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ, ਭੈਣਾਂ ਅਤੇ ਨੌਜਵਾਨਾਂ ਨੂੰ ਗੁਰਬਾਣੀ ਸੰਥਿਆ, ਕੀਰਤਨ ਦੀ ਸਿਖਲਾਈ ਦਿੱਤੀ ਜਾਂਦੀ ਹੈ। ਕੇਂਦਰ ਵਿਖੇ ਦਸਤਾਰ ਸਿਖਲਾਈ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਗੁਰਦੁਆਰਾ ਬਾਬਾ ਨੰਦ ਲਾਲ ਸਾਹਿਬ ਵਿਖੇ ਹਰ ਸ਼ਨੀਵਾਰ ਨੂੰ ਆਸਾ ਦੀ ਵਾਰ ਦੀ ਲੜੀਵਾਰ ਕਥਾ-ਵੀਚਾਰ ਕੀਤੀ ਜਾਂਦੀ ਹੈ। 30 ਬੱਚੇ ਸਹਿਜ ਪਾਠ ਕਰ ਰਹੇ ਹਨ, 4 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ ਅਤੇ ਇੱਕ ਬੱਚਾ ਐਲੀਮੈਂਟਰੀ ਕੋਰਸ ਕਰ ਰਿਹਾ ਹੈ।

**27. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਸਿੱਖਿਆ ਦੇ ਰਹੇ ਹਨ। ਹਰ ਰੋਜ਼ ਗੁਰਬਾਣੀ ਕੀਰਤਨ ਅਤੇ ਕਥਾ-ਵੀਚਾਰਾਂ ਦੀ ਸਾਂਝ ਸੰਗਤ ਨਾਲ ਪਾਈ ਜਾਂਦੀ ਹੈ। ਕੇਂਦਰ ਦੇ ਗੁਰਦੁਆਰਾ ਸਿੰਘ ਸਭਾ ਤੇ ਗੁਰਦੁਆਰਾ ਸਾਹਿਬ ਫਲਾਹੀ ਵਾਲਾ ਵਿਖੇ ਹਫਤੇ ਵਿੱਚ 5 ਦਿਨ ਬੱਚਿਆਂ ਦੀ ਗੁਰਮਤਿ ਅਤੇ ਕੀਰਤਨ ਦੀ ਕਲਾਸ ਲਗਾਈ ਜਾਂਦੀ ਹੈ। ਕੇਂਦਰ ਚੱਕ ਕਲਾਂ, ਚੱਕ ਖੁਰਦ ਤੇ ਪਿੰਡ ਹੇਰਾਂ ਵਿਖੇ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬੱਚਿਆਂ ਦਾ ਟੈਸਟ ਲਿਆ ਗਿਆ ਅਤੇ ਸਾਰੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਗੁਰਮਤਿ ਕਲਾਸਾਂ ਵਿੱਚ ਛੋਟਾ ਘੱਲੂਘਾਰਾ ਦੇ ਸੰਬੰਧ ਵਿੱਚ ਬੱਚਿਆਂ ਨਾਲ ਜਾਣਕਾਰੀ ਸਾਂਝੀ ਕੀਤੀ ਗਈ। 12 ਸਹਿਜ ਪਾਠਾਂ ਦੀ ਸਮਾਪਤੀ ਕੀਤੀ ਗਈ ਅਤੇ 7 ਨਵੇਂ ਸਹਿਜ ਪਾਠ ਆਰੰਭ ਕੀਤੇ ਗਏ। 25 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**28. ਚੱਕ ਸਿੰਘਾ (87290-86035)-** ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ ਰੋਜ਼ਾਨਾ ਸੰਗਤ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਕੇਂਦਰ ਵਿਖੇ ਰੋਜ਼ਾਨਾ ਬੱਚਿਆਂ ਦੀ ਫ੍ਰੀ ਟਿਊਸ਼ਨ ਕਲਾਸ ਲਗਾਈ ਜਾਂਦੀ ਹੈ। ਰੋਜ਼ਾਨਾ ਬੱਚਿਆਂ ਦੀ ਗੁਰਮਤਿ ਕਲਾਸ ਅਤੇ ਕੀਰਤਨ ਸਿਖਲਾਈ ਦੀ ਕਲਾਸ ਲਗਾਈ ਜਾਂਦੀ ਹੈ। ਕੇਂਦਰ ਵਿਖੇ ਹਰ ਵੀਰਵਾਰ ਨੂੰ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਵਿਖੇ ਹਫਤਾਵਾਰੀ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ। 10 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, 2 ਬੱਚਿਆਂ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤੇ ਹਨ ਅਤੇ 5 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**29. ਦਿਅੰਤਪੁਰ (81466-11610)-** ਪ੍ਰਚਾਰਕ ਭਾਈ ਜਸਵਿੰਦਰ ਸਿੰਘ ਵਲੋਂ ਬੱਚਿਆਂ ਅਤੇ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਪਿੰਡ ਡਮੇਲੀ

ਵਿਖੇ ਗੁਰਮਤਿ ਵੀਚਾਰ ਕੀਤੀ ਗਈ ਤੇ ਪਿੰਡ ਖੁਰਦਪੁਰ ਵਿਖੇ ਵੀ ਸੰਗਰਾਂਦ ਨੂੰ ਮੁੱਖ ਰਖਦਿਆਂ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ। ਇੱਕ ਵੀਰ ਨੇ ਸਹਿਜ ਪਾਠ ਆਰੰਭ ਕੀਤਾ ਹੈ।

**30. ਭਾਈ ਤਿਲਕਾ (ਚੱਕ ਫੁੱਲੂ) (98151-07941)–** ਪ੍ਰਚਾਰਕ ਭਾਈ ਸਤਿਨਾਮ ਸਿੰਘ ਵਲੋਂ ਕੇਂਦਰ ਵਿਖੇ ਸਵੇਰੇ-ਸ਼ਾਮ ਨਿਤਨੇਮ ਦੀ ਸੇਵਾ ਨਿਭਾਈ ਜਾਂਦੀ ਹੈ। ਜਰਮਨੀ ਦੇ ਬੱਚਿਆਂ ਦੀ ਗਰੁੱਪ ਏ ਅਤੇ ਬੀ ਦੀ ਐਤਵਾਰ, ਮੰਗਲਵਾਰ, ਵੀਰਵਾਰ ਅਤੇ ਸ਼ਨੀਵਾਰ ਨੂੰ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਰਾਂਚੀ (ਝਾਰਖੰਡ) ਦੇ ਬੱਚਿਆਂ ਦੀ ਹਰ ਸ਼ਨੀਵਾਰ ਨੂੰ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 14 ਮਈ ਨੂੰ ਪਿੰਡ ਬਾਰਪੁਰ ਵਿਖੇ ਹੋਏ ਸਮਾਗਮ ਵਿੱਚ ਕਥਾ-ਵੀਚਾਰ ਕੀਤੀ ਗਈ। ਪਿੰਡ ਪਨਾਮ ਅਤੇ ਚੱਕ ਫੁੱਲੂ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਕੇਂਦਰ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 400 ਸਾਲਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ। 37 ਬੱਚੇ ਐਲੀਮੈਂਟਰੀ ਕੋਰਸ ਅਤੇ 10 ਬੱਚੇ ਸਹਿਜ ਪਾਠ ਕਰ ਰਹੇ ਹਨ।

### ਪੰਜਾਬ ਤੋਂ ਬਾਹਰ ਦੇ ਕੇਂਦਰ

**31. ਜਮਸ਼ੇਦਪੁਰ (ਟਾਟਾ ਨਗਰ)–** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਜਮਸ਼ੇਦਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਹੋਏ ਸਮਾਗਮ ਵਿੱਚ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**32. ਬੜਾ ਗੁੜਾ (ਸਿਰਸਾ) (97296-10753)–** ਪ੍ਰਚਾਰਕ ਭਾਈ ਮਨਪ੍ਰੀਤ ਸਿੰਘ ਵਲੋਂ ਪਿੰਡ ਗੁੜਾ ਦੇ ਗੁਰਦੁਆਰਾ ਭੱਠਾ ਸਾਹਿਬ ਵਿਖੇ ਹਰ ਰੋਜ਼ ਸਵੇਰੇ ਲੜੀਵਾਰ ਕਥਾ-ਵੀਚਾਰ ਕੀਤੀ ਜਾਂਦੀ ਹੈ। ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ।

**33. ਸਿੰਬਲ ਕੈਂਪ (ਜੰਮੂ) (90865-31984)–** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਬੱਚਿਆਂ ਦੀਆਂ (Online) ਕਲਾਸਾਂ ਲਗਾ ਕੇ ਨੂੰ ਗੁਰਮਤਿ ਅਤੇ ਨੈਤਿਕ ਸਿਖਿਆ ਦਿੱਤੀ ਜਾ ਰਹੀ ਹੈ। ਚੱਠਾ ਪਿੰਡ, ਲੋਅਰ ਗਾਡੀਗੜ੍ਹ ਅਤੇ ਨਾਨਕ ਨਗਰ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 5 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**34. ਜਰਮਨ (00491631892161)–** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਸੰਗਤ ਦੀਆਂ ਕਲਾਸਾਂ ਲਗਾ ਕੇ ਗੁਰਮਤਿ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਬੱਚਿਆਂ ਦੀਆਂ ਧਾਰਮਿਕ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

**35. ਗਾਂਧੀਧਾਮ (ਗੁਜਰਾਤ) (98057-08111)–** ਪ੍ਰਚਾਰਕ ਭਾਈ ਜਸਪ੍ਰੀਤ ਸਿੰਘ ਵਲੋਂ ਗੁਜਰਾਤ ਵਿੱਚ ਕੱਛ ਜਿਲ੍ਹੇ ਦੇ ਗਾਂਧੀਧਾਮ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਿੰਘ ਸਭਾ ਦੇ ਸਹਿਯੋਗ ਨਾਲ ਪਿਛਲੇ 2 ਸਾਲਾਂ ਤੋਂ ਗੁਰਮਤਿ ਕਲਾਸਾਂ ਲਗਾਈਆਂ ਜਾ ਰਹੀਆਂ ਹਨ, ਜਿਸ ਵਿੱਚ ਲਗਭਗ 80 ਬੱਚੇ ਹਾਜਰੀ ਭਰਦੇ ਹਨ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਪ੍ਰਾਪਤ ਕਰਦੇ ਹਨ।

-0-

पेज 35 का शेष

## भाई मनी सिंघ जी शहीद - शहादत की अदभुत गाथा

आवश्यक्ता नहीं है, तुम अपना काम करो। ज ब जल्लाद कलाई पकड़ कर काटने लगा तो भाई साहिब जी ने उसे रोक दिया और कहा जल्लाद या तो तुझे समझ नहीं आई या फिर तुम अपना काम भूल गए हो, तुझे बंद बंद (हड्डी का प्रत्येक जोड़) काटने के लिए कहा गया है। इस लिए पहला जोड़ कलाई से नहीं, अंगुलिओं के पोर पर बनता है। इस बंद से पहले, कितने बंद बनते हैं। इस लिए अंगुलिओं से शुरू कर फिर आप अंतर्ध्यान हो गये और अपनी वृति प्रभु से लगा ली।

हरि के सेवक जो हरि भाए तिन् की कथा निरारी रे।।

(पन्ना 855)

जो मनुष्य प्रभु की भक्ति करते हैं और प्रभु को प्रिय लगते हैं उनकी बात (गाथा) सारे जगत संसार से निराली है।

यह कैसी अवस्था है

पहिलां मरणु कबूलि जीवण की छडि आस।। (पन्ना 1102)

ईश्वर की तरफ से संदेश है– हे मनुष्य! तू तभी मेरे निकट आ सकता है, अगर पहले तुझे मरना कबूल हो और जीने की कोई इच्छा ना हो।

भगत कबीर जी फुरमाते हैं:

सूरा सो पहिचानीऐ जु लरै दीन के हेत।।

पुरजा पुरजा कटि मरै कबहू न छाडै खेतु।। (1105)

वह मनुष्य ही सही मायनों में शूरवीर है, जो गरीबों के लिए लड़ता है। उनके लिए लड़ता–लड़ता, वह टुकड़े टुकड़े हो कर (बंद बंद कटवाकर) मर जाता है, परन्तु युद्ध का मैदान कभी नहीं छोड़ता भाव अपनी जान बचाने के लिए गरीब की पकड़ी हुई बाजू नहीं छोड़ता।

भाई मनी सिंघ जी का पोटा–पोटा बंद–बंद काट कर शहीद किया जा रहा है,परन्तु आप गुरू कृपा, सिमरन और बाणी के नितनेम का सदका, अडोल बैठकर शहीदी जाम पी गए। ऐसा लगता है जैसे यह उपरोक्त गुरबाणी के एक एक शब्द पर अमल कर रहें हों और दर्दनाक मौत उनसे डर कर दूर कहीं भाग गई हो। आप जी के पंचभूत शरीर में से पवित्र आत्मा निकल कर परमात्मा में समा गई।

ताज्जुब की बात यह है कि भाई मनी सिंघ जी तो गुरू साहिब की शिक्षाओं पर चलते हुए शहीदी प्राप्त कर गए, लेकिन उनका परिवार भी पीछे नहीं रहा। इतिहास पढ़ने से पता चलता है कि इस परिवार को गुरूघर से कितना प्रेम और लगाव था। भाई मनी सिंघ जी के 12 भाई हुए, जिनमें 12 के 12 की शहीदी हुई, 10 पुत्र हुए जिन में से 7 पुत्र शहीद। इन्हीं पुत्रों में से एक पुत्र थे, भाई बचित्र सिंघ, जिन्होंने नागणी बरछे से हाथी का मुकाबला किया था। दूसरा पुत्र उदय सिंघ, जो केसरी चंद का सिर काट कर लाया था। 14 पौत्र भी शहीद, भाई मनी सिंघ जी के 13 भतीजे शहीद और 9 चाचा शहीद, जिन्होंने छठे पातशाह जी की पुत्री बीबी वीरो जी की शादी के समय, जब मुगल फौजों ने हमला कर दिया तो जिस सिख ने शाही काज़ी का मुकाबला करके मौत के घाट उतारा था, वह मनी सिंघ जी के दादा जी थे। दादा जी के 5 भाई, जिन्होंने भी शहीदी दी। ससुर लक्खी शाह वणजारा, जिसने गुरू तेग बहादर जी के धड़ का अंतिम संस्कार, अपने घर को आग लगा कर किया, वह भी शहीद हुए।

ऐसे गुरू जी के प्यारे जो स्वयं और अपने परिवार को गुरू पर कुर्बान कर देते हैं, उनके जीवन से शिक्षा तथा मार्गदर्शन लेकर, हमें भी स्वयं को गुरू जी के आगे न्योछावर करना चाहिए। धन्य है भाई मनी सिंघ जी शहीद और निराली है, उनकी शहादत की गाथा। —0—

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਕੁੱਬਾ ਦੇ ਪਿੰਡ ਪ੍ਰਿਥੀਪੁਰ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਕਾਲੇਵਾਲ ਲੱਲੀਆਂ ਵਿਖੇ ਪੰਜਵੇਂ ਪਾਤਸ਼ਾਹ ਦੇ ਸ਼ਹੀਦੀ ਗੁਰਪੁਰਬ ਉਪਰੰਤ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।



ਕੇਂਦਰ ਰਾਮੂੰਵਾਲਾ ਦੇ ਪਿੰਡ ਡਾਲਾ ਦੇ ਗੁਰਦੁਆਰਾ ਸਾਹਿਬ ਵਿਖੇ ਲੱਗ ਰਹੀ ਸੰਗਤ ਦੀ ਗੁਰਬਾਣੀ ਸੰਥਿਆ ਦੀ ਕਲਾਸ।



ਕੇਂਦਰ ਪਟਿਆਲਾ ਦੇ ਫਤਹਿਗੜ੍ਹ ਸਾਹਿਬ ਵਿਖੇ ਲੱਗ ਰਹੀ ਬੱਚਿਆਂ ਗੁਰਮਤਿ ਕਲਾਸ।



ਪਿੰਡ ਸੁਰਸਿੰਘ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਗਾਂਧੀਧਾਮ (ਗੁਜਰਾਤ) ਪ੍ਰਚਾਰਕ ਭਾਈ ਜਸਪ੍ਰੀਤ ਸਿੰਘ ਸੰਗਤ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ।



ਕੇਂਦਰ ਚੋਹਲਾ ਸਾਹਿਬ ਵਿਖੇ ਲੱਗ ਰਹੀ ਬੱਚਿਆਂ ਦੀ ਧਾਰਮਿਕ ਕਲਾਸ।



ਕੇਂਦਰ ਪਰਿੰਗੜੀ ਵਿਖੇ ਮਾਝੇ ਜ਼ੋਨ ਦੇ ਬੱਚਿਆਂ ਨੂੰ ਵਜੀਫਾ ਵੰਡਣ ਉਪਰੰਤ ਕੇਂਦਰ ਦੇ ਪ੍ਰਬੰਧਕ ਵੀਰ ਕੈਪਟਨ ਅਵਤਾਰ ਸਿੰਘ ਨਾਲ।







ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ ਪੰਥਕ ਅਸੈਂਬਲੀ ਦੌਰਾਨ ਸਿੱਖ ਕੌਮ ਅਤੇ ਪੰਜਾਬ ਦੇ ਮੁੱਦਿਆਂ ਪ੍ਰਤੀ ਹੋਈ ਪੰਥ ਦਰਦੀਆਂ ਦੀ ਇਕੱਤਰਤਾ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ।

RNI No.: PUNMUL/2019/78309 Postal Regd. No.: LDC/0786/2021-23 (31-12-2023) Postal Date: 5th of every month




# ਗੁਰਮਤਿ ਗਿਆਨ ਮਿਸ਼ਨਰੀ ਕਾਲਜ

# ਦਾਖਲਾ ਨੋਟਿਸ

## ਪ੍ਰਚਾਰਕ ਦਾ ਢਾਈ ਸਾਲਾ ਡਿਪਲੋਮਾ ਕੋਰਸ

(2 ਸਾਲ ਕਾਲਜ ਵਿਖੇ ਅਤੇ 6 ਮਹੀਨੇ ਫੀਲਡ ਟ੍ਰੇਨਿੰਗ) ਲਈ ਦਾਖਲਾ ਸ਼ੁਰੂ ਹੈ।)

**ਯੋਗਤਾ :** 10+2 ਪਾਸ, ਵੱਧ ਪੜ੍ਹੇ ਲਿਖੇ ਨੂੰ ਤਰਜੀਹ, ਖਾਸ ਹਾਲਤਾਂ ਵਿਚ ਮੈਟ੍ਰਿਕ ਪਾਸ।

**ਉਮਰ :** 18 ਤੋਂ 28 ਸਾਲ।

ਦਾਖਲੇ ਵਾਲੇ ਚਾਹਵਾਨ ਉਮੀਦਵਾਰ 10 ਜੂਨ ਤੋਂ 10 ਜੁਲਾਈ 2021 (ਸੋਮਵਾਰ ਤੋਂ ਸ਼ਨੀਵਾਰ) ਤਕ ਸਵੇਰੇ 9 ਵਜੇ ਤੋਂ ਦੁਪਹਿਰ 12 ਵਜੇ ਦਰਮਿਆਨ, ਕਾਲਜ ਵਿਖੇ ਆਪਣੇ ਅਸਲੀ ਸਰਟੀਫਿਕੇਟ ਅਤੇ 2 ਫੋਟੋਆਂ ਲੈ ਕੇ ਆਪਣੇ ਖਰਚੇ ਉਤੇ ਕਾਲਜ ਦੇ ਪਤੇ 'ਤੇ ਪਹੁੰਚ ਸਕਦੇ ਹਨ।

## ਇਕ ਸਾਲ ਦਾ ਗਰੰਥੀ ਸਿੰਘ ਦਾ ਕੋਰਸ

**ਯੋਗਤਾ :** 10ਵੀਂ ਪਾਸ, ਖਾਸ ਹਾਲਤ ਵਿਚ ਘੱਟ ਯੋਗਤਾ ਵਾਲੇ ਨੂੰ ਵੀ ਵਿਚਾਰਿਆ ਜਾ ਸਕਦਾ ਹੈ।

**ਉਮਰ :** ਘੱਟੋ-ਘੱਟ 18 ਤੋਂ ਉੱਪਰ।

**ਨੋਟ:**
1. ਯੋਗ ਵਿਦਿਆਰਥੀਆਂ ਨੂੰ ਸਿਖਲਾਈ ਉਪਰੰਤ ਯੋਗ ਥਾਵਾਂ 'ਤੇ ਪ੍ਰਚਾਰਕ ਨਿਯੁਕਤ ਕੀਤਾ ਜਾਂਦਾ ਹੈ।
2. ਗੁਰਮਤਿ ਕੋਰਸ ਕਰ ਚੁੱਕੇ ਡਿਊਟੀ ਦੇ ਚਾਹਵਾਨ ਪ੍ਰਚਾਰਕ ਵੀਰ ਸੇਵਾ ਲਈ ਸੰਪਰਕ ਕਰਨ।

ਟ੍ਰੇਨਿੰਗ ਦੌਰਾਨ ਪੜ੍ਹਾਈ, ਰਿਹਾਇਸ਼, ਲੰਗਰ ਅਤੇ ਹੋਰ ਜ਼ਰੂਰੀ ਚੀਜ਼ਾਂ ਦਾ ਪ੍ਰਬੰਧ ਕਾਲਜ ਵਲੋਂ ਫ੍ਰੀ ਕੀਤਾ ਜਾਵੇਗਾ।

ਦਾਖਲਾ ਫੀਸ 2000/- ਕਿਤਾਬਾਂ 3500/-

ਸੰਪਰਕ ਕਰੋ: 99155-29725, 98555-98855, 98555-98849

## ਗੁਰਮਤਿ ਗਿਆਨ ਮਿਸ਼ਨਰੀ ਕਾਲਜ

ਪੰਜਾਬੀ ਬਾਗ, ਜਵੱਦੀ, ਲੁਧਿਆਣਾ ਫੋਨ: 0161-2521700, 98146-35655

Email: gurmatgian@rediffmail.com Website: gurmatgian.org